ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 12 | Issue 55 | 25 to 31 January, 2023 | Ph.: (510) 240-5949 | Email: asrtimes@gmail.com

# ਬੀ.ਬੀ.ਸੀ. ਡਾਕੂਮੈਂਟਰੀ ਨੂੰ ਭਾਰਤ 'ਚ ਬਲੌਕ ਕਰਨ ਦੇ ਬਾਵਜੂਦ ਵਿਵਾਦ ਭਖਿਆ

## ਦੂਜਾ ਐਪੀਸੋਡ ਦਿੱਲੀ 'ਚ ਲਿੰਚਿੰਗ, ਧਾਰਾ 370, ਸੀ.ਏ.ਏ. ਅਤੇ ਫਿਰਕੂ ਹਿੰਸਾ ਦੇ ਸਬੰਧਾਂ ਨੂੰ ਭਾਜਪਾ ਸਰਕਾਰ ਨਾਲ ਵਿਖਾਉਂਦਾ ਹੈ

## 'ਦ ਮੋਦੀ' ਸਵਾਲ ਦਾ ਐਪੀਸੋਡ ਬੀਬੀਸੀ-ਟੂ, ਯੂ.ਕੇ. ਵਿੱਚ ਪ੍ਰਸਾਰਿਤ

ਸਰਬਜੀਤ ਕੌਰ ਸਰਬ




ਮੋਦੀ ਸਰਕਾਰ ਨੇ ਦਸਤਾਵੇਜ਼ੀ ਫਿਲਮ ਨੂੰ ਖਾਰਜ ਕਰ ਦਿੱਤਾ ਹੈ, ਜਿਸ ਵਿੱਚ 2002 'ਚ ਉਸਦੇ ਗ੍ਰਹਿ ਰਾਜ ਗੁਜਰਾਤ ਵਿੱਚ ਮਾਰੂ ਦੰਗਿਆਂ ਦੌਰਾਨ ਉਸਦੀ ਲੀਡਰਸ਼ਿਪ 'ਤੇ ਸਵਾਲ ਉਠਾਏ ਗਏ ਸਨ। ਦਸਤਾਵੇਜ਼ੀ ਫਿਲਮ ਦੇ 'ਪ੍ਰਚਾਰ ਤੇ ਇਸਦੇ ਪ੍ਰਸਾਰਣ' 'ਤੇ ਰੋਕ ਲਾ ਦਿੱਤੀ ਹੈ। ਇਸ ਦੇ ਨਾਲ ਹੀ ਦੇਸ਼ ਵਿੱਚ ਸੋਸ਼ਲ ਮੀਡੀਆ ਦੁਆਰਾ ਕਿਸੇ ਵੀ ਕਲਿੱਪ ਨੂੰ ਸਾਂਝਾ ਕਰਨ 'ਤੇ ਵੀ ਰੋਕ ਲਗਾ ਦਿੱਤੀ ਗਈ ਹੈ।

ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਇੱਕ ਸੀਨੀਅਰ ਸਲਾਹਕਾਰ ਨੇ ਕਿਹਾ ਕਿ ਦਸਤਾਵੇਜ਼ੀ ਫਿਲਮ ਨੂੰ ਰੋਕਣ ਦੇ ਨਿਰਦੇਸ਼ ਭਾਰਤ ਦੇ ਸੂਚਨਾ ਅਤੇ ਤਕਨਾਲੋਜੀ ਨਿਯਮਾਂ ਦੇ ਤਹਿਤ ਸਰਕਾਰ ਨੂੰ ਉਪਲਬਧ 'ਐਮਰਜੈਂਸੀ ਸ਼ਕਤੀਆਂ' ਦੀ ਵਰਤੋਂ ਕਰਦੇ ਹੋਏ, ਜਾਰੀ ਕੀਤੇ ਗਏ ਸਨ।

ਇਹ ਫਿਲਮ ਗੁਜਰਾਤ 'ਚ ਦੰਗਿਆਂ ਦੇ ਅਸਲ ਸੱਚ ਨੂੰ ਸਾਹਮਣੇ ਲੈ ਕੇ ਆਈ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਗੁਜਰਾਤ ਦੰਗੇ ਭਾਰਤ ਦੇ ਇਤਿਹਾਸ ਦੇ ਸਭ ਤੋਂ ਭੈੜੇ ਧਾਰਮਿਕ ਕਤਲੇਆਮ ਵਿੱਚੋਂ ਇੱਕ ਸੀ, ਜਿੱਥੇ ਭੀੜ ਨੇ ਬਾਅਦ ਵਿੱਚ ਰਾਜ ਭਰ ਵਿੱਚ ਮੁਸਲਿਮ ਇਲਾਕਿਆਂ ਵਿੱਚ ਭੰਨਤੋੜ ਕੀਤੀ, ਦਰਜਨਾਂ ਔਰਤਾਂ ਨੂੰ ਮਾਰਿਆ ਅਤੇ ਬਲਾਤਕਾਰ ਕੀਤਾ। ਇਸ ਸੱਚ ਨੂੰ ਬਿਆਨ ਕਰਦੀ ਬੀਬੀਸੀ ਦੀ ਦੋ ਭਾਗਾਂ ਵਾਲੀ ਦਸਤਾਵੇਜ਼ੀ ਫਿਲਮ ਵਿੱਚ ਅਣਪਛਾਤੇ ਸਰੋਤਾਂ ਦੇ ਹਵਾਲੇ ਨਾਲ ਇੱਕ ਪਹਿਲਾਂ ਵਰਗੀਕ੍ਰਿਤ ਬ੍ਰਿਟਿਸ਼ ਵਿਦੇਸ਼ ਮੰਤਰਾਲੇ ਦੀ ਰਿਪੋਰਟ ਦਾ ਹਵਾਲਾ ਦਿੱਤਾ ਗਿਆ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਮੋਦੀ ਨੇ ਸੀਨੀਅਰ ਪੁਲਿਸ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਮੁਸਲਮਾਨਾਂ ਉੱਤੇ ਹੋਏ ਹਮਲਿਆਂ ਵਿੱਚ 'ਦਖਲ ਨਾ ਦੇਣ' ਦੇ ਆਦੇਸ਼ ਦਿੱਤੇ। ਇਸ ਨੇ ਇਹ ਵੀ ਕਿਹਾ ਕਿ ਹਿੰਸਾ 'ਰਾਜਨੀਤਿਕ ਤੌਰ 'ਤੇ ਪ੍ਰੇਰਿਤ' ਸੀ ਅਤੇ ਇਸਦਾ ਉਦੇਸ਼ 'ਹਿੰਦੂ ਖੇਤਰਾਂ ਤੋਂ ਮੁਸਲਮਾਨਾਂ ਨੂੰ ਸਾਫ਼ ਕਰਨਾ ਸੀ'। ਇਹ ਸਿੱਟਾ ਕੱਢਿਆ ਗਿਆ ਹੈ ਕਿ 'ਰਾਜ ਸਰਕਾਰ ਦੁਆਰਾ ਬਣਾਏ ਗਏ ਦੰਡ ਦੇ ਮਾਹੌਲ ਤੋਂ ਬਿਨਾਂ ਦੰਗੇ ਅਸੰਭਵ ਸਨ...

(ਬਾਕੀ ਸਫ਼ਾ 29 'ਤੇ)

### ਜੇ.ਐਨ.ਯੂ. 'ਚ ਡਾਕੂਮੈਂਟਰੀ ਦੀ ਸਕਰੀਨਿੰਗ ਦੌਰਾਨ ਵਿਦਿਆਰਥੀਆਂ 'ਤੇ ਪਥਰਾਅ

ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿੱਚ ਦਸਤਾਵੇਜ਼ੀ ਫਿਲਮ 'ਇੰਡੀਆ : ਦੀ ਮੋਦੀ ਕੁਵਸ਼ਚਨ' ਦੀ ਸਕਰੀਨਿੰਗ ਦੌਰਾਨ ਵਿਦਿਆਰਥੀਆਂ ਉੱਤੇ ਪਥਰਾਅ ਹੋਇਆ । ਰੋਸ ਵਜੋਂ ਵਿਦਿਆਰਥੀਆਂ ਨੇ ਮਾਰਚ ਦੇ ਰੂਪ ਵਿੱਚ ਜੇ. ਐਨ. ਯੂ. ਗੇਟ ਤੱਕ ਪ੍ਰਦਰਸ਼ਨ ਕੀਤਾ। ਕੇਂਦਰ ਸਰਕਾਰ ਵਲੋਂ ਯੂਟਿਊਬ ਅਤੇ ਟਵਿੱਟਰ ਤੋਂ ਇਹ ਲਿੰਕ

(ਬਾਕੀ ਸਫ਼ਾ 29 'ਤੇ)

### ਬੀਬੀਸੀ ਲੜੀ ਵਿਵਾਦ ਸਬੰਧੀ ਆਨਲਾਈਨ ਪਟੀਸ਼ਨ 'ਚ ਨਿਰਪੱਖ ਜਾਂਚ ਦੀ ਮੰਗ

ਲੰਡਨ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਬੀਬੀਸੀ ਦੀ ਵਿਵਾਦਿਤ ਦਸਤਾਵੇਜ਼ੀ ਲੜੀ ਨੂੰ ਲੈ ਕੇ ਪਏ ਰੌਲੇ-ਰੱਪੇ ਦਰਮਿਆਨ ਯੂਕੇ ਵਿੱਚ ਇਕ ਨਵੀਂ ਆਨਲਾਈਨ ਪਟੀਸ਼ਨ ਰਾਹੀਂ ਬੀਬੀਸੀ ਵੱਲੋਂ ਸਰਕਾਰੀ ਬਰਾਡਕਾਸਟਰ ਵਜੋਂ ਆਪਣੇ ਫ਼ਰਜ਼ ਨਿਭਾਉਣ ਵਿੱਚ ਕੀਤੀ 'ਗੰਭੀਰ ਕੁਤਾਹੀ' ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਗਈ ਹੈ। ਇਸ ਆਨਲਾਈਨ ਪਟੀਸ਼ਨ

(ਬਾਕੀ ਸਫ਼ਾ 29 'ਤੇ)

## ਬੀ.ਬੀ.ਸੀ. ਡਾਕੂਮੈਂਟਰੀ ਬਾਰੇ ਸਰਕਾਰ ਤੇ ਵਿਰੋਧੀ ਧਿਰਾਂ ਵਿਚ ਛਿੜਿਆ ਵਿਵਾਦ

### ਪਾਬੰਦੀ ਦੇ ਬਾਵਜੂਦ ਹੈਦਰਾਬਾਦ ਸੈਂਟਰਲ ਯੂਨੀਵਰਸਿਟੀ ਤੇ ਕੇਰਲਾ ਦੇ ਸ਼ਹਿਰਾਂ 'ਚ ਦਸਤਾਵੇਜ਼ੀ ਵਿਖਾਈ

### ਕਈਆਂ ਲਈ ਗੋਰੇ ਸ਼ਾਸਕ ਅੱਜ ਵੀ ਉਨ੍ਹਾਂ ਦੇ ਮਾਲਕ : ਰਿਜਿਜੂ

### ਸੱਚ ਨੂੰ ਸਾਹਮਣੇ ਆਉਣ ਤੋਂ ਨਹੀਂ ਰੋਕਿਆ ਜਾ ਸਕਦਾ :ਰਾਹੁਲ ਗਾਂਧੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ 2002 ਗੁਜਰਾਤ ਦੰਗਿਆਂ ਬਾਰੇ ਬੀਬੀਸੀ ਦਸਤਾਵੇਜ਼ੀ 'ਇੰਡੀਆ: ਦਿ ਮੋਦੀ ਕੁਐਸਚਨ' ਨੂੰ ਲੈ ਕੇ ਛਿੜਿਆ ਵਿਵਾਦ ਭਖਣ ਲੱਗਾ ਹੈ। ਸਰਕਾਰ ਵੱਲੋਂ ਲਾਈ ਪਾਬੰਦੀ ਦੇ ਬਾਵਜੂਦ ਹੈਦਰਾਬਾਦ ਦੀ ਕੇਂਦਰੀ ਯੂਨੀਵਰਸਿਟੀ ਵਿੱਚ ਸੋਮਵਾਰ ਰਾਤ ਨੂੰ ਅਤੇ ਕੇਰਲਾ ਰਾਜ ਵਿੱਚ ਅੱਜ ਵੱਖ ਵੱਖ ਥਾਈਂ ਇਹ ਦਸਤਾਵੇਜ਼ੀ ਵਿਦਿਆਰਥੀਆਂ ਤੇ ਆਮ ਲੋਕਾਂ ਨੂੰ ਵਿਖਾਈ ਗਈ। ਵਿਰੋਧੀ ਪਾਰਟੀਆਂ ਨੇ ਦਸਤਾਵੇਜ਼ੀ 'ਤੇ ਲਾਈ 'ਸੈਂਸਰਸ਼ਿਪ' ਲਈ ਸਰਕਾਰ ਨੂੰ ਭੰਡਿਆ। ਕੁਝ ਆਗੂਆਂ ਨੇ ਦਸਤਾਵੇਜ਼ੀ ਦੇ ਲਿੰਕ ਅੱਗੇ ਰੀਪੋਸਟ ਕੀਤੇ, ਜਿਸ ਤੱਕ ਵੀਪੀਐੱਨ ਜ਼ਰੀਏ ਪਹੁੰਚ ਕੀਤੀ ਜਾ ਸਕਦੀ ਹੈ। ਵਿਰੋਧੀ ਧਿਰਾਂ ਨੇ ਦਾਅਵਾ ਕੀਤਾ ਕਿ ਦਸਤਾਵੇਜ਼ੀ 'ਤੇ ਲਾਈ ਪਾਬੰਦੀ ਤੋਂ ਸਾਫ਼ ਹੈ ਕਿ 2002 ਫਿਰਕੂ ਹਿੰਸਾ ਅਜੇ ਵੀ ਪ੍ਰਧਾਨ ਮੰਤਰੀ ਮੋਦੀ ਤੇ ਭਾਜਪਾ ਨੂੰ ਸਤਾਉਂਦੀ ਹੈ। ਕੇਂਦਰ ਦੀ ਭਾਜਪਾ ਸਰਕਾਰ ਨੇ ਪਿਛਲੇ ਹਫ਼ਤੇ ਦਸਤਾਵੇਜ਼ੀ ਨੂੰ 'ਕੂੜ ਪ੍ਰਚਾਰ ਲਈ ਘੜਿਆ ਝੂਠਾ ਬਿਰਤਾਂਤ' ਕਰਾਰ ਦਿੱਤਾ ਸੀ।ਜਵਾਹਰਲਾਲ ਨਹਿਰੂ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਜੇਐੱਨਯੂ ਵਿਦਿਆਰਥੀ ਯੂਨੀਅਨ ਨੂੰ ਕੈਂਪਸ ਵਿੱਚ ਦਸਤਾਵੇਜ਼ੀ ਦੀ ਸਕਰੀਨਿੰਗ ਤੋਂ ਰੋਕੇ ਜਾਣ ਤੋਂ ਇਕ ਦਿਨ ਮਗਰੋਂ ਕੇਰਲਾ ਵਿੱਚ ਸੱਤਾਧਾਰੀ ਸੀਪੀਐੱਮ ਤੇ ਵਿਰੋਧੀ ਧਿਰ ਕਾਂਗਰਸ ਦੇ ਘੱਟਗਿਣਤੀ ਵਿੰਗ ਨੇ ਗਣਤੰਤਰ ਦਿਵਸ ਮੌਕੇ ਰਾਜ ਦੇ 14 ਜ਼ਿਲ੍ਹਿਆਂ ਵਿੱਚ ਦਸਤਾਵੇਜ਼ੀ ਵਿਖਾਉਣ ਦਾ ਐਲਾਨ ਕੀਤਾ ਸੀ। ਭਾਜਪਾ ਦੀ ਕੇਰਲ ਇਕਾਈ ਦੇ ਪ੍ਰਧਾਨ ਕੇ ਸੁਰੇਂਦਰ ਨੇ ਮੁੱਖ ਮੰਤਰੀ ਪਿਨਾਰਈ ਵਿਜਯਨ ਨੂੰ ਪੱਤਰ ਲਿਖ ਕੇ ਬੀਬੀਸੀ ਦਸਤਾਵੇਜ਼ੀ ਨੂੰ 'ਜਮਹੂਰੀਅਤ ਤੇ ਦੇਸ਼ੀ ਦੀ ਨਿਆਂਪਾਲਿਕਾ ਦਾ ਨਿਰਾਦਰ ਦੱਸਦੇ ਹੋਏ ਸਕਰੀਨਿੰਗ ਦੀ ਇਜਾਜ਼ਤ ਨਾ ਦੇਣ ਦੀ ਮੰਗ ਕੀਤੀ ਸੀ। ਵਿਰੋਧ ਦੇ ਬਾਵਜੂਦ ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ (ਐੱਸਐੱਫਆਈ) ਸਣੇ ਕਈ ਸਿਆਸੀ ਦਲਾਂ ਵੱਲੋਂ ਅੱਜ ਕੇਰਲ ਦੇ ਕਈ ਸ਼ਹਿਰਾਂ ਵਿੱਚ ਦਸਤਾਵੇਜ਼ੀ ਦਿਖਾਈ ਗਈ। ਭਾਜਪਾ ਦੇ ਯੂਥ ਵਿੰਗ ਨੇ ਇਸ

(ਬਾਕੀ ਸਫ਼ਾ 29 'ਤੇ)

# ਗਣਤੰਤਰ ਦਿਵਸ ਮੌਕੇ ਪੰਜਾਬ ਦੀ ਝਾਕੀ ਸ਼ਾਮਲ ਨਹੀਂ ਹੋਵੇਗੀ ਵਿਰੋਧੀ ਪਾਰਟੀਆਂ ਨੇ ਦੱਸਿਆ ਪੰਜਾਬ ਨਾਲ ਵਿਤਕਰਾ, ਕੇਂਦਰ ਦੀ ਨਿੰਦਾ

### ਅਕਾਲੀ ਦਲ ਨੇ ਪੰਜਾਬ ਸਰਕਾਰ ਨੂੰ ਕੇਂਦਰ ਕੋਲ ਮਾਮਲਾ ਮੁੜ ਉਠਾਉਣ ਲਈ ਕਿਹਾ

### ਕੇਂਦਰ ਨੇ ਕਿਹਾ ਝਾਕੀਆਂ ਦੀ ਚੋਣ 'ਚ ਕਿਸੇ ਸੂਬੇ ਨਾਲ ਕੋਈ ਵਿਤਕਰਾ ਨਹੀਂ, ਆਪ ਤੇ ਅਕਾਲੀ ਦਲ ਦੇ ਦੋਸ਼ਾਂ ਨੂੰ ਕੀਤਾ ਖਾਰਜ

ਜਲੰਧਰ-ਪੰਜਾਬ ਸਰਕਾਰ ਨੇ ਗਣਤੰਤਰ ਦਿਵਸ ਪਰੇਡ ਵਿਚੋਂ ਸੂਬੇ ਦੀ ਝਾਕੀ ਨੂੰ ਬਾਹਰ ਕੀਤੇ ਜਾਣ 'ਤੇ ਕੇਂਦਰ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਹੈ। ਵਿਰੋਧੀ ਧਿਰਾਂ ਨੇ ਵੀ ਕੇਂਦਰ ਦੇ ਇਸ ਫ਼ੈਸਲੇ ਨੂੰ ਆੜੇ ਹੱਥੀਂ ਲੈਂਦਿਆਂ ਇਕਮੁੱਠਤਾ ਦਿਖਾਈ ਹੈ। ਪੰਜਾਬ ਦੀਆਂ ਝਾਕੀਆਂ ਨੂੰ ਇਸ ਤੋਂ ਪਹਿਲਾਂ ਸਾਲ 2017 ਵਿਚ ਗਣਤੰਤਰ ਦਿਵਸ ਪਰੇਡ 'ਵਿਚ ਸ਼ਾਮਲ ਨਹੀਂ ਕੀਤਾ ਗਿਆ ਸੀ। ਪੰਜਾਬ ਦੀ ਆਜ਼ਾਦੀ ਸੰਗਰਾਮ ਵਿਚ ਭੂਮਿਕਾ ਦੇ ਮੱਦੇਨਜ਼ਰ ਸੂਬੇ ਨੂੰ ਹਮੇਸ਼ਾ ਤਰਜੀਹ ਮਿਲਦੀ ਰਹੀ ਹੈ। ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਦੇ ਇਸ ਕਦਮ ਨੂੰ ਵਿਤਕਰੇ ਭਰਿਆ ਰਵੱਈਆ ਦੱਸਿਆ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਖ਼ਤ ਲਫ਼ਜ਼ਾਂ ਵਿਚ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜਾਣ ਬੁੱਝ ਕੇ ਗਣਤੰਤਰ ਦਿਵਸ ਪਰੇਡ 'ਚੋਂ ਪੰਜਾਬ ਦੀ ਝਾਕੀ ਨੂੰ ਬਾਹਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵਰ੍ਹਿਆਂ ਤੋਂ ਪੰਜਾਬ ਦੇ ਅਮੀਰ ਸੱਭਿਆਚਾਰ ਅਤੇ ਵਿਕਾਸ ਨੂੰ ਗਣਤੰਤਰ ਦਿਵਸ ਪਰੇਡ ਮੌਕੇ ਪੇਸ਼ ਕੀਤਾ ਜਾਂਦਾ ਰਿਹਾ ਹੈ ਪ੍ਰੰਤੂ ਐਤਕੀਂ ਕੇਂਦਰ ਸਰਕਾਰ ਨੇ ਵਿਤਕਰੇ ਭਰਿਆ ਕਦਮ ਚੁੱਕ ਕੇ ਪੰਜਾਬ ਨੂੰ ਅਣਗੌਲਿਆ ਕਰ ਦਿੱਤਾ ਹੈ। ਕੇਂਦਰ ਸਰਕਾਰ ਦੇ ਇਸ ਰਵੱਈਏ ਦੀ ਬਦੌਲਤ ਪੰਜਾਬ ਦਾ ਆਜ਼ਾਦੀ ਸੰਗਰਾਮ



ਵਿਚ ਯੋਗਦਾਨ ਪਰੇਡ 'ਚ ਨਜ਼ਰਅੰਦਾਜ਼ ਹੋਵੇਗਾ।ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਦੀ ਝਾਕੀ ਨੂੰ ਗਣਤੰਤਰ ਦਿਵਸ ਪਰੇਡ ਵਿਚ ਸ਼ਾਮਲ ਕਰਾਉਣ ਲਈ ਕੇਂਦਰ ਸਰਕਾਰ ਕੋਲ ਮਾਮਲਾ ਉਠਾਇਆ ਜਾਵੇ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਇਸ ਫ਼ੈਸਲੇ ਨੂੰ ਮੁੜ ਵਿਚਾਰਿਆ ਜਾਵੇ। ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਅਜਿਹਾ ਕਰਕੇ ਧਰੋਹ ਕੀਤਾ ਹੈ ਜਿਸ ਕਰਕੇ ਪੰਜਾਬ ਆਪਣਾ ਸਭਿਆਚਾਰ ਤੇ ਇਤਿਹਾਸ ਪਰੇਡ ਮੌਕੇ ਦਿਖਾ ਨਹੀਂ ਸਕੇਗਾ। ਦੱਸਣਯੋਗ ਹੈ ਕਿ ਕੇਂਦਰ ਸਰਕਾਰ ਨੇ 74ਵੇਂ ਗਣਤੰਤਰ

(ਬਾਕੀ ਸਫ਼ਾ 29 'ਤੇ)

# ਬ੍ਰਿਟਿਸ਼ ਸਿੱਖ ਸਕੂਲ ਵਿੱਚ ਇਨਕਮ ਟੈਕਸ ਵਿਭਾਗ ਦਾ ਛਾਪਾ, ਸਿੱਖੀ ਦੇ ਪ੍ਰਚਾਰ ਨੂੰ ਰੋਕਣ ਦਾ ਸਰਕਾਰੀ ਯਤਨ

## ਸਰਕਾਰ ਘਿਨਾਉਣੀਆਂ ਕਾਰਵਾਈਆਂ ਤੋਂ ਬਾਜ ਆਵੇ : ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ.



ਲੰਡਨ/ਏ.ਟੀ.ਨਿਊਜ਼ :- ਬ੍ਰਿਟਿਸ਼ ਸਿੱਖ ਕੌਂਸਲ ਦੇ ਮੁਖੀ ਭਾਈ ਤਰਸੇਮ ਸਿੰਘ ਦਿਓਲ ਵੱਲੋਂ ਪੰਜਾਬ ਦੇ ਪਿੰਡ ਖੋਜੇਵਾਲ ਵਿੱਚ ਚਲਾਏ ਜਾ ਰਹੇ ਬ੍ਰਿਟਿਸ਼ ਸਿੱਖ ਸਕੂਲ ਵਿੱਚ ਇਨਕਮ ਟੈਕਸ ਵੱਲੋਂ ਮਾਰੀ ਗਈ ਰੇਡ ਬਹੁਤ ਹੀ ਨਿਖੇਧੀਜਨਕ ਵਰਤਾਰਾ ਹੈ। ਇਨਕਮ ਟੈਕਸ ਵਿਭਾਗ ਦੀ ਇਸ ਸਿੱਖ ਵਿਰੋਧੀ ਕਾਰਵਾਈ ਦੀ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨ ਵਲੋਂ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਹੈ । ਪਿਛਲੇ ਦਿਨੀਂ ਸਿੱਖੀ ਦੇ ਨਾਮ ਹੇਠ ਚਲਦੇ ਅਤੇ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਦੇ ਸਕੂਲ ਵਿੱਚ ਪੁਲਿਸ ਦੀਆਂ ਧਾੜਾਂ ਲੈ ਕੇ ਰੇਡ ਮਾਰਨੀ ਭਾਰਤ ਸਰਕਾਰ ਦਾ ਸਿੱਖ ਵਿਰੋਧੀ ਕਰੂਪ ਚਿਹਰਾ ਨੰਗਾ ਕਰਦੀ ਹੈ। ਬਰਤਾਨੀਆ ਵਿੱਚ ਅਜ਼ਾਦ ਰਾਜ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਦੇ ਕੋਆਰਡੀਨੇਟਰਜ਼ ਭਾਈ ਜੋਗਾ ਸਿੰਘ, ਭਾਈ ਕੁਲਦੀਪ ਸਿੰਘ ਚਹੇੜੂ ਅਤੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਬ੍ਰਿਟਿਸ਼ ਸਿੱਖ ਸਕੂਲ ਸਮੇਤ ਸਿੱਖੀ ਦੇ ਪ੍ਰਚਾਰ ਅਤੇ ਪਸਾਰ ਵਿੱਚ ਯੋਗਦਾਨ ਪਾਉਣ ਵਾਲੇ ਅਦਾਰਿਆਂ ਦਾ ਸਿੱਖ ਕੌਮ ਨੂੰ ਡੱਟ ਕੇ ਸਾਥ ਦੇਣ ਦੀ ਅਪੀਲ ਕੀਤੀ ਗਈ ਹੈ। ਕਿਉਂਕਿ ਦੁਸ਼ਮਣ ਧਿਰ ਹਰ ਹੀਲਾ ਵਰਤ ਕੇ ਸਿੱਖੀ ਤੇ ਮਾਰੂ ਹਮਲਾ ਕਰਨ ਲਈ ਕਾਰਜਸ਼ੀਲ ਹੈ। ਜਿਕਰਯੋਗ ਹੈ ਕਿ ਬ੍ਰਿਟਿਸ਼ ਸਿੱਖ ਕੌਂਸਲ ਜੋ ਕਿ ਇੰਗਲੈਂਡ ਦੀ ਸੰਸਥਾ ਹੈ, ਪਿਛਲੇ 20 ਸਾਲਾਂ ਤੋਂ ਭਾਰਤ ਅੰਦਰ ਸਮਾਜ ਸੇਵਾ ਦੇ ਕਾਰਜ ਕਰ ਰਹੀ ਹੈ। ਸਿਕਲੀਗਰਾਂ ਦੀ ਮਦਦ ਤੋਂ ਲੈ ਕੇ ਗਰੀਬਾਂ ਨੂੰ ਕੱਪੜੇ ਦੇਣ ਦੇ ਉਪਰਾਲੇ ਕਰਦੀ ਹੈ। ਪੰਜਾਬ ਵਿੱਚ ਈਸਾਈਅਤ ਦੇ ਵਧ ਰਹੇ ਖਤਰੇ ਨੂੰ ਭਾਂਪਦਿਆਂ ਅਤੇ ਸਿੱਖੀ ਦਾ ਪ੍ਰਚਾਰ ਕਰਨ ਲਈ 3 ਸਾਲ ਪਹਿਲਾਂ ਬ੍ਰਿਟਿਸ਼ ਸਿੱਖ ਕੌਂਸਲ ਵੱਲੋਂ ਬ੍ਰਿਟਿਸ਼ ਸਿੱਖ ਸਕੂਲ ਦੀ ਸਥਾਪਨਾ ਕੀਤੀ ਗਈ ਸੀ ਅਤੇ ਇਸ ਸਕੂਲ ਵਿੱਚ ਬੱਚਿਆਂ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ ਜਾਂਦਾ ਹੈ । ਪਿਛਲੇ ਸਮੇਂ ਵਿੱਚ ਬ੍ਰਿਟਿਸ਼ ਸਿੱਖ ਕੌਂਸਲ ਦੇ ਸੰਚਾਲਕ ਭਾਈ ਤਰਸੇਮ ਸਿੰਘ ਦਿਓਲ ਨੂੰ ਵੀਜ਼ਾ ਨਾ ਦੇ ਕੇ ਜਾਂ ਫਿਰ ਏਅਰਪੋਰਟ ’ਤੇ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਸੀ। ਪਰ ਕਿਸਾਨ ਮੋਰਚੇ ਵਿੱਚ

(ਬਾਕੀ ਸਫ਼ਾ 29 ’ਤੇ)

# ਕੈਨੇਡਾ ਦੇ ਰੈਡ ਡੀਅਰ ਸਿਟੀ ’ਚ ਇਕ ਪੁਰਾਣੀ ਚਰਚ ਗੁਰਦੁਆਰੇ ਵਿਚ ਤਬਦੀਲ



ਟੋਰਾਂਟੋ/ਏ.ਟੀ.ਨਿਊਜ਼ :- ਕੈਨੇਡਾ ਦੇ ਰੈਡ ਡੀਅਰ ਸਿਟੀ ਵਿਚ ਇਕ ਪੁਰਾਣੀ ਚਰਚ ਨੂੰ ਗੁਰਦੁਆਰੇ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਇੱਥੇ ਰਹਿਣ ਵਾਲੇ ਸਿੱਖ ਭਾਈਚਾਰੇ ਦੇ ਲੋਕ ਲੰਬੇ ਸਮੇਂ ਤੋਂ ਗੁਰਦੁਆਰਾ ਬਣਾਉਣ ਦੀ ਮੰਗ ਕਰ ਰਹੇ ਸਨ। ਇਸ ਨੂੰ ਗੁਰੂ ਨਾਨਕ ਦਰਬਾਰ ਗੁਰਦੁਆਰਾ ਨਾਂ ਦਿੱਤਾ ਗਿਆ ਹੈ। ਇਹ ਸੱਤੋਂ ਦਿਨ ਸਵੇਰੇ ਛੇ ਤੋਂ ਰਾਤ ਅੱਠ ਵਜੇ ਤਕ ਖੁੱਲ੍ਹਾ ਰਹੇਗਾ। ਇਲਾਕੇ ਵਿਚ ਰਹਿਣ ਵਾਲੇ 150 ਸਿੱਖ ਪਰਿਵਾਰਾਂ ਨੂੰ ਇਸ ਨਾਲ ਕਾਫੀ ਆਸਾਨੀ ਹੋਵੇਗੀ।

ਗੁਰਦੁਆਰਾ ਕਮੇਟੀ ਦੇ ਪ੍ਰਧਾਨ ਨੇ ਦੱਸਿਆ ਕਿ ਇਹ ਬੇਹੱਦ ਜ਼ਰੂਰੀ ਸੀ। ਸਾਡੇ ਕੋਲ ਕੋਈ ਅਜਿਹੀ ਜਗ੍ਹਾ ਨਹੀਂ ਸੀ, ਜਿੱਥੇ ਸਮਾਜ ਦੇ ਲੋਕ ਵੱਡੀ ਗਿਣਤੀ ਵਿਚ ਮਿਲ ਸਕਣ। ਅਸੀਂ ਪਿਛਲੇ 20 ਸਾਲਾਂ ਤੋਂ ਗੁਰਦੁਆਰਾ ਬਣਾਉਣ ਲਈ ਯਤਨ ਕਰ ਰਹੇ ਸੀ। ਵੱਡੀ ਗਿਣਤੀ ਵਿਚ ਲੋਕ ਕੈਲਗਰੀ, ਓਂਟਾਰੀਓ ਆਦਿ ਤੋਂ ਇੱਥੇ ਆ ਰਹੇ ਹਨ। ਗੁਰਦੁਆਰੇ ਵਿਚ ਕਾਫੀ ਵੱਡਾ ਬੇਸਮੈਂਟ ਅਤੇ ਰਸੋਈ ਹੈ। ਇੱਥੇ ਆਉਣ ਵਾਲੇ ਲੋਕਾਂ ਲਈ ਲੰਗਰ ਤਿਆਰ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇੱਥੇ ਰਹਿਣ ਵਾਲੇ ਲੋਕ ਨਹੀਂ ਜਾਣਦੇ ਕਿ ਪਗੜੀ ਕੀ ਹੈ। ਸਿੱਖ ਧਰਮ ਕੀ ਹੈ। ਹੁਣ ਘੱਟ ਤੋਂ ਘੱਟ ਉਹ ਸਾਨੂੰ ਜਾਣ ਸਕਣਗੇ।

# ਯੂਨੀਵਰਸਿਟੀ ਆਫ ਜਾਰਜੀਆ ਦੇ ਇਕ ਫੁੱਟਬਾਲ ਖਿਡਾਰੀ ਤੇ ਸਟਾਫ ਮੈਂਬਰ ਦੀ ਸੜਕ ਹਾਦਸੇ ’ਚ ਮੌਤ

## ਜਿੱਤ ਦੇ ਜਸ਼ਨ ਮਨਾਉਣ ਦੇ ਕੁਝ ਘੰਟਿਆਂ ਬਾਅਦ ਵਾਪਰਿਆ ਹਾਦਸਾ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਯੂਨੀਵਰਸਿਟੀ ਆਫ ਜਾਰਜੀਆ ਦੇ ਇਕ ਫੁੱਟਬਾਲ ਖਿਡਾਰੀ ਡੈਵਿਨ ਵਿਲਾਕ ਤੇ ਸਟਾਫ ਮੈਂਬਰ ਚੰਦਲਰ ਲੀਕਰੋਇ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ ਜਦ ਕਿ ਦੋ ਹੋਰ ਜ਼ਖਮੀ ਹੋ ਗਏ। ਯੂ ਜੀ ਏ ਅਥਲੈਟਿਕ ਐਸੋਸੀਏਸ਼ਨ ਵੱਲੋਂ ਜਾਰੀ ਬਿਆਨ ਅਨੁਸਾਰ ਉਹ ਨੈਸ਼ਨਲ ਚੈਂਪੀਅਨਸ਼ਿਪ ਦੀ ਜਿੱਤ ਦੀ ਖੁਸ਼ੀ ਮਨਾ ਕੇ ਪਰਤ ਰਹੇ ਸਨ ਕਿ ਉਨ੍ਹਾਂ ਦੀ ਕਾਰ ਹਾਦਸਾਗ੍ਰਸਤ ਹੋ ਗਈ। ਐਥਨਜ ਕਲਾਰਕ ਕਾਊਂਟੀ ਪੁਲਿਸ ਵਿਭਾਗ ਅਨੁਸਾਰ ਵਿਲਾਕ (20) ਤੇ ਲੀਕਰੋਇ (24) ਸਮੇਤ ਕਾਰ ਵਿਚ 4 ਲੋਕ ਸਵਾਰ ਸਨ। ਜਿਸ ਜਗਾ ਤੇ ਕਾਰ ਨੂੰ ਹਾਦਸਾ ਪੇਸ਼ ਆਇਆ ਉਹ ਐਥਨਜ ਵਿਚ ਯੂਨੀਵਰਸਿਟੀ ਕੈਂਪਸ ਤੋਂ ਜਿਆਦਾ ਦੂਰ ਨਹੀਂ ਹੈ। ਪੁਲਿਸ ਅਨੁਸਾਰ ਲੀਕਰੋਇ ਕਾਰ ਚਲਾ ਰਿਹਾ ਸੀ। ਕਾਰ ਸੜਕ ਤੋਂ ਉਤਰ ਕੇ ਬਿਜਲੀ ਦੇ ਖੰਭੇ ਨਾਲ ਟਕਰਾਉਣ ਤੋਂ ਬਾਅਦ ਦਰੱਖਤਾਂ ਨਾਲ ਜਾ ਵੱਜੀ। ਵਿਲਾਕ ਦੀ ਮੌਕੇ ਉਪਰ ਹੀ ਮੌਤ ਹੋ ਗਈ ਜਦ ਕਿ ਲੀਕਰੋਇ ਹਸਪਤਾਲ ਵਿਚ ਦਮ ਤੋੜ ਦਿੱਤਾ। ਹਾਦਸੇ ਵਿਚ ਇਕ ਔਰਤ ਸਮੇਤ ਜ਼ਖਮੀ ਹੋਏ ਦੋ ਹੋਰਨਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਨਾਂ ਦੇ ਨਾਂ ਪੁਲਿਸ ਨੇ ਨਸ਼ਰ ਨਹੀਂ ਕੀਤੇ ਹਨ। ਯੂ ਜੀ ਏ ਅਥਲੈਟਿਕ ਐਸੋਸੀਏਸ਼ਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਡੈਵਿਨ ਤੇ ਚੰਦਲਰ ਯੂਨੀਵਰਸਿਟੀ ਆਫ ਜਾਰਜੀਆ, ਫੁੱਟਬਾਲ ਪ੍ਰੋਗਰਾਮ ਤੇ ਅਥਲੈਟਿਕ ਵਿਭਾਗ ਦੀਆਂ ਅਹਿਮ ਸ਼ਖਸੀਅਤਾਂ ਸਨ ਜਿਨ੍ਹਾਂ ਦੇ ਜਾਣ ਨਾਲ ਵੱਡਾ ਘਾਟਾ ਪਿਆ ਹੈ। ਇਸ ਦੀ ਦੁੱਖ ਦੀ ਘੜੀ ਵਿਚ ਅਸੀਂ ਪੀੜਤ ਪਰਿਵਾਰਾਂ ਦੇ ਨਾਲ ਹਾਂ।

# ਕੈਲੀਫੋਰਨੀਆ ਵਿਚ ਨਾਬਾਲਗ ਮਾਂ ਤੇ ਬੱਚੇ ਸਮੇਤ 6 ਵਿਅਕਤੀਆਂ ਦੀ ਗੋਲੀਆਂ ਮਾਰ ਕੇ ਹੱਤਿਆ

## ਪਰਿਵਾਰ ਨੂੰ ਗਿਣ-ਮਿਥ ਕੇ ਨਿਸ਼ਾਨਾ ਬਣਾਇਆ : ਪੁਲਿਸ ਅਧਿਕਾਰੀ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਕੇਂਦਰੀ ਕੈਲੀਫੋਰਨੀਆ ਵਿਚ ਇਕ 6 ਮਹੀਨੇ ਦੇ ਬੱਚੇ ਤੇ 17 ਸਾਲਾਂ ਦੀ ਨਾਬਾਲਗ ਮਾਂ ਸਮੇਤ 6 ਵਿਅਕਤੀਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਹ ਮੰਦਭਾਗੀ ਘਟਨਾ ਸੈਨ ਜੋਅਕੁਇਨ ਵੈਲੀ ਵਿਚ ਫਰਿਜ਼ਨੋ ਦੇ ਦੱਖਣ-ਪੂਰਬ ਵਿਚ 35 ਕਿਲੋਮੀਟਰ ਦੂਰ ਗੋਸ਼ਨ ਦੇ ਇਕ ਘਰ ਵਿਚ ਵਾਪਰੀ। ਗੋਸ਼ਨ ਦੀ ਆਬਾਦੀ ਤਕਰੀਬਨ 3000 ਹੈ।

ਇਹ ਨੀਮ ਦਿਹਾਤੀ ਇਲਾਕਾ ਹੈ। ਅਜੇ ਤੱਕ ਹੱਤਿਆਰਿਆਂ ਦਾ ਪਤਾ ਨਹੀਂ ਲੱਗਾ ਹੈ। ਇਹ ਘਟਨਾ ਬੀਤੇ ਦਿਨ ਤੜਕਸਾਰ 3.30 ਵਜੇ ਵਾਪਰੀ ਜਦੋਂ ਸਥਾਨਕ ਲੋਕਾਂ ਨੇ ਗੋਲੀਆਂ ਚੱਲਣ ਦੀ ਅਵਾਜ਼ ਸੁਣੀ। ਪਲਿਸ ਅਨੁਸਾਰ ਮਾਂ ਤੇ ਬੱਚੇ ਦੇ ਸਿਰ ਵਿਚ ਗੋਲੀਆਂ ਮਾਰੀਆਂ ਗਈਆਂ ਜਿਨ੍ਹਾਂ ਦੀ ਮੌਕੇ ਉਪਰ ਹੀ ਮੌਤ ਹੋ ਗਈ। ਪੁਲਿਸ ਨੂੰ ਮੌਕੇ ਤੇ 3 ਹੋਰ ਵਿਅਕਤੀ ਮ੍ਰਿਤਕ ਹਾਲਤ ਵਿਚ ਮਿਲੇ ਜਦ ਕਿ ਇਕ ਹੋਰ ਜੋ ਜ਼ਖਮੀ ਸੀ, ਜੋ ਹਸਪਤਾਲ ਜਾ ਕੇ ਦਮ ਤੋੜ ਗਿਆ। ਮਾਂ ਤੇ ਬੱਚੇ ਤੋਂ ਬਿਨਾਂ ਮਾਰੇ ਗਏ ਬਾਕੀ 4 ਵਿਅਕਤੀਆਂ ਦਾ ਪੁਲਿਸ ਨੇ ਵੇਰਵਾ ਨਹੀਂ ਦਿੱਤਾ ਹੈ। ਪੁਲਿਸ ਵਿਭਾਗ ਦੇ ਬੁਲਾਰੇ ਐਸ਼ਲੇ ਰਿਚੀ ਨੇ ਕਿਹਾ ਹੈ ਕਿ ਮਾਰੇ ਗਏ ਵਿਅਕਤੀਆਂ ਦੀਆਂ ਲਾਸ਼ਾਂ ਘਰ ਦੇ ਅੰਦਰ ਤੇ ਬਾਹਰ ਪਈਆਂ ਸਨ। ਉਨ੍ਹਾਂ ਕਿਹਾ ਕਿ ਘੱਟੋ ਘੱਟ ਦੋ ਹਮਲਾਵਰ ਸਨ ਤੇ ਇਹ ਅਚਨਚੇਤ ਵਾਪਰੀ ਘਟਨਾ ਨਹੀਂ ਹੈ ਬਲਕਿ ਗਿਣ-ਮਿਥ ਕੇ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਰਿਵਾਰ ਨੂੰ ਸੋਚੀ ਸਮਝੀ ਯੋਜਨਾ ਤਹਿਤ ਨਿਸ਼ਾਨਾ ਬਣਾਇਆ ਗਿਆ ਹੈ ਤੇ ਇਸ ਘਟਨਾ ਵਿਚ ਕੋਈ ਗਿਰੋਹ ਵੀ ਸ਼ਾਮਿਲ ਹੋ ਸਕਦਾ ਹੈ ਤੇ ਮਾਮਲੇ ਨੂੰ ਡਰੱਗ ਤਸਕਰੀ ਨਾਲ ਵੀ ਜੋੜ ਕੇ ਵੇਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਫਿਲਹਾਲ ਮਾਮਲਾ ਜਾਂਚ ਅਧੀਨ ਹੈ।

*ਅਮਰੀਕਾ ਵਿੱਚ ਗੁਪਤ ਦਸਤਾਵੇਜ਼ ਮਿਲਣ ਦਾ ਮਾਮਲਾ*

# ਬਿਡੇਨ ਦੇ ਘਰ ਸਰਕਾਰੀ ਦਸਤਾਵੇਜ਼ ਮਿਲਣ ਦੀ ਜਾਂਚ ਸ਼ੁਰੂ, ਪੁਰਾਣੇ ਕਾਰਜਕਾਲ ਦੀਆਂ ਗਤੀਵਿਧੀਆਂ ਉੱਪਰ ਨਿਗਰਾਨੀ

## ਅਟਾਰਨੀ ਜਨਰਲ ਨੇ ਵਿਸ਼ੇਸ਼ ਕੌਂਸਲ ਨਿਯੁਕਤ ਕੀਤਾ,ਸਾਬਕਾ ਸਹਾਇਕਾਂ ਤੋਂ ਪੁੱਛਗਿੱਛ

ਵਸ਼ਿੰਗਟਨ : ਜਨਵਰੀ 2017 ਵਿੱਚ, ਆਪਣੇ ਕਾਰਜਕਾਲ ਦੇ ਆਖਰੀ ਦਿਨਾਂ ਵਿੱਚ, ਅਮਰੀਕਾ ਦੇ ਉਪ ਰਾਸ਼ਟਰਪਤੀ ਜੋਸੇਫ ਬਿਡੇਨ ਆਪਣਾ ਸਮਾਨ ਸਮੇਟਣ ਕਰਨ ਵਿੱਚ ਰੁੱਝੇ ਹੋਏ ਸਨ। ਲਗਾਤਾਰ ਫੋਨ ਆ ਰਹੇ ਸਨ। ਮੀਟਿੰਗਾਂ ਅਤੇ ਵਿਦਾਇਗੀ ਪਾਰਟੀਆਂ ਚੱਲ ਰਹੀਆਂ ਸਨ। ਯੂਕਰੇਨ ਅਤੇ ਸਵਿਟਜ਼ਰਲੈਂਡ ਦੀ ਯਾਤਰਾ ਕੀਤੀ ਜਾ ਚੁਕੀ ਸੀ। ਇੱਥੇ ਦੱਸ ਦੇਈਏ ਕਿ ਬਿਡੇਨ ਦੇ ਵਿਲਮਿੰਗਟਨ ਦੇ ਘਰ ਅਤੇ ਵਾਸ਼ਿੰਗਟਨ ਦੇ ਨਿੱਜੀ ਦਫਤਰ ਤੋਂ ਮਿਲੇ ਕੁਝ ਗੁਪਤ ਦਸਤਾਵੇਜ਼ਾਂ ਤੋਂ ਕਈ ਸਵਾਲ ਖੜ੍ਹੇ ਹੋ ਗਏ ਹਨ ਕਿ ਕੁਝ ਸਮੇਟਿਆ ਜਾ ਰਿਹਾ ਸੀ ? ਉਸ ਨੂੰ ਕਿੱਥੇ ਲਿਜਾਇਆ ਗਿਆ ਸੀ ? ਇਹ ਹੋਰ ਕੌਣ ਕਰ ਰਿਹਾ ਸੀ ? ਇਨ੍ਹਾਂ ਸਵਾਲਾਂ ਦੀ ਜਾਂਚ ਲਈ ਨਿਯੁਕਤ ਕੀਤੀ ਗਈ ਯੂਐਸ ਸਪੈਸ਼ਲ ਕੌਂਸਲ ਬਿਡੇਨ ਦੇ ਆਖ਼ਰੀ ਦਿਨਾਂ ਦੇ ਰੁਝੇਵਿਆਂ ‘ਤੇ ਧਿਆਨ ਕੇਂਦਰਿਤ ਕਰੇਗੀ। ਬਿਡੇਨ ਹੁਣ ਖੁਦ ਰਾਸ਼ਟਰਪਤੀ ਹਨ। ਉਨ੍ਹਾਂ ਨੂੰ ਇਹ ਦੱਸਣਾ ਮੁਸ਼ਕਲ ਹੋ ਰਿਹਾ ਹੈ ਕਿ ਕੀ ਹੋਇਆ ਸੀ ? ਉਹਨਾਂ ਦੇ ਪ੍ਰਸ਼ਾਸਨ ਨੇ ਦੋ ਮਹੀਨਿਆਂ ਤੋਂ ਸੰਵੇਦਨਸ਼ੀਲ ਰਿਕਾਰਡਾਂ ਮਿਲਣ ਦੇ ਮਾਮਲੇ ਨੂੰ ਗੁਪਤ ਰੱਖਿਆ ਸੀ। ਮੀਡੀਆ ਰਿਪੋਰਟ ਵਿਚ ਇਹ ਸਭ ਸਾਹਮਣੇ ਆਉਣ ਤੋਂ ਬਾਅਦ ਉਨ੍ਹਾਂ ਨੇ ਆਪਣੀ ਚੁੱਪ ਤੋੜੀ ਹੈ। ਪ੍ਰਸ਼ਾਸਨ ਨੂੰ ਕਈ ਵਾਰ ਆਪਣਾ ਬਿਆਨ ਠੀਕ ਕਰਨਾ ਪਿਆ ਹੈ।

ਸ਼ਨੀਵਾਰ ਨੂੰ, ਵ੍ਹਾਈਟ ਹਾਊਸ ਨੇ ਕਿਹਾ ਕਿ ਨਿਆਂ ਵਿਭਾਗ ਦੇ ਕਰਮਚਾਰੀਆਂ ਨੂੰ ਵਿਲਮਿੰਗਟਨ ਦੇ ਘਰ ਦੇ ਇੱਕ ਕਮਰੇ ਵਿੱਚ ਪੰਜ ਹੋਰ ਪੰਨਿਆਂ ਦੇ ਦਸਤਾਵੇਜ਼ ਮਿਲੇ ਹਨ। ਇਸ ਤੋਂ ਪਹਿਲਾਂ ਵ੍ਹਾਈਟ ਹਾਊਸ ਨੇ ਸਿਰਫ਼ ਇੱਕ ਪੇਜ ਮਿਲਣ ਦੀ ਜਾਣਕਾਰੀ ਦਿੱਤੀ ਸੀ। ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਦਸਤਾਵੇਜ਼ਾਂ ਨੂੰ ਗਲਤ ਥਾਂ ਰਖਣ ਦੀ ਜਾਂਚ ਦੇ ਲਈ ਰਾਬਰਟ ਹੇਰ ਨੂੰ ਵਿਸ਼ੇਸ਼ ਕੌਂਸਲ ਨਿਯੁਕਤ ਕੀਤਾ ਹੈ। ਵ੍ਹਾਈਟ ਹਾਊਸ ਨੇ ਬਿਡੇਨ ਤੱਕ ਦਸਤਾਵੇਜ਼ ਪਹੁੰਚਣ ਦਾ ਕੋਈ ਕਾਰਨ ਨਹੀਂ ਦੱਸਿਆ। ਜਨਵਰੀ 2017 ਦਾ ਸਮਾਂ ਬਿਡੇਨ ਲਈ ਅਨਿਸ਼ਚਿਤਤਾ ਦਾ ਸਮਾਂ ਸੀ। ਉਨ੍ਹਾਂ ਨੂੰ 44 ਸਾਲਾਂ ਵਿੱਚ ਪਹਿਲੀ ਵਾਰ ਸਰਕਾਰ ਤੋਂ ਬਾਹਰ ਹੋ ਰਹੇ ਸਨ। ਉਹ ਸੈਨੇਟਰ ਅਤੇ ਉਪ ਰਾਸ਼ਟਰਪਤੀ ਨਹੀਂ ਸਨ। ਕਈ ਮਹੀਨੇ ਬੀਤ ਜਾਣ ਤੋਂ ਬਾਅਦ ਉਨ੍ਹਾਂ ਨੇ ਰਾਸ਼ਟਰਪਤੀ ਦੀ ਚੋਣ ਲੜਨ ਦਾ ਫੈਸਲਾ ਕੀਤਾ ਸੀ। ਬਿਡੇਨ ਨੇ ਪਿਛਲੇ ਹਫਤੇ ਕਿਹਾ ਸੀ ਕਿ ਮੈਂ ਹੈਰਾਨ ਹਾਂ ਕਿ ਕੋਈ ਵੀ ਸਰਕਾਰੀ ਦਸਤਾਵੇਜ਼ ਉਸ ਦਫਤਰ ‘ਵਿਚ ਲਿਜਾਏ ਗਏ ਹਨ। ਇਸ ਗੱਲ ਦਾ ਵੀ ਕੋਈ ਸਬੂਤ ਨਹੀਂ ਮਿਲਿਆ ਹੈ ਕਿ ਬਿਡੇਨ ਨੂੰ ਕਾਗਜ਼ਾਤ ਲੈ ਕੇ ਜਾਣ ਬਾਰੇ ਜਾਣਕਾਰੀ ਸੀ। ਜੇਕਰ ਉਪ ਰਾਸ਼ਟਰਪਤੀ ਨੇ ਵ੍ਹਾਈਟ ਹਾਊਸ ਛੱਡਣ ਵੇਲੇ ਦਸਤਾਵੇਜ਼ਾਂ ਨੂੰ ਖੁਦ ਨਹੀਂ ਹਟਾਇਆ, ਤਾਂ ਵਿਸ਼ੇਸ਼ ਕੌਂਸਲ ਜਾਂਚ ਕਰੇਗਾ ਕਿ ਉਨ੍ਹਾਂ ਦੇ ਦਸਤਾਵੇਜ਼ ਕਿਸ ਨੇ ਪੈਕ ਕੀਤੇ ਸਨ। ਵਿਸ਼ੇਸ਼ ਕੌਂਸਲ ਦੀ ਨਿਯੁਕਤੀ ਤੋਂ ਪਹਿਲਾਂ, ਨਿਆਂ ਵਿਭਾਗ ਦੇ ਅਧਿਕਾਰੀਆਂ ਨੇ ਬਿਡੇਨ ਦੇ ਕਈ ਸਹਿਯੋਗੀਆਂ ਤੋਂ ਪੁੱਛਗਿੱਛ ਕੀਤੀ। ਇਨ੍ਹਾਂ ਵਿੱਚ ਕੈਥੀ ਚੁੰਗ ਵੀ ਸ਼ਾਮਲ ਹੈ, ਜੋ ਉਪ ਰਾਸ਼ਟਰਪਤੀ ਹੁੰਦਿਆਂ ਬਿਡੇਨ ਦੀ ਮੁੱਖ ਸਹਾਇਕ ਸੀ। ਵ੍ਹਾਈਟ ਹਾਊਸ ਨੇ ਪਿਛਲੇ ਹਫ਼ਤੇ ਸੀਮਤ ਬਿਆਨ ਜਾਰੀ ਕਰਨ ਤੋਂ ਬਾਅਦ ਸਵਾਲਾਂ ਦੇ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ। ਪ੍ਰੈਸ ਸਕੱਤਰ ਕੈਰੀਨ ਜੀਨ ਪੀਅਰੇ ਕਹਿੰਦੇ ਹਨ, ਪਿਛਲੇ ਦੋ ਦਿਨਾਂ ਵਿੱਚ ਅਸੀਂ ਪਾਰਦਰਸ਼ਤਾ ਵਰਤੀ ਹੈ। ਪਹਿਲਾ ਵਰਗੀਕ੍ਰਿਤ ਦਸਤਾਵੇਜ਼ 2 ਨਵੰਬਰ ਨੂੰ ਮਿਲਿਆ ਸੀ। ਬਾਕੀ ਦਸਤਾਵੇਜ਼ 20 ਦਸੰਬਰ ਨੂੰ ਪ੍ਰਾਪਤ ਹੋਏ ਸਨ। ਵ੍ਹਾਈਟ ਹਾਊਸ ਨੇ ਫਿਰ ਨੈਸ਼ਨਲ ਆਰਕਾਈਵਜ਼ ਅਤੇ ਰਿਕਾਰਡ ਪ੍ਰਸ਼ਾਸਨ ਨੂੰ ਸੂਚਿਤ ਕੀਤਾ।



ਰਾਸ਼ਟਰਪਤੀ ਬਰਾਕ ਓਬਾਮਾ ਅਤੇ ਉਪ ਰਾਸ਼ਟਰਪਤੀ ਬਿਡੇਨ ਦੇ ਅਧੀਨ, ਵ੍ਹਾਈਟ ਹਾਊਸ ਨੇ ਗੁਪਤ ਦਸਤਾਵੇਜ਼ਾਂ ਨੂੰ ਰੱਖਣ ਦੀ ਇੱਕ ਰੁਟੀਨ ਪ੍ਰਕਿਰਿਆ ਸ਼ੁਰੂ ਕੀਤੀ ਸੀ। ਰਾਸ਼ਟਰਪਤੀ ਨੇ ਜੋ ਦਸਤਾਵੇਜ਼ ਦੇਖੇ ਸਨ, ਉਹ ਆਰਕਾਈਵਜ਼ ਨੂੰ ਭੇਜੇ ਗਏ ਸਨ।ਸਾਬਕਾ ਰਾਸ਼ਟਰਪਤੀ ਜਾਂ ਉਪ ਰਾਸ਼ਟਰਪਤੀ ਦਫਤਰ ਛੱਡਣ ਤੋਂ ਬਾਅਦ ਗੁਪਤ ਦਸਤਾਵੇਜ਼ਾਂ ਸਮੇਤ ਸਰਕਾਰੀ ਰਿਕਾਰਡਾਂ ਤੱਕ ਪਹੁੰਚ ਕਰ ਸਕਦੇ ਹਨ, ਪਰ ਇਹ ਪ੍ਰਕਿਰਿਆ ਲੰਬੀ ਹੈ

### ਡੋਨਾਲਡ ਟਰੰਪ ਨੇ ਖੁੱਲ੍ਹੇਆਮ ਨਿਯਮਾਂ ਦੀ ਉਲੰਘਣਾ ਕੀਤੀ ਸੀ।

ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਸਰਕਾਰੀ ਦਸਤਾਵੇਜ਼ਾਂ ਨੂੰ ਕਾਨੂੰਨ ਮੁਤਾਬਕ ਸੁਰੱਖਿਅਤ ਰੱਖਣ ਦੀ ਬਜਾਏ ਇਧਰ-ਉਧਰ ਖਿਲਾਰ ਦਿੰਦੇ ਸਨ। ਉਸ ਨੇ ਨਿਯਮਾਂ ਦੀ ਪਰਵਾਹ ਨਹੀਂ ਕੀਤੀ। ਟਰੰਪ ਦੀ ਮਾਰ-ਏ-ਲਾਗੋ, ਫਲੋਰੀਡਾ ਸਥਿਤ ਰਿਹਾਇਸ਼ ‘ਤੇ ਸੰਵੇਦਨਸ਼ੀਲ ਦਸਤਾਵੇਜ਼ਾਂ ਨੂੰ ਜਮਾਂ ਕਰਨ ਲਈ ਜਾਂਚ ਕੀਤੀ ਜਾ ਰਹੀ ਹੈ। ਮੰਗਣ ‘ਤੇ ਵੀ ਉਸ ਨੇ ਕਾਗਜ਼ ਵਾਪਸ ਨਹੀਂ ਕੀਤੇ।

ਟਰੰਪ ਲਗਾਤਾਰ ਇਸ ਗੱਲ ‘ਤੇ ਜ਼ੋਰ ਦੇ ਰਿਹਾ ਹੈ ਕਿ ਉਸ ਕੋਲ ਵਰਗੀਕ੍ਰਿਤ ਦਸਤਾਵੇਜ਼ ਰੱਖਣ ਦਾ ਅਧਿਕਾਰ ਹੈ। ਉਸ ਨੇ ਦਸਤਾਵੇਜ਼ਾਂ ਦਾ ਖੁਲਾਸਾ ਕਰਨ ਦਾ ਦਾਅਵਾ ਕੀਤਾ ਹੈ। ਹਾਲਾਂਕਿ ਇਸ ਦਾ ਕੋਈ ਸਬੂਤ ਨਹੀਂ ਮਿਲਿਆ ਹੈ। ਉਨ੍ਹਾਂ ਦਸਤਾਵੇਜ਼ਾਂ ਦੀ ਵਾਪਸੀ ਦਾ ਸ਼ਖ਼ਤ ਵਿਰੋਧ ਕੀਤਾ। ਇਸ ਕਾਰਨ ਅਧਿਕਾਰੀ ਉਸ ’ਤੇ ਦਫ਼ਤਰੀ ਕੰਮ ਵਿੱਚ ਵਿਘਨ ਪਾਉਣ ਦੇ ਦੋਸ਼ ਲਾਉਣ ਬਾਰੇ ਵਿਚਾਰ ਕਰ ਰਹੇ ਸਨ।

# ਕੈਲੀਫੋਰਨੀਆ 'ਚ ਦੋ ਥਾਈਂ ਗੋਲੀਬਾਰੀ ਵਿੱਚ ਸੱਤ ਲੋਕਾਂ ਦੀ ਮੌਤ, ਇੱਕ ਸ਼ੱਕੀ ਕਾਬੂ



ਸੈਕਰਾਮੈਂਟੋ, ( ਹੁਸਨ ਲੜੋਆ ਬੰਗਾ) : ਅਮਰੀਕਾ ਵਿੱਚ ਨਿੱਤ ਦਿਨ ਗੋਲੀਬਾਰੀ ਦੀਆਂ ਘਟਨਾਵਾਂ ਚ ਵਾਧਾ ਹੋਇਆ ਹੈ ਤੇ ਅੱਜ ਵੀ ਗੋਲੀਬਾਰੀ ਦੌਰਾਨ ਚਾਰ ਲੋਕਾਂ ਦੀ ਮੌਤ ਹੋ ਗਈ, ਪੰਜਵਾਂ ਜ਼ਖਮੀ ਹੋਇਆ ਅਤੇ ਤਿੰਨ ਹੋਰ ਕੁਝ ਦੂਰੀ ਤੇ ਹੀ ਅਜਿਹੀ ਘਟਨਾ ਦੌਰਾਨ ਮਾਰੇ ਗਏ। ਇਹ ਗੋਲੀਬਾਰੀ ਸਾਨ ਫਰਾਂਸਿਸਕੋ ਤੋਂ ਲਗਭਗ 30 ਮੀਲ (48 ਕਿਲੋਮੀਟਰ) ਦੱਖਣ ਵਿਚ ਸਥਿਤ ਸ਼ਹਿਰ ਹਾਫ ਮੂਨ ਬੇ ਦੇ ਬਾਹਰਵਾਰ ਹੋਈ। ਜਿੱਥੇ ਅਧਿਕਾਰੀਆਂ ਨੇ ਗੋਲੀਬਾਰੀ ਦੇ ਸਬੰਧ ਵਿੱਚ 67 ਸਾਲਾ ਚੁਨਲੀ ਝਾਓ ਨੂੰ ਗ੍ਰਿਫਤਾਰ ਕੀਤਾ ਹੈ। ਅਧਿਕਾਰੀਆਂ ਦਾ ਮੰਨਣਾ ਹੈ ਕਿ ਝਾਓ ਇੱਕ ਨਰਸਿੰਗ ਹੋਮ ਵਿੱਚ ਕਰਮਚਾਰੀ ਸੀ ਅਤੇ ਪੀੜਤ ਵੀ ਨਰਸਿੰਗ ਹੋਮ ਚ ਕੰਮ ਕਰਦੇ ਸਨ। ਕਾਰਪਸ ਨੇ ਕਿਹਾ ਕਿ ਨਰਸਿੰਗ ਹੋਮ ਵਿੱਚ ਕੁਝ ਕਰਮਚਾਰੀ ਇਮਾਰਤ ਵਿੱਚ ਰਹਿੰਦੇ ਸਨ ਜਿੱਥੇ ਬੱਚਿਆਂ ਨੇ ਵੀ ਗੋਲੀਬਾਰੀ ਹੁੰਦੀ ਦੇਖੀ । ਕਾਰਪਸ ਨੇ ਅੱਗੇ ਕਿਹਾ ਕਿ ਅਧਿਕਾਰੀਆਂ ਨੇ ਗੋਲੀਬਾਰੀ ਲਈ ਕੋਈ ਕਾਰਣ ਨਹੀਂ ਦੱਸਿਆ, ਹਾਲਾਂਕਿ ਕਾਉਂਟੀ ਬੋਰਡ ਆਫ ਸੁਪਰਵਾਈਜ਼ਰਜ਼ ਦੇ ਪ੍ਰਧਾਨ ਡੇਵ ਪਾਈਨ ਨੇ ਸ਼ੱਕੀ ਨੂੰ ਅਸੰਤੁਸ਼ਟ ਵਰਕਰ ਦੱਸਿਆ ਹੈ। ਇਹ ਗੋਲੀਬਾਰੀ ਇਸ ਸਾਲ ਦੇਸ਼ ਦੀ ਛੇਵੀਂ ਸਮੂਹਿਕ ਗੋਲਾਬਾਰੀ ਸੀ। ਦੱਖਣੀ ਕੈਲੀਫੋਰਨੀਆ ਵਿੱਚ ਇੱਕ ਬਾਲਰੂਮ ਡਾਂਸ ਹਾਲ ਵਿੱਚ ਸ਼ਨੀਵਾਰ ਦੇਰ ਰਾਤ 11 ਲੋਕਾਂ ਦੀ ਹੱਤਿਆ ਤੋਂ ਬਾਅਦ ਦੀ ਇਹ ਦੂਜੀ ਭਿਆਨਕ ਗੋਲੀਬਾਰੀ ਹੈ। ਸ਼ੈਰਿਫ ਦੇ ਦਫਤਰ ਨੂੰ ਸਭ ਤੋਂ ਪਹਿਲਾਂ ਇਸ ਗੋਲਾਬਾਰੀ ਬਾਰੇ ਦੁਪਹਿਰ 2:30 ਵਜੇ ਤੋਂ ਪਹਿਲਾਂ ਗੋਲੀਬਾਰੀ ਦੀ ਰਿਪੋਰਟ ਮਿਲੀ ਸੀ। ਕੈਪਟਨ ਈਮਨ ਐਲਨ ਨੇ ਇੱਕ ਨਿਊਜ਼ ਰਿਲੀਜ਼ ਵਿੱਚ ਕਿਹਾ ਕਿ, ਪਹਿਲੇ ਸੀਨ 'ਤੇ ਚਾਰ ਲੋਕਾਂ ਦੀ

(ਬਾਕੀ ਸਫ਼ਾ 30 'ਤੇ)

# ਨਕੋਦਰ ਬੇਅਦਬੀ ਕਾਂਡ ਸ਼ਹੀਦਾਂ ਦੀ ਯਾਦ 'ਚ ਦੇਸ਼ ਤੇ ਵਿਦੇਸ਼ਾਂ ਵਿੱਚ ਹੋਣਗੇ ਸ਼ਹੀਦੀ ਸਮਾਗਮ

## ਸਾਕਾ ਨਕੋਦਰ ਕੇਸਾਂ ਦੀ ਅਗਲੀ ਸੁਣਵਾਈ ਪੰਜਾਬ ਅਤੇ ਹਰਿਆਣਾ ਉੱਚ ਅਦਾਲਤ ਵਿੱਚ 30 ਜਨਵਰੀ ਨੂੰ

ਫਰੀਮਾਂਟ/ਏ.ਟੀ.ਨਿਊਜ਼ :- ਨਕੋਦਰ ਬੇਅਦਬੀ ਕਾਂਡ ਸ਼ਹੀਦਾਂ ਦੀ ਯਾਦ ਵਿੱਚ ਪੰਜਾਬ, ਅਮਰੀਕਾ ਤੇ ਫਰਾਂਸ ਵਿੱਚ ਸਮਾਗਮ ਕਰਵਾਏ ਜਾਣਗੇ। ਜਾਣਕਾਰੀ ਅਨੁਸਾਰ ਨਕੋਦਰ ਵਿੱਚ 2 ਫ਼ਰਵਰੀ 1986 ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਜ ਸਰੂਪ ਸਾੜ ਦਿੱਤੇ ਗਏ ਸਨ, ਜਿਸ ਖਿਲਾਫ ਰੋਸ ਪ੍ਰਗਟਾ ਰਹੀ ਸੰਗਤ ਤੇ 4 ਫ਼ਰਵਰੀ 1986 ਨੂੰ ਪੰਜਾਬ ਪੁਲਿਸ ਤੇ ਭਾਰਤੀ ਸੁਰੱਖਿਆ ਦਲਾਂ ਨੇ ਅੰਨੇਵਾਹ ਗੋਲੀਆਂ ਚਲਾ ਦਿੱਤੀਆਂ ਸਨ। ਜਿਸ ਦੌਰਾਨ ਚਾਰ ਸਿੱਖ ਨੌਜਵਾਨ ਭਾਈ ਰਵਿੰਦਰ ਸਿੰਘ ਜੀ ਲਿੱਤਰਾਂ, ਭਾਈ ਹਰਮਿੰਦਰ ਸਿੰਘ ਜੀ ਚਲੂਪਰ, ਭਾਈ ਬਲਧੀਰ ਸਿੰਘ ਜੀ ਰਾਮਗੜ ਅਤੇ ਭਾਈ ਝਿਲਮਣ ਸਿੰਘ ਜੀ ਗੋਰਸੀਆਂ ਸ਼ਹੀਦ ਹੋ ਗਏ ਸਨ।

ਬੇਅਦਬੀ ਕਾਂਡ ਦੇ 37 ਸਾਲ ਮਗਰੋਂ ਵੀ ਪ੍ਰੀਵਾਰ ਇਨਸਾਫ਼ ਲਈ ਅਦਾਲਤਾਂ ਵਿੱਚ ਭਟਕ ਰਿਹਾ ਹੈ। ਸ਼ਹੀਦ ਭਾਈ ਰਵਿੰਦਰ ਸਿੰਘ ਜੀ ਲਿੱਤਰਾਂ ਦੇ ਪਿਤਾ ਬਾਪੂ ਬਲਦੇਵ ਸਿੰਘ ਜੀ ਵਲੋਂ ਪੰਜਾਬ ਅਤੇ ਹਰਿਆਣਾ ਉੱਚ ਅਦਾਲਤ ਵਿੱਚ ਪ੍ਰਮੁੱਖ ਵਕੀਲ ਹਰੀ ਚੰਦ ਅਰੋੜਾ ਰਾਹੀਂ ਕੀਤੇ ਕੇਸਾਂ ਦੀ ਅਗਲੀ ਸੁਣਵਾਈ 30 ਜਨਵਰੀ, ਦਿਨ ਸੋਮਵਾਰ ਨੂੰ ਨਿਸ਼ਚਤ ਹੈ। ਇੱਕ ਕੇਸ ਸਾਕੇ ਦੇ ਮੁੱਖ ਦੋਸ਼ੀਆਂ ਤੇ ਕਤਲ ਦੇ ਮੁਕੱਦਮੇ ਚਲਾ ਕੇ ਸਜ਼ਾ ਦਿਵਾਉਣ ਦਾ ਹੈ ਤੇ ਦੂਸਰਾ ਸਾਕਾ ਨਕੋਦਰ ਸਬੰਧੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਵਲੋਂ ਕੀਤੀ ਅਦਾਲਤੀ ਜਾਂਚ ਦੇ ਦੂਸਰਾ ਭਾਗ ਸਰਕਾਰੀ ਸੰਸਥਾਵਾਂ ਵਿੱਚੋ ਗੁੰਮ ਹੋਣ ਸਬੰਧੀ ਜਾਂਚ ਕਰਵਾਉਣ ਬਾਰੇ ਹੈ। ਪੰਜਾਬ ਸਰਕਾਰ ਵਲੋਂ ਇਨ ਾਂ ਕੇਸਾਂ ਵਿੱਚ ਸਿਟ ਬਨਾਉਣ ਬਾਰੇ ਹਾਈਕੋਰਟ ਵਿੱਚ ਜਵਾਬਦੇਹੀ ਦਿੱਤੀ ਜਾਵੇਗੀ, ਬਾਪੂ ਬਲਦੇਵ ਸਿੰਘ ਜੀ ਨੇ ਇਸ ਬਾਰੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਤੇ ਨਕੋਦਰ ਦੀ ਵਿਧਾਇਕਾ ਨੂੰ ਮਿਲਕੇ ਮੰਗ ਪੱਤਰ ਦਿੱਤੇ ਸਨ। ਅਲਾਇੰਸ ਆਫ ਸਿੱਖ ਆਰਗੇਨਾਈਜੇਸ਼ਨਜ਼ ਦੇ ਨੁਮਾਇੰਦਿਆਂ ਵਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮਿਲਕੇ ਇਸ ਬਾਰੇ ਮੰਗ ਪੱਤਰ ਦਿੱਤਾ ਸੀ। ਹੁਣ ਦੇਖਣਾ ਹੋਵੇਗਾ ਕਿ ਪੰਜਾਬ ਦੀ ਆਪ ਪਾਰਟੀ ਜੋ ਵਿਰੋਧੀ ਧਿਰ ਹੋਣ ਮੌਕੇ ਸਾਕਾ ਨਕੋਦਰ ਦੇ ਇਨਸਾਫ਼ ਲਈ ਵਿਧਾਨ ਸਭਾ ਵਿੱਚ ਲਗਾਤਾਰ ਮੰਗ ਕਰਦੀ ਰਹੀ ਹੈ ਤੇ ਪਿਛਲੇ ਮੁੱਖ ਮੰਤਰੀ ਤੇ ਸਰਕਾਰ ਨੂੰ ਚਿੱਠੀਆਂ ਲਿਖਦੀ ਰਹੀ ਹੈ ਹਾਈਕੋਰਟ ਵਿੱਚ 30 ਜਨਵਰੀ 2023 ਨੂੰ ਕੀ ਜਵਾਬ ਦੇਵੇਗੀ।

(ਬਾਕੀ ਸਫ਼ਾ 30 'ਤੇ)




# ਅਮਰੀਕਾ ਦੇ ਇਕ ਹਸਪਤਾਲ ਵਿਚ ਪਤਨੀ ਨੇ ਬਿਮਾਰ ਪਤੀ ਨੂੰ ਮਾਰੀ ਗੋਲੀ, ਹੋਈ ਗ੍ਰਿਫਤਾਰ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਪੁਲਿਸ ਨੇ ਇਕ 76 ਸਾਲਾ ਐਲਨ ਗਿਲਾਂਡ ਨਾਮੀ ਔਰਤ ਨੂੰ ਆਪਣੇ ਬਿਮਾਰ ਪਤੀ 77 ਸਾਲਾ ਜੈਰੀ ਗਿਲਾਂਡ ਨੂੰ ਗੋਲੀ ਮਾਰ ਕੇ ਮਾਰਨ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਕਿਹਾ ਹੈ ਕਿ ਇਹ ਘਟਨਾ ਡੇਅਟੋਨਾ ਬੀਚ ਫਲੋਰਿਡਾ ਦੇ ਇਕ ਹਸਪਤਾਲ ਵਿਚ ਵਾਪਰੀ ਹੈ ਜਿਥੇ ਉਸ ਦਾ ਬਿਮਾਰ ਪਤੀ ਦਾਖਲ ਸੀ। ਪੁਲਿਸ ਅਨੁਸਾਰ ਔਰਤ ਆਪਣੇ ਪਤੀ ਨੂੰ ਮਾਰਨ ਉਪਰੰਤ ਖੁਦ ਵੀ ਮਰਨਾ ਚਾਹੁੰਦੀ ਸੀ ਪ੍ਰੰਤੂ ਉਹ ਬਿਮਾਰ ਪਤੀ ਨੂੰ ਮਾਰਨ ਉਪਰੰਤ ਆਪਣੇ ਆਪ ਨੂੰ ਗੋਲੀ ਨਾ ਮਾਰ ਸਕੀ। ਡੇਅਟੋਨਾ ਬੀਚ ਪੁਲਿਸ ਮੁਖੀ ਜਕਾਰੀ ਈ ਯੰਗ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਾਣਕਾਰੀ ਦਿੱਤੀ ਕਿ ਐਡਵੈਂਟ ਹੈਲਥ ਹਸਪਤਾਲ ਵਿਚ ਦਾਖਲ 77 ਸਾਲਾ ਵਿਅਕਤੀ ਨੇ ਆਪਣੀ ਪਤਨੀ ਨਾਲ ਯੋਜਨਾ ਬਣਾਈ ਸੀ ਕਿ ਉਹ ਉਸ ਨੂੰ ਖਤਮ ਕਰ ਦੇਵੇ ਕਿਉਂਕਿ ਉਹ ਆਪਣੀ ਬਿਮਾਰੀ ਤੋਂ ਅੱਕ ਚੁੱਕਾ ਹੈ। ਵਿਅਕਤੀ ਖੁਦ ਆਪਣੇ ਆਪ ਨੂੰ ਗੋਲੀ ਮਾਰਨਾ ਚਾਹੁੰਦਾ ਸੀ ਪ੍ਰੰਤੂ ਉਹ ਸਰੀਰਕ ਤੌਰ 'ਤੇ ਏਨਾ ਕਮਜੋਰ ਸੀ ਕਿ ਉਹ ਅਜਿਹਾ ਕਰਨ ਵਿੱਚ ਅਸਮਰੱਥ ਸੀ। ਔਰਤ ਨੇ ਪਤੀ ਦੇ ਸਿਰ ਵਿਚ ਗੋਲੀ ਮਾਰਨ ਉਪਰੰਤ ਖੁਦ ਨੂੰ ਹਸਪਤਾਲ ਦੇ ਇਕ ਕਮਰੇ ਵਿਚ ਬੰਦ ਕਰ ਲਿਆ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਔਰਤ ਨੂੰ ਕਮਰੇ ਵਿਚੋਂ ਕੱਢ ਕੇ ਹਿਰਾਸਤ ਵਿਚ ਲੈ ਲਿਆ। ਯੰਗ ਅਨੁਸਾਰ ਪੁਲਿਸ ਸਵੇਰੇ 11.30 ਵਜੇ ਹਸਪਤਾਲ ਪੁੱਜੀ ਤੇ ਸ਼ਾਮ ਦੇ 3 ਵਜੇ ਉਹ ਔਰਤ ਨੂੰ ਕਮਰੇ ਵਿਚੋਂ ਬਾਹਰ ਕੱਢਣ ਵਿਚ ਸਫਲ ਹੋ ਗਈ। ਗੋਲੀ ਚੱਲਣ ਉਪਰੰਤ ਹਸਪਤਾਲ ਵਿਚ ਅਫਰਾ ਤਫਰੀ ਦਾ ਮਾਹੌਲ ਬਣ ਗਿਆ ਤੇ ਮਰੀਜ਼ਾਂ ਨੂੰ ਇਕ ਤਰ੍ਹਾਂ ਬੰਧਕ ਬਣਾ ਲੈਣ ਵਰਗੇ ਹਾਲਾਤ ਬਣ ਗਏ। ਬਹੁਤ ਸਾਰੇ ਮਰੀਜ਼ ਵੈਂਟੀਲੇਟਰ ਉਤੇ ਸਨ ਜਿਨ੍ਹਾਂ ਨੂੰ ਸੁਰੱਖਿਅਤ ਬਾਹਰ ਕੱਢਣਾ ਸੌਖਾ ਕੰਮ ਨਹੀਂ ਸੀ। ਡਾ. ਜੋਸ਼ੂਆ ਹੌਰਨਸਟੀਨ ਜੋ ਹਸਪਤਾਲ ਵਿਚ ਦਿਲ ਦੇ ਰੋਗਾਂ ਦੇ ਮਾਹਿਰ ਵਜੋਂ ਕੰਮ ਕਰਦੇ ਹਨ, ਨੇ ਦਸਿਆ ਕਿ ਜਦੋਂ ਉਸ ਨੂੰ ਗੋਲੀ ਚੱਲਣ ਬਾਰੇ ਪਤਾ ਲੱਗਾ ਤਾਂ ਉਹ ਐਮਰਜੈਂਸੀ ਵਿਭਾਗ ਵਿਚ ਕੰਮ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਕੋਈ ਵਿਅਕਤੀ ਚੀਕਦਾ ਹੋਇਆ ਆਇਆ ਤੇ ਉਸ ਨੇ ਗੋਲੀ ਚੱਲਣ ਬਾਰੇ ਦਸਿਆ। ਡਾਕਟਰ ਅਨੁਸਾਰ ਉਹ ਬਹੁਤ ਡਰ ਗਿਆ ਸੀ ਤੇ ਉਹ ਡੇਢ ਘੰਟੇ ਤੱਕ ਇਕ ਨਰਸ ਨਾਲ ਸਪਲਾਈ ਕਮਰੇ ਵਿਚ ਲੁੱਕਿਆ ਰਿਹਾ। ਯੰਗ ਨੇ ਕਿਹਾ ਕਿ ਔਰਤ ਵਿਰੁੱਧ ਫਸਟ ਡਿਗਰੀ ਹੱਤਿਆ ਦੇ ਦੋਸ਼ ਆਇਦ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਔਰਤ ਨੂੰ ਆਪਣੇ ਕਾਰੇ ਉਪਰ ਬਹੁਤ ਅਫਸੋਸ ਹੈ। ਅਜੇ ਇਹ ਨਹੀਂ ਪਤਾ ਲੱਗ ਸਕਿਆ ਕਿ ਔਰਤ ਗੰਨ ਕਿਥੋਂ ਲੈ ਕੇ ਆਈ ਸੀ ਕਿਉਂਕਿ ਹਸਪਤਾਲ ਵਿਚ ਮੈਟਲ ਡਿਟੈਕਸ਼ਨ ਸਕਿਉਰਿਟੀ ਸਿਸਟਮ ਹੈ।

## 12 ਲੱਖ ਲੋਕਾਂ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੇ ਦਸਤਖ਼ਤ : ਸ੍ਰੋਮਣੀ ਕਮੇਟੀ ਵਲੋਂ ਦਾਅਵਾ

ਸ੍ਰੀ ਅਨੰਦਪੁਰ ਸਾਹਿਬ : ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਵੱਲੋਂ ਸ਼ੁਰੂ ਕੀਤੀ ਦਸਤਖਤੀ ਮੁਹਿੰਮ ਤਹਿਤ 12 ਲੱਖ ਲੋਕਾਂ ਵੱਲੋਂ ਫਾਰਮ ਭਰ ਕੇ ਆਪਣੇ ਦਸਤਖ਼ਤ ਕੀਤੇ ਗਏ ਹਨ ਤੇ ਇਨ੍ਹਾਂ ਦਸਤਖ਼ਤ ਕੀਤੇ ਫਾਰਮ ਰਾਸ਼ਟਰਪਤੀ ਦੇ ਨਾਮ ਰਾਜਪਾਲ ਪੰਜਾਬ ਨੂੰ ਸੌਂਪੇ ਜਾਣਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

# ਅਮਰੀਕਾ ਤੋਂ ਪ੍ਰਵਾਸੀ ਸਿੱਖ ਮਿਹਰਬਾਨ ਸਿੰਘ ਪੰਜਾਬ ਵਿਚ ਸਿੱਖ ਨੌਜਵਾਨਾਂ ਨੂੰ ਦੇਣਗੇ ਰੁਜ਼ਗਾਰ

## ਮੋਹਾਲੀ ਵਿਚ ਸਕਿਉਰਟੀ ਬਿਜ਼ਨਸ ਦਾ ਕੇਂਦਰ ਕੀਤਾ ਸਥਾਪਤ

## ਪ੍ਰਵਾਸੀ ਪੰਜਾਬੀ ਪੰਜਾਬ ਵਿਚ ਸਨਅਤ ਤੇ ਕਾਰੋਬਾਰ ਲਿਆਉਣ ਤੇ ਸਰਕਾਰ ਪ੍ਰਵਾਸੀ ਪੰਜਾਬੀਆਂ ਨੂੰ ਸਹੂਲਤਾਂ ਦੇਵੇ



ਸ੍ਰ. ਮਿਹਰਬਾਨ ਸਿੰਘ ਅਮਰੀਕਾ ਤੋਂ ਪ੍ਰਵਾਸੀ ਸਿੱਖ ਹਨ ਜੋ ਕਿ ਪੰਜਾਬ ਵਿਚ ਸਕਿਉਰਟੀ ਬਿਜ਼ਨਸ ਦਾ ਕੇਂਦਰ ਮੋਹਾਲੀ ਤੋਂ ਸਥਾਪਤ ਕਰਕੇ ਬੇਰੁਜ਼ਗਾਰ ਸਿੱਖ ਨੌਜਵਾਨਾਂ ਨੂੰ ਰੁਜ਼ਗਾਰ ਦੇਣਗੇ। ਉਹ ਅਮਰੀਕਾ ਵਸਣ ਤੋਂ ਪਹਿਲਾਂ ਲੁਧਿਆਣਾ ਵਿਖੇ ਸਰਾਭਾ ਨਗਰ ਪੰਜਾਬ ਵਿਚ ਬਾਬਾ ਮੈਡੀਕਲ ਕੈਮਿਸਟ ਸਟੋਰ ਚਲਾਉਂਦੇ ਸਨ।ਉਨ੍ਹਾਂ ਨੇ ਐਮ ਏ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤੀ ਸੀ। ਅਮਰੀਕਾ ਵਿਚ ਅਕਤੂਬਰ 1990 ਦੌਰਾਨ ਪਹਿਲਾਂ ਇਲੈਕਟ੍ਰਾਨਿਕ ਕੰਪਨੀ ਵਿਚ ਨੌਕਰੀ ਕੀਤੀ ਫਿਰ ਬੀਪਰ ਅਰਥਾਤ ਪੇਜਰ ਸੰਬੰਧੀ ਆਪਣੀ ਕੰਪਨੀ ਅਟਲਾਂਟਿਕ ਪੇਜਿੰਗ ਬਣਾ ਕੇ ਵਾਸ਼ਿੰਗਟਨ ਡੀਸੀ ਵਿਚ ਬਿਜ਼ਨਸ ਕੀਤਾ। ਪੇਜਰ ਦਾ ਟਰੈਂਡ ਖਤਮ ਹੋਣ ਤੋਂ ਬਾਅਦ ਮਿਹਰਬਾਨ ਸਿੰਘ ਨੇ ਸੈਲੋਫੋਨ ਦੀ ਕੰਪਨੀ ਬਣਾਈ। ਇਸ ਦੇ ਵੱਖ-ਵੱਖ ਥਾਂਵਾਂ 'ਤੇ 19 ਸ਼ੋਅਰੂਮ ਸਨ।ਉਨ੍ਹਾਂ ਨੇ 2007 ਦੌਰਾਨ ਕੰਪਨੀ ਵੇਚ ਦਿੱਤੀ ਸੀ। ਇਸ ਤੋਂ ਬਾਅਦ 2009 ਦੌਰਾਨ ਜਪਾਨੀ ਕੰਪਨੀ ਸੈਵਨ ਇਲੈਵਨ ਦੀ ਫਰਾਂਚਾਇਜੀ ਲਈ। ਇਸ ਦਾ ਜ਼ਰੂਰੀ ਵਸਤਾਂ ਬਾਰੇ ਜਰਨਲ ਸਟੋਰ ਹੈ ਜੋ ਕਿ 24 ਘੰਟੇ ਖੁਲ੍ਹਾ ਰਹਿੰਦਾ ਹੈ। ਮਿਹਰਬਾਨ ਸਿੰਘ ਉਥੋਂ ਦੀ ਐਸੋਸੀਏਸ਼ਨ ਦੇ ਪ੍ਰਧਾਨ ਹਨ, ਉਹ ਨੈਸ਼ਨਲ ਬੋਰਡ ਕੂਲੇਸ਼ਨ ਫਰਾਂਚਾਇਜੀ ਦੀ ਐਗਜੈਕਟਿਵ ਬੋਰਡ ਵਿਚ ਖਜ਼ਾਨਚੀ ਹਨ।ਸੈਵਨ ਇਲੈਵਨ ਵਲੋਂ ਨੈਸ਼ਨਲ ਬਿਜ਼ਨਸ ਕੌਂਸਲ ਦੇ ਮੈਂਬਰ ਹਨ। ਹੁਣ ਉਨ੍ਹਾਂ ਨੇ ਅਮਰੀਕਾ ਦਾ ਸਕਿਊਰਟੀ ਸਿਸਟਮ ਜੋ



ਸਟੋਰਾਂ, ਬਿਜ਼ਨਸ ਘਰਾਂ ਨੂੰ ਸੁਰਖਿਆ ਦਿੰਦਾ ਹੈ, ਮੋਹਾਲੀ ਪੰਜਾਬ ਵਿਚ ਖੋਲ੍ਹਿਆ ਹੈ। ਮੋਹਾਲੀ ਵਿਚ ਹੈੱਡ ਆਫਿਸ ਹੈ। ਮਿਹਰਬਾਨ ਸਿੰਘ ਦੱਸਦੇ ਹਨ ਕਿ ਅਮਰੀਕਾ ਵਿਚ ਸਟੋਰਾਂ ਵਿਚ ਆਮ ਚੋਰੀਆਂ ਹੁੰਦੀਆਂ ਹਨ।ਉਨ੍ਹਾਂ ਨੂੰ ਸਕਿਊਰਟੀ ਪ੍ਰਦਾਨ ਕਰਨ ਲਈ ਮੋਹਾਲੀ ਪੰਜਾਬ ਵਿਚ ਹੈੱਡ ਆਫਿਸ ਖੋਲ੍ਹਿਆ ਹੈ, ਜਿਸ ਵਿਚ 60 ਸਿਖ ਨੌਜਵਾਨ ਕੰਮ ਕਰ ਰਹੇ ਹਨ। ਮਿਹਰਬਾਨ ਸਿੰਘ ਦਾ ਕਹਿਣਾ ਹੈ ਕਿ ਇਥੇ ਸਿਰਫ਼ ਸਿੱਖ ਨੌਜਵਾਨਾਂ ਨੂੰ ਨੌਕਰੀ ਦਿੱਤੀ ਜਾਂਦੀ ਹੈ। ਸਾਡਾ ਉਦੇਸ਼ ਇਸ ਸਾਲ 800 ਦੇ ਕਰੀਬ ਜਾਬ ਕਰੇਟ ਕਰਨ ਦਾ ਹੈ। ਅਸੀਂ 12000 ਤੋਂ 75000 ਤੱਕ ਮਹੀਨਾ ਤਨਖਾਹ ਦੇ ਰਹੇ ਹਾਂ। ਇੱਥੇ ਅਮਰੀਕਾ ਦੇ ਸਟੋਰਾਂ ਦੀ ਮਾਨੋਟਰਿੰਗ ਕੀਤੀ ਜਾਂਦੀ ਹੈ ਤਾਂ ਜੋ ਅਮਰੀਕਾ ਵਿਚ ਚੋਰੀ ਦੀ ਸੰਭਾਵਨਾ ਘਟਾਈ ਜਾ ਸਕੇ। ਜੇ ਚੋਰੀ ਹੁੰਦੀ ਹੈ ਤਾਂ ਉਸੇ ਵੇਲੇ ਟਾਈਮ ਲਿਖਕੇ ਮਾਲਕ ਨੂੰ ਈਮੇਲ, ਵਟਸਐਪ ਰਾਹੀਂ ਸੂਚਨਾ ਦਿੱਤੀ ਜਾਂਦੀ ਹੈ। ਜੇ ਮਾਮਲਾ ਗੰਭੀਰ ਹੋਵੇ ਤਾਂ ਪੁਲਿਸ ਨੂੰ ਵੀ ਇਤਲਾਹ ਦਿੱਤੀ ਜਾਂਦੀ ਹੈ। ਸਾਡੀ ਕੰਪਨੀ ਵਿਚ ਪ੍ਰੋਜੈਕਟ ਮੈਨੇਜਰ 65000 ਤਨਖਾਹ ਲੈ ਰਿਹਾ ਹੈ। ਅਮਰੀਕਾ ਦੇ ਸਟੋਰਾਂ ਦੇ ਕੈਮਰਿਆਂ ਦਾ ਲਿੰਕ ਮੁਹਾਲੀ ਹੈੱਡਕੁਆਰਟਰ ਨਾਲ ਕੀਤਾ ਗਿਆ ਹੈ। ਇਸ ਕੰਪਨੀ ਦਾ ਨਾਮ ਬਾਬਾ ਜੀ ਲਾਈਵ ਮਾਨਟੀਰਿੰਗ ਹੈ। ਅਸੀਂ ਇਸ ਕੰਪਨੀ ਨੂੰ ਵਿਸ਼ਵ ਪੱਧਰ ਉਪਰ ਪ੍ਰਸਾਰਣ ਦਾ ਇਰਾਦਾ ਕੀਤਾ ਹੋਇਆ ਹੈ। ਪਰ ਕੇਂਦਰ ਪੰਜਾਬ ਹੋਵੇਗਾ ਤਾਂ ਜੋ ਪੰਜਾਬ ਵਿਚ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਜਾਵੇ।

(ਬਾਕੀ ਸਫ਼ਾ 30 'ਤੇ)

ਪੰਜਾਬ 'ਤੇ ਇੱਕ ਝਾਤ

# ਪੰਜਾਬ ਦੇ ਮੌਜੂਦਾ ਹਾਲਾਤ 'ਆਪ' ਸਰਕਾਰ ਲਈ ਵੱਡੀ ਚੁਣੌਤੀ



ਅੰਮ੍ਰਿਤਸਰ ਟਾਈਮਜ਼ ਬਿਊਰੋ



ਪੰਜਾਬ ਦੇ ਸਨਅਤੀ ਸ਼ਹਿਰ ਲੁਧਿਆਣਾ ਵਿੱਚ ਇੱਕ ਵੱਡੇ ਅੰਤਰਰਾਸ਼ਟਰੀ ਡਰੱਗ ਰੈਕਟ ਦਾ ਪਰਦਾਫਾਸ਼ ਹੋਇਆ ਹੈ। ਸ਼ਹਿਰ ਦੇ ਬਿਲਕੁਲ ਵਿਚਕਾਰ ਹੈਰੋਇਨ ਬਣਾਉਣ ਵਾਲੀਆਂ ਦੋ ਫੈਕਟਰੀਆਂ ਫੜੀਆਂ ਗਈਆਂ ਹਨ। 18 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ 30 ਜਾਇਦਾਦਾਂ ਨੂੰ ਸੀਲ ਕੀਤਾ ਗਿਆ ਹੈ। ਇੱਕ ਅਖ਼ਬਾਰ ਦੀ ਰਿਪੋਰਟ ਅਨੁਸਾਰ ਚੰਡੀਗੜ੍ਹ-ਮੋਹਾਲੀ-ਪੰਚਕੂਲਾ ਵਿੱਚ ਸ਼ਰਾਬ ਦੇ ਕਾਰੋਬਾਰ, ਰਾਈਸ ਮਿੱਲਾਂ, ਇੱਥੋਂ ਤੱਕ ਕਿ ਕਲੱਬਾਂ ਅਤੇ ਨਾਈਟ ਕਲੱਬਾਂ ਵਿੱਚ ਡਰੱਗ ਮਨੀ ਦਾ ਨਿਵੇਸ਼ ਕੀਤਾ ਗਿਆ ਹੈ। ਦਿਲਚਸਪ ਗੱਲ ਇਹ ਹੈ ਕਿ ਫੜੇ ਗਏ ਉਹ ਆਮ ਕਾਰੋਬਾਰੀ ਹਨ ਜਿਨ੍ਹਾਂ ਦਾ ਕੋਈ ਪੁਰਾਣਾ ਅਪਰਾਧਿਕ ਰਿਕਾਰਡ ਨਹੀਂ ਹੈ। ਅਫੀਮ ਅਫਗਾਨਿਸਤਾਨ ਤੋਂ ਪਾਕਿਸਤਾਨ ਦੇ ਰਸਤੇ ਆਉਂਦੀ ਹੈ, ਜਿਸ ਨੂੰ ਲੁਧਿਆਣਾ ਦੇ ਬਿਲਕੁਲ ਵਿਚਕਾਰ ਰਿਫਾਈਨ ਕੀਤਾ ਜਾਂਦਾ ਹੈ।'ਡਰੱਗ ਲਾਰਡ' ਕਹੇ ਜਾਣ ਵਾਲੇ ਅਕਸ਼ੈ ਕੁਮਾਰ ਛਾਬੜਾ ਚਾਹ ਵੇਚਣ ਵਾਲੇ ਦੋ ਸਾਲਾਂ 'ਚ ਕਰੋੜਪਤੀ ਬਣ ਗਏ।ਦੱਸਿਆ ਜਾ ਰਿਹਾ ਕਿ ਉਸ ਦੇ ਸਿੰਡੀਕੇਟ ਦੇ ਪਾਕਿਸਤਾਨ ਅਤੇ ਅਫਗਾਨਿਸਤਾਨ ਨਾਲ ਸਬੰਧ ਹਨ।ਸਭ ਕੁਝ ਨਸ਼ੇ ਦੇ ਪੈਸੇ ਦੀ ਮਿਹਰਬਾਨੀ ਹੈ। ਇਹ ਚੰਗੀ ਖ਼ਬਰ ਹੈ ਕਿ ਵੱਡੇ ਡਰੱਗ ਰੈਕਟ ਦਾ ਪਰਦਾਫਾਸ਼ ਕੀਤਾ ਗਿਆ ਹੈ ਪਰ ਇਹ ਕੰਮ ਨਾਰਕੋਟਿਕ ਕੰਟਰੋਲ ਬੋਰਡ (ਐਨ.ਸੀ.ਬੀ.) ਨੇ ਕੀਤਾ ਹੈ ਜਦੋਂ ਕਿ ਪੰਜਾਬ ਪੁਲਿਸ ਜਾਂ ਪ੍ਰਸ਼ਾਸਨ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਸੀ ਕਿ ਅੰਤਰਰਾਸ਼ਟਰੀ ਡਰੱਗ ਰੈਕਟ ਉਨ੍ਹਾਂ ਦੇ ਸਭ ਤੋਂ ਵੱਡੇ ਅਤੇ ਅਮੀਰ ਸ਼ਹਿਰ ਦੇ ਵਿਚਕਾਰ ਚੱਲ ਰਿਹਾ ਹੈ। ਲੰਬੇ ਸਮੇਂ ਤੋਂ ਇਹ ਸ਼ਿਕਾਇਤ ਰਹੀ ਹੈ ਕਿ ਪੰਜਾਬ ਨਸ਼ਿਆਂ ਦਾ ਕੇਂਦਰ ਬਣਦਾ ਜਾ ਰਿਹਾ ਹੈ। ਪਾਕਿਸਤਾਨ ਨਸ਼ਾ ਤਸਕਰੀ ਵਿੱਚ ਖਾਸ ਤੌਰ 'ਤੇ ਸਰਗਰਮ ਹੈ ਅਤੇ ਉਥੋਂ ਡਰੋਨਾਂ ਰਾਹੀਂ ਨਸ਼ੇ ਲਗਾਤਾਰ ਸੁੱਟੇ ਜਾ ਰਹੇ ਹਨ। ਪਰ ਇਹ



ਕਾਰਖ਼ਾਨੇ ਲੁਧਿਆਣਾ ਸ਼ਹਿਰ ਦੇ ਬਿਲਕੁਲ ਵਿਚਕਾਰ ਚੱਲ ਰਹੇ ਸਨ ਅਤੇ ਕਿਸੇ ਨੂੰ ਪਤਾ ਨਹੀਂ ਲੱਗਾ ? ਠੀਕ ਹੈ ਅਸੀਂ ਪਾਕਿਸਤਾਨ ਜਾਂ ਹੋਰ ਦੇਸ਼ਾਂ ਨੂੰ ਕੰਟਰੋਲ ਨਹੀਂ ਕਰ ਸਕਦੇ ਪਰ ਅਸੀਂ ਆਪਣੇ ਘਰ ਨੂੰ ਕੰਟਰੋਲ ਕਰ ਸਕਦੇ ਹਾਂ। ਇਹ ਬਹੁਤ ਚਿੰਤਾਜਨਕ ਹੈ ਕਿ ਪੰਜਾਬ ਪੁਲਿਸ, ਸਪੈਸ਼ਲ ਟਾਸਕ ਫ਼ੋਰਸ, ਖੁਫ਼ੀਆ ਵਿਭਾਗ, ਕੋਈ ਵੀ ਇਸ ਡਰੱਗ ਯੂਨਿਟ ਅਤੇ ਵੱਡੇ ਕਾਰੋਬਾਰ ਨੂੰ ਫੜ ਨਹੀਂ ਸਕਿਆ। 2013 ਤੋਂ ਪੰਜਾਬ ਨੂੰ ਸਭ ਤੋਂ ਵੱਧ ਨਸ਼ਾ ਪ੍ਰਭਾਵਿਤ ਸੂਬਾ ਦੱਸਿਆ ਜਾ ਰਿਹਾ ਹੈ, ਪਰ ਸਾਰੀਆਂ ਸਰਕਾਰਾਂ ਫੇਲ੍ਹ ਰਹੀਆਂ ਹਨ। ਜੇਕਰ ਐਨ.ਸੀ.ਬੀ. ਨੇ ਨਾ ਫੜਿਆ ਹੁੰਦਾ ਤਾਂ ਇਹ ਰੈਕਟ ਆਸਾਨੀ ਨਾਲ ਚੱਲ ਰਿਹਾ ਸੀ। ਹਰ ਐਸ. ਐਚ. ਓ. ਨੂੰ ਪਤਾ ਹੁੰਦਾ ਹੈ ਕਿ ਉਸ ਦੇ ਇਲਾਕੇ ਵਿੱਚ ਕੀ ਚੱਲ ਰਿਹਾ ਹੈ ਪਰ ਨਾ ਤਾਂ ਲੁਧਿਆਣਾ ਪ੍ਰਸ਼ਾਸਨ ਅਤੇ ਨਾ ਹੀ ਚੰਡੀਗੜ੍ਹ ਵਿੱਚ ਬੈਠੀ ਸਰਕਾਰ ਨੂੰ ਲੁਧਿਆਣਾ ਦੇ ਦਿਲ ਵਿੱਚ ਲੱਗੀਆਂ ਇਨ੍ਹਾਂ ਫੈਕਟਰੀਆਂ ਬਾਰੇ ਪਤਾ ਲੱਗਾ। ਇਹ ਕਾਰਵਾਈ ਦਿੱਲੀ ਤੋਂ ਹੋਈ। ਅਕਾਲੀ ਸਰਕਾਰ ਵੇਲੇ ਵੀ ਇਸ ਦਾ ਕੋਈ ਹੱਲ ਨਾ ਨਿੱਕਲਿਆ ਤਾਂ ਲੋਕਾਂ ਨੇ ਗੁੱਸੇ 'ਚ ਸਰਕਾਰ ਬਦਲ ਦਿੱਤੀ ਪਰ ਹਾਲਾਤ ਕਿਉਂ ਨਹੀਂ ਬਦਲੇ ? ਉਮੀਦ ਹੈ ਕਿ ਮੁੱਖ ਮੰਤਰੀ ਲੁਧਿਆਣਾ ਦੇ ਡਰੱਗ ਰੈਕਟ ਦਾ ਪਰਦਾਫਾਸ਼ ਕਰਨ ਵਿੱਚ ਅਸਫ਼ਲ ਰਹਿਣ ਨੂੰ ਗੰਭੀਰਤਾ ਨਾਲ ਲੈਣਗੇ। ਪ੍ਰਸ਼ਾਸਨ 'ਤੇ ਸਰਕਾਰ ਦੀ ਪਕੜ ਕਮਜ਼ੋਰ ਹੋਣ ਦਾ ਪ੍ਰਭਾਵ ਚੰਗਾ ਨਹੀਂ ਹੈ। ਉਨ੍ਹਾਂ ਦੀ ਚੇਤਾਵਨੀ ਤੋਂ ਬਾਅਦ, ਭ੍ਰਿਸ਼ਟਾਚਾਰ ਦੇ ਇੱਕ ਮਾਮਲੇ ਵਿੱਚ ਇੱਕ ਸਾਥੀ ਦੀ ਗ੍ਰਿਫਤਾਰੀ ਦੇ ਖ਼ਿਲਾਫ਼ ਹੜਤਾਲ 'ਤੇ ਗਏ ਪੀ.ਸੀ.ਐਸ. ਅਧਿਕਾਰੀ ਕੰਮ 'ਤੇ ਪਰਤ ਆਏ ਹਨ। ਆਪਣੇ ਦੋ ਮੰਤਰੀਆਂ ਖ਼ਿਲਾਫ਼ ਕਾਰਵਾਈ ਕਰਕੇ ਭਗਵੰਤ ਮਾਨ ਨੇ ਕਿਹਾ ਸੀ ਕਿ ਉਹ ਭ੍ਰਿਸ਼ਟਾਚਾਰ ਨੂੰ ਬਰਦਾਸ਼ਤ ਨਹੀਂ ਕਰਨਗੇ। ਪਰ ਹੁਣ ਤੱਕ ਉਹ ਆਪਣੇ ਪ੍ਰਸ਼ਾਸਨ ਦੀ ਕਮਜ਼ੋਰੀ ਦੇ ਪ੍ਰਭਾਵ ਬਾਰੇ ਕੁਝ ਨਹੀਂ ਕਰ ਸਕੇ।ਅੱਜ ਪੰਜਾਬ ਦੀ ਹਾਲਤ ਅਜਿਹੀ ਹੈ ਕਿ ਜਿਸ ਨੂੰ ਕੋਈ ਸ਼ਿਕਾਇਤ ਹੋਵੇ ਉਹ ਹਾਈਵੇਅ ਜਾਮ ਕਰਕੇ ਬੈਠ ਜਾਂਦੇ ਹਨ। ਬਾਹਰੋਂ ਸੂਬੇ ਦਾ ਅਕਸ ਬਹੁਤ ਖਰਾਬ ਹੋ ਰਿਹਾ ਹੈ। ਕੌਣ ਨਿਵੇਸ਼ ਕਰੇਗਾ ਜੇ ਇਹ ਹੀ ਨਹੀਂ ਪਤਾ ਹੋਵੇਗਾ ਕਿ ਸੜਕਾਂ ਖੁੱਲ੍ਹੀਆਂ ਰਹਿਣਗੀਆਂ ਜਾਂ ਬੰਦ ? ਕਿਸਾਨ ਜਥੇਬੰਦੀਆਂ ਨੂੰ ਵੀ ਸਮਝ ਲੈਣਾ ਚਾਹੀਦਾ ਹੈ ਕਿ ਨਾਂਹ-ਪੱਖੀ ਮਾਹੌਲ ਕਾਰਨ ਸੂਬੇ ਨੂੰ ਬਹੁਤ ਨੁਕਸਾਨ ਹੋਵੇਗਾ। ਨਿਵੇਸ਼ ਨਹੀਂ ਆਵੇਗਾ ਅਤੇ ਨੌਕਰੀਆਂ ਘਟਦੀਆਂ ਰਹਿਣਗੀਆਂ। ਨਾਲ਼ ਹੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸਦੀ ਕੀਮਤ ਚੁਕਾਉਣੀ ਪਵੇਗੀ। ਪੰਜਾਬ ਲਈ ਇਹ ਬਹੁਤ ਚਿੰਤਾਜਨਕ ਹੈ ਕਿ ਇੱਥੇ ਖਾਕੀ ਦਾ ਡਰ ਅਤੇ ਖ਼ੌਫ ਖਤਮ ਹੁੰਦਾ ਜਾ ਰਿਹਾ ਹੈ। ਲਗਾਤਾਰ ਕਤਲ, ਫਰਾਰ ਅਪਰਾਧੀ, ਗੈਂਗਸਟਰਵਾਦ ਅਤੇ ਕੱਟੜਵਾਦ ਫੈਲਾਉਣਾ ਕਾਨੂੰਨ ਅਤੇ ਵਿਵਸਥਾ 'ਤੇ ਗੰਭੀਰ ਸਵਾਲ ਖੜ੍ਹੇ ਕਰਦੇ ਹਨ। ਪੁਲਿਸ ਦੇ ਪਹਿਰੇ ਹੇਠ ਹੋਏ ਕਤਲਾਂ ਨੇ ਪੁਲਿਸ ਪ੍ਰਸ਼ਾਸਨ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਤੋਂ ਹੀ ਟਾਰਗੈਟ ਕਿਲਿੰਗ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਮੂਸੇਵਾਲਾ ਦੀ ਦਿਨ-ਦਿਹਾੜੇ ਹੋਈ ਹੱਤਿਆ ਅਤੇ ਸੋਸ਼ਲ ਮੀਡੀਆ 'ਤੇ ਲਾਰੈਂਸ ਬਿਸ਼ਨੋਈ ਗੈਂਗ ਵੱਲੋਂ ਜ਼ਿੰਮੇਵਾਰੀ ਲੈਣ ਦਾ ਦਾਅਵਾ ਦਰਸਾਉਂਦਾ ਹੈ ਕਿ ਗੈਂਗਸਟਰ ਕਿੰਨੇ ਬੇਸ਼ਰਮ ਹੋ ਗਏ ਹਨ। ਪੁਲਿਸ ਦੀ ਮੌਜੂਦਗੀ 'ਚ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਅਤੇ ਫਿਰ ਡੇਰਾ ਸਮਰਥਕ ਪ੍ਰਦੀਪ ਸਿੰਘ ਦੇ ਕਤਲ ਨੇ ਪੁਲਿਸ ਪ੍ਰਸ਼ਾਸਨ ਦੀ ਪੋਲ ਖੋਲ੍ਹ ਦਿੱਤੀ ਹੈ। ਪਹਿਲਾਂ ਜਲੰਧਰ ਅਤੇ ਫਿਰ ਪਟਿਆਲਾ ਵਿੱਚ ਦੋ ਕਬੱਡੀ ਖਿਡਾਰੀਆਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇੱਕ ਕਬੱਡੀ ਮੈਚ ਦੌਰਾਨ ਅਤੇ ਦੂਜਾ ਯੂਨੀਵਰਸਿਟੀ ਦੇ ਬਾਹਰ ਮਾਰਿਆ ਗਿਆ। ਦੋਵੇਂ ਘਟਨਾਵਾਂ ਦਿਨ ਦਿਹਾੜੇ ਵਾਪਰੀਆਂ। ਸਿੱਧੂ ਮੂਸੇਵਾਲਾ ਦੇ ਕਤਲ ਵਿੱਚ ਸ਼ਾਮਲ ਗੈਂਗਸਟਰ ਦੀਪਕ ਟੀਨੂੰ ਅਤੇ ਨਸ਼ਾ ਤਸਕਰ ਅਮਰੀਕ ਸਿੰਘ ਦਾ ਪੁਲਿਸ ਹਿਰਾਸਤ



ਵਿੱਚੋਂ ਭੱਜਣਾ ਵੀ ਦਰਸਾਉਂਦਾ ਹੈ ਕਿ ਅਮਨ ਕਾਨੂੰਨ ਦੀ ਲਗਾਮ ਢਿੱਲੀ ਹੋ ਗਈ ਹੈ।

ਦਿੱਲੀ ਪੁਲਿਸ ਨੇ ਪੰਜਾਬ ਪੁਲਿਸ ਦੀ ਲਾਜ ਬਚਾਈ। ਦੀਪਕ ਟੀਨੂੰ ਨੂੰ ਦਿੱਲੀ ਪੁਲਿਸ ਨੇ ਫੜ ਲਿਆ ਸੀ। ਇਸ ਵਿਚ ਸ਼ਾਮਲ ਤਿੰਨ ਹੋਰ ਲੋਕਾਂ ਨੂੰ ਵੀ ਦਿੱਲੀ ਪੁਲਿਸ ਨੇ ਫੜ ਲਿਆ ਹੈ। ਪ੍ਰਦੀਪ ਸਿੰਘ ਦੇ ਕਤਲ ਵਿੱਚ ਸ਼ਾਮਲ ਤਿੰਨੇ ਮੁਜਰਿਮ ਤਾਂ ਪਟਿਆਲਾ ਵਿੱਚ ਹੀ ਫੜੇ ਗਏ ਸਨ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਉਹ ਵੀ ਦਿੱਲੀ ਪੁਲਿਸ ਦੇ ਹੱਥੇ ਚੜ੍ਹ ਗਏ ਸਨ। ਦਿੱਲੀ ਪੁਲਿਸ 260 ਕਿਲੋਮੀਟਰ ਦੂਰ ਪਟਿਆਲਾ ਪਹੁੰਚ ਕੇ ਅਪਰਾਧੀਆਂ ਨੂੰ ਫੜਨ ਵਿੱਚ ਸਫ਼ਲ ਰਹੀ, ਪਰ ਪੰਜਾਬ ਪੁਲਿਸ ਅਤੇ ਖੁਫ਼ੀਆ ਵਿਭਾਗ ਨੂੰ ਬਿਲਕੁਲ ਵੀ ਕੋਈ ਜਾਣਕਾਰੀ ਨਹੀਂ ਸੀ। ਸੁਧੀਰ ਸੂਰੀ ਦੇ ਬੇਟੇ ਦਾ ਕਹਿਣਾ ਹੈ ਕਿ ਉਸ ਨੂੰ ਦੋ ਦਿਨ ਪਹਿਲਾਂ 'ਅਸੀਂ ਤੇਰਾ ਕੰਮ ਕਰ ਦੇਣਾ' ਦਾ ਫ਼ੋਨ ਆਇਆ ਸੀ। ਇਸ ਦੇ ਬਾਵਜੂਦ ਉਸ ਦੀ ਹੱਤਿਆ ਉਸ ਸਮੇਂ ਕਰ ਦਿੱਤੀ ਗਈ ਜਦੋਂ ਉਹ 16 ਬੰਦੂਕਧਾਰੀਆਂ ਨਾਲ ਘਿਰੇ ਮੰਦਰ ਦੇ ਬਾਹਰ ਧਰਨੇ 'ਤੇ ਬੈਠਾ ਸੀ। ਪ੍ਰਦੀਪ ਕੁਮਾਰ ਕੋਲ ਇੱਕ ਗੰਨਮੈਨ ਵੀ ਸੀ, ਉਸਦੀ ਦੁਕਾਨ ਖੋਲ੍ਹਦੇ ਸਮੇਂ ਹੱਤਿਆ ਕਰ ਦਿੱਤੀ ਗਈ ਸੀ। ਤਾਜ਼ਾ ਘਟਨਾ ਫਗਵਾੜਾ ਦੀ ਹੈ ਜਿੱਥੇ ਕਾਰ ਲੁੱਟਣ ਵਾਲੇ ਬਦਮਾਸ਼ਾਂ ਦਾ ਪਿੱਛਾ ਕਰ ਰਹੇ ਪੁਲਿਸ ਕਾਂਸਟੇਬਲ 'ਤੇ ਗੋਲੀ ਚਲਾ ਕੇ ਹੱਤਿਆ ਕਰ ਦਿੱਤੀ ਗਈ। ਬਦਮਾਸ਼ ਫੜੇ ਗਏ, ਪਰ ਪੁਲਿਸ ਕਾਂਸਟੇਬਲ ਨੂੰ ਮਾਰਨ ਦੀ ਹਿੰਮਤ ਕਿਵੇਂ ਹੋਈ ? ਸਾਬਕਾ ਸੀਨੀਅਰ ਪੁਲਿਸ ਅਧਿਕਾਰੀ ਜੋ ਹੁਣ 'ਆਪ' ਦੇ ਵਿਧਾਇਕ ਹਨ, ਕੰਵਰ ਵਿਜੇ ਪ੍ਰਤਾਪ ਦਾ ਕਹਿਣਾ ਹੈ ਕਿ ਸੂਬੇ ਦੀ ਪੁਲਿਸ ਵਿਵਸਥਾ ਢਹਿ-ਢੇਰੀ ਹੋ ਗਈ ਹੈ। ਪੰਜਾਬ ਪੁਲਿਸ ਕਿਸੇ ਸਮੇਂ ਦੇਸ਼ ਦੀ ਸਭ ਤੋਂ ਪ੍ਰਭਾਵਸ਼ਾਲੀ ਅਤੇ ਚੁਸਤ ਪੁਲਿਸ ਫ਼ੋਰਸ ਮੰਨੀ ਜਾਂਦੀ ਸੀ। ਪਰ ਹੁਣ ਇਸ ਦੇ ਘੇਰੇ ਵਿੱਚ ਬੈਠੇ ਲੋਕ ਸੁਰੱਖਿਅਤ ਨਹੀਂ ਹਨ ਅਤੇ ਇਸਦੇ ਆਪਣੇ ਬੰਦਿਆਂ 'ਤੇ ਹਮਲੇ ਹੋ ਰਹੇ ਹਨ। ਤਰਨਤਾਰਨ ਦੇ ਸਰਹਾਲੀ ਪੁਲਿਸ ਸਟੇਸ਼ਨ ਅਤੇ ਮੋਹਾਲੀ 'ਚ ਇੰਟੈਲੀਜੈਂਸ ਹੈੱਡਕੁਆਰਟਰ 'ਤੇ ਰਾਕੇਟ ਹਮਲੇ ਹੋਏ ਹਨ। ਨਵੀਂ ਚੁਣੌਤੀ ਗੈਂਗਸਟਰਵਾਦ ਤੋਂ ਆ ਰਹੀ ਹੈ ਅਤੇ ਜਿਸ ਨੂੰ ਬੰਦੂਕ-ਸਭਿਆਚਾਰ ਕਿਹਾ ਜਾਂਦਾ ਹੈ। ਗੈਂਗਸਟਰ ਕਲਚਰ ਅਤੇ ਬੰਦੂਕ ਕਲਚਰ ਦੋਵੇਂ ਹੀ ਗਲੈਮਰਾਈਜ਼ਡ ਸਨ। ਨੌਜਵਾਨਾਂ ਵਿੱਚ ਨਸ਼ੇ ਹੀ ਨਹੀਂ ਸਗੋਂ ਹਥਿਆਰਾਂ ਦਾ ਵੀ ਕ੍ਰੇਜ਼ ਵਧਿਆ ਹੈ। ਉਨ੍ਹਾਂ ਦੇ ਦਿਲ ਅਤੇ ਦਿਮਾਗ 'ਤੇ ਬਹੁਤ ਜ਼ਿਆਦਾ ਗਲਤ ਪ੍ਰਭਾਵ ਪੈਂਦਾ ਹੈ। ਸਰਕਾਰ ਹਥਿਆਰਾਂ ਦੀ ਵਧਦੀ ਗਿਣਤੀ ਅਤੇ ਭੜਕਾਊ ਗੀਤਾਂ 'ਤੇ ਪਾਬੰਦੀ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਇਸ ਵਿਚ ਬਹੁਤ ਦੇਰ ਹੋ ਚੁੱਕੀ ਹੈ। (**ਬਾਕੀ ਸਫ਼ਾ** 30 'ਤੇ)

Editor: Malkeet Singh Manager: Pardeep Singh Sub: Editor: Balwinderpal Singh, Sarbjeet Kaur Sarb Online Interview Host: Balraj Pannu
Proof Editor: Prabhjot Kaur Designer: Anil Kumar Content Composer: Amritpal Singh US Distributor: Amritsar Times Inc. Owner: Amritsar Times Pvt Ltd
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਸੱਚ, ਮਿੱਥ ਤੇ ਇਤਿਹਾਸਕ ਸੰਦਰਭ ’ਚ ‘ਨਿਊ ਵਰਲਡ ਆਰਡਰ’

## ਸਾਜ਼ਿਸ਼ ਸਿਧਾਂਤ (Conspiracy theories) ਦਾ ਵਿਸ਼ਲੇਸ਼ਣ

ਸਰਬਜੀਤ ਕੌਰ ਸਰਬ

ਭਾਗ-3

ਨਿਊ ਵਰਲਡ ਆਰਡਰ (ਐਨਡਬਲਯੂਓ) ਇੱਕ ਸਾਜ਼ਿਸ਼ ਸਿਧਾਂਤ (Conspiracy theories) ਹੈ ਜਿਸ ਵਿੱਚ ਮੰਨਣ ਵਾਲੇ ਮੰਨਦੇ ਹਨ ਕਿ ਸ਼ਕਤੀਸ਼ਾਲੀ ਕੁਲੀਨ ਵਰਗਾਂ ਦਾ ਇੱਕ ਕਾਬਲ ਸਮੂਹ ਗੁਪਤ ਰੂਪ ਵਿੱਚ ਇੱਕ ਡਾਇਸਟੋਪੀਅਨ ਅੰਤਰਰਾਸ਼ਟਰੀ ਸੰਚਾਲਨ ਢਾਂਚੇ ਨੂੰ ਲਾਗੂ ਕਰ ਰਿਹਾ ਹੈ ਜੋ ਉਹਨਾਂ ਨੂੰ ਵਿਸ਼ਵਵਿਆਪੀ ਆਬਾਦੀ ਉੱਤੇ ਪੂਰਾ ਨਿਯੰਤਰਣ ਪ੍ਰਦਾਨ ਕਰੇਗਾ। ਇਸ ਸ਼ਾਸਨ ਦੇ ਤਹਿਤ, ਅਸੰਤੁਸ਼ਟਾਂ (ਸ਼ਾਸ਼ਨ ਨੂੰ ਨਾ ਮੰਨਣ ਵਾਲੇ) ਨੂੰ ਗ੍ਰਿਫਤਾਰ ਕੀਤਾ ਜਾਵੇਗਾ, ਅਤੇ ਜਨਤਾ ਨੂੰ ਗੁਲਾਮ ਬਣਾਇਆ ਜਾਵੇਗਾ। ਦੂਜੇ ਪਾਸੇ ਸਾਜ਼ਿਸ਼ ਸਿਧਾਂਤ ਦੇ ਸਮਰਥਕ ਦਾਅਵਾ ਕਰਦੇ ਹਨ ਕਿ ਜ਼ਿਆਦਾਤਰ ਗਲੋਬਲ ਨੇਤਾ ਇਸ ‘ਨਿਊ ਵਰਲਡ ਆਰਡਰ’ ਦੀ ਸਥਾਪਨਾ ਵਿੱਚ ਸ਼ਾਮਲ ਹਨ, ਜੋ ਕਿ ਵਿਸ਼ਵਵਿਆਪੀ ਘਟਨਾਵਾਂ (ਜਿਵੇਂ ਕਿ ਕੋਰੋਨਵਾਇਰਸ ਮਹਾਂਮਾਰੀ ਅਤੇ ਸਮੂਹਿਕ ਗੋਲੀਬਾਰੀ) ਦੇ ਨਿਰਮਾਣ ਦੁਆਰਾ ©➟® ਦੀ ਸਹਾਇਤਾ ਕਰਦੇ ਹਨ ਅਤੇ ਸਿਵਲ ਬੀਜਣ ਲਈ ਉਹਨਾਂ ਦੇ ਸੰਬੰਧਿਤ ਬਿਰਤਾਂਤਾਂ ਨੂੰ ਨਿਯੰਤਰਿਤ ਕਰਦੇ ਹਨ। ਅਸਲ ਗੱਲ ਸੱਚ ਅਜੇ ਵੀ ਅੱਖੋਂ ਅਹੁਲੇ ਹੈ

NWO ਸਾਜ਼ਿਸ਼ ਸਿਧਾਂਤ ਫਰਿੰਜ ਸਾਜ਼ਿਸ਼ (Fringe conspiracy )ਸਿਧਾਂਤਕਾਰਾਂ ਦੇ ਔਨਲਾਈਨ ਚੈਟਰ ਵਿੱਚ ਪਾਇਆ ਜਾ ਸਕਦਾ ਹੈ। ਹਾਲਾਂਕਿ ਇਹਨਾਂ ਔਨਲਾਈਨ ਸਮੂਹਾਂ ਦੇ ਅੰਦਰ ਸਬੰਧਿਤ ਬਿਆਨਬਾਜ਼ੀ ਪਹਿਲਾਂ ਤਾਂ ਨਿਰਦੋਸ਼ ਦਿਖਾਈ ਦੇ ਸਕਦੀ ਹੈ, ਇਹ ਸਾਜ਼ਿਸ਼ ਸਿਧਾਂਤ ਇੱਕ ਅਸਲ-ਸੰਸਾਰ ਖ਼ਤਰੇ ਨੂੰ ਪੇਸ਼ ਕਰਦਾ ਹੈ, ਕਿਉਂਕਿ ਇਹ ਇੱਕ ਘਾਤਕ ਵਿਸ਼ਵ ਦ੍ਰਿਸ਼ਟੀਕੋਣ ਨੂੰ ਉਤਸ਼ਾਹਿਤ ਕਰਦਾ ਹੈ, ਸੰਭਾਵਤ ਤੌਰ ’ਤੇ ਉਹਨਾਂ ਨੂੰ ਭਾਈਚਾਰਿਆਂ, ਬੁਨਿਆਦੀ ਢਾਂਚੇ, ਅਤੇ ਉਹਨਾਂ ਵਿਅਕਤੀਆਂ ਵਿਰੁੱਧ ਹਿੰਸਾ ਕਰਨ ਲਈ ਉਕਸਾਉਂਦਾ ਹੈ ਜੋ ਇਸ ਵਿੱਚ ਸ਼ਾਮਲ ਸਮਝੇ ਜਾਂਦੇ ਹਨ। NWO ਨੂੰ ਲਾਗੂ ਕਰਨਾ, ਇਹ ਕਾਬਲ ਬਿਰਤਾਂਤ ਆਮ ਤੌਰ ’ਤੇ ਦੂਜੇ ਸਾਮੀ ਵਿਰੋਧੀ ਸਾਜ਼ਿਸ਼ ਸਿਧਾਂਤਾਂ ਨਾਲ ਜੁੜਿਆ ਹੋਇਆ ਹੈ ਜੋ ਯਹੂਦੀ ਦੋਸ਼ ਦਾ ਦਾਅਵਾ ਕਰਦੇ ਹਨ, ਇਹ ਦੋਸ਼ ਲਗਾਉਂਦੇ ਹੋਏ ਕਿ ਉਹ NWO ਦੇ ਆਰਕੈਸਟ੍ਰੇਸ਼ਨ ਦੇ ਪਿੱਛੇ ਹਨ, ਜਿਸ ਨਾਲ ਯਹੂਦੀ ਭਾਈਚਾਰਿਆਂ ਲਈ ਵਧੇ ਹੋਏ ਖ਼ਤਰੇ ਦਾ ਕਾਰਨ ਬਣਦਾ ਹੈ। NWO ਦੇ ਸੰਦਰਭ ’ਚ ਇਸ Conspiracy theories ਦਾ ਵਿਸ਼ਲੇਸ਼ਣ ਨੂੰ ਸੰਖੇਪ ਰੂਪ ’ਚ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਵਾਰਨ ਦੀ ਰਿਪੋਰਟ

‘ਸਾਜ਼ਿਸ਼ ਸਿਧਾਂਤ’ ਸ਼ਬਦ ਆਪਣੇ ਆਪ ਵਿੱਚ ਇੱਕ ਸਾਜ਼ਿਸ਼ ਸਿਧਾਂਤ ਦਾ ਵਿਸ਼ਾ ਹੈ, ਜੋ ਇਹ ਮੰਨਦਾ ਹੈ ਕਿ ਇਸ ਸ਼ਬਦ ਨੂੰ ਸੀਆਈਏ ਦੁਆਰਾ ਸਾਜ਼ਿਸ਼ ਰਚਣ ਵਾਲੇ ਵਿਸ਼ਵਾਸੀਆਂ, ਖਾਸ ਕਰਕੇ ਵਾਰਨ ਕਮਿਸ਼ਨ ਦੇ ਆਲੋਚਕਾਂ ਨੂੰ ਮਖੌਲ ਦਾ ਨਿਸ਼ਾਨਾ ਬਣਾ ਕੇ ਬਦਨਾਮ ਕਰਨ ਲਈ ਪ੍ਰਸਿੱਧ ਕੀਤਾ ਗਿਆ ਸੀ। ਵਾਰਨ ਆਪਣੀ 2013 ਦੀ ਕਿਤਾਬ ਅਮਰੀਕਾ ਵਿੱਚ ਸਾਜ਼ਿਸ਼ ਸਿਧਾਂਤ, ਰਾਜਨੀਤਿਕ ਵਿਗਿਆਨੀ ਲਾਂਸ ਡੀਹੇਵਨ-ਸਮਿਥ ਨੇ ਲਿਖਿਆ ਕਿ ਇਹ ਸ਼ਬਦ 1964 ਤੋਂ ਬਾਅਦ ਸੰਯੁਕਤ ਰਾਜ ਵਿੱਚ ਰੋਜ਼ਾਨਾ ਭਾਸ਼ਾ ਵਿੱਚ ਦਾਖਲ ਹੋਇਆ, ਜਿਸ ਸਾਲ ਵਾਰਨ ਕਮਿਸ਼ਨ ਨੇ ਕੈਨੇਡੀ ਦੀ ਹੱਤਿਆ ਬਾਰੇ ਆਪਣੀਆਂ ਖੋਜਾਂ ਪ੍ਰਕਾਸ਼ਿਤ ਕੀਤੀਆਂ। ਇਸ ਸ਼ਬਦ ਦੀ ਵਰਤੋਂ ਕਰਦੇ ਹੋਏ ਨਿਊਯਾਰਕ ਟਾਈਮਜ਼ ’ਚ ਉਸ ਸਾਲ ਪੰਜ ਕਹਾਣੀਆਂ ਪ੍ਰਕਾਸ਼ਿਤ ਹੋਈਆ ਸਨ।

ਇਹ ਵਿਚਾਰ ਕਿ ਸੀਆਈਏ ਸ਼ਬਦ ‘ਸਾਜ਼ਿਸ਼ ਸਿਧਾਂਤ’ ਨੂੰ ਪ੍ਰਸਿੱਧ ਬਣਾਉਣ ਲਈ ਜ਼ਿੰਮੇਵਾਰ ਸੀ, ਦਾ ਵਿਸ਼ਲੇਸ਼ਣ ਮਾਈਕਲ ਬੁੱਟਰ ਦੁਆਰਾ ਕੀਤਾ ਗਿਆ ਸੀ, ਜੋ ਟੂਬਿੰਗਨ ਯੂਨੀਵਰਸਿਟੀ ਵਿੱਚ ਅਮਰੀਕੀ ਸਾਹਿਤ ਅਤੇ ਸੱਭਿਆਚਾਰਕ ਇਤਿਹਾਸ ਦੇ ਇੱਕ ਪ੍ਰੋਫੈਸਰ ਸਨ। ਬੁੱਟਰ ਨੇ 2020 ਵਿੱਚ ਲਿਖਿਆ ਸੀ ਕਿ ਸੀਆਈਏ ਦਸਤਾਵੇਜ਼, ਵਾਰਨ ਰਿਪੋਰਟ ਦੀ ਆਲੋਚਨਾ ਦੇ ਸੰਬੰਧ ਵਿੱਚ, ਜੋ ਸਿਧਾਂਤ ਦੇ ਸਮਰਥਕ ਸੀਆਈਏ ਦੇ ਉਦੇਸ਼ ਅਤੇ ਇਰਾਦੇ ਦੇ ਸਬੂਤ ਵਜੋਂ ਵਰਤਦੇ ਹਨ, ਇੱਕਵਚਨ ਵਿੱਚ ‘ਸਾਜ਼ਿਸ਼ ਸਿਧਾਂਤ’ ਸ਼ਬਦ ਨਹੀਂ ਰੱਖਦਾ ਹੈ, ਅਤੇ ਸਿਰਫ ‘ਸਾਜ਼ਿਸ਼’ ਸ਼ਬਦ ਦੀ ਵਰਤੋਂ ਕਰਦਾ ਹੈ। ਸਿਧਾਂਤ’ ਇੱਕ ਵਾਰ, ਵਾਕ ਵਿੱਚ: ‘ਸਾਜ਼ਿਸ਼ ਦੇ ਸਿਧਾਂਤਾਂ ਨੇ ਅਕਸਰ ਸਾਡੇ ਸੰਗਠਨ [sic] ’ਤੇ ਸ਼ੱਕ ਪੈਦਾ ਕੀਤਾ ਹੈ, ਉਦਾਹਰਨ ਲਈ, ਝੂਠਾ ਦੋਸ਼ ਲਗਾ ਕੇ ਕਿਹਾ ਕਿ ਲੀ ਹਾਰਵੇ ਓਸਵਾਲਡ ਨੇ ਸਾਡੇ ਲਈ ਕੰਮ ਕੀਤਾ ਹੈ।‘





ਸਾਜ਼ਿਸ਼ ਸਿਧਾਂਤ ਕਿਸੇ ਵੀ ਮਾਮਲੇ ਨੂੰ ਇਸਦੇ ਇਕ ਵਿਸ਼ੇ ਵਜੋਂ ਲੈ ਸਕਦਾ ਹੈ, ਪਰ ਕੁਝ ਕੁ ਵਿਸ਼ੇ ਦੂਜਿਆਂ ਨਾਲੋਂ ਵੱਧ ਦਿਲਚਸਪੀ ਨੂੰ ਆਕਰਸ਼ਿਤ ਕਰਦੇ ਹਨ। ਪਸੰਦੀਦਾ ਵਿਸ਼ਿਆਂ ਵਿੱਚ ਮਸ਼ਹੂਰ ਮੌਤਾਂ ਅਤੇ ਹੱਤਿਆਵਾਂ, ਨੈਤਿਕ ਤੌਰ ’ਤੇ ਸ਼ੱਕੀ ਸਰਕਾਰੀ ਗਤੀਵਿਧੀਆਂ, ਦਬਾਈਆਂ ਗਈਆਂ ਤਕਨਾਲੋਜੀਆਂ, ਅਤੇ ‘ਝੂਠੇ ਫਲੈਗ’ ਅੱਤਵਾਦ ਸ਼ਾਮਲ ਹਨ। ਸਭ ਤੋਂ ਲੰਬੇ ਸਮੇਂ ਤੋਂ ਚੱਲੀ ਆ ਰਹੀ ਅਤੇ ਸਭ ਤੋਂ ਵੱਧ ਮਾਨਤਾ ਪ੍ਰਾਪਤ ਸਾਜ਼ਿਸ਼ ਦੇ ਸਿਧਾਂਤਾਂ ਵਿੱਚ ਜੌਹਨ ਐੱਫ. ਕੈਨੇਡੀ ਦੀ ਹੱਤਿਆ, 1969 ਦੇ ਅਪੋਲੋ ਚੰਦਰਮਾ ਉੱਤੇ ਉਤਰਨ, ਅਤੇ 9/11 ਦੇ ਅੱਤਵਾਦੀ ਹਮਲਿਆਂ ਦੇ ਨਾਲ-ਨਾਲ ਵੱਖ-ਵੱਖ ਲੋਕਾਂ ਦੁਆਰਾ ਵਿਸ਼ਵ ਦੇ ਦਬਦਬੇ ਲਈ ਕਥਿਤ ਸਾਜ਼ਿਸ਼ਾਂ ਨਾਲ ਸਬੰਧਤ ਕਈ ਸਿਧਾਂਤ ਹਨ ਜਿਨ੍ਹਾਂ ਨੂੰ ਦੂਜੇ ਸਮੂਹਾਂ ਨਾਲੋਂ ਅਸਲ ਅਤੇ ਕਾਲਪਨਿਕ ਦੋਵੇਂ ਰੂਪਾਂ ’ਚ ਵੇਖਿਆ ਜਾ ਸਕਦਾ ਹੈ।

ਮਨੁੱਖ ਦੁਆਰਾ ਇਕ ਦੂਜੇ ਉਤੇ ਰਾਜ ਕਰਨ ਦੀ ਇੱਛਾ ਦੁਨੀਆ ਭਰ ਵਿੱਚ ਵਿਆਪਕ ਪੱਧਰ ’ਤੇ ਹੈ। ਪੇਂਡੂ ਅਫ਼ਰੀਕਾ ਵਿੱਚ, Conspiracy theories ਦੇ ਆਮ ਨਿਸ਼ਾਨੇ ਵਿੱਚ ਸਮਾਜਿਕ ਕੁਲੀਨ ਵਰਗ, ਦੁਸ਼ਮਣ ਕਬੀਲੇ ਅਤੇ ਪੱਛਮੀ ਸੰਸਾਰ ਸ਼ਾਮਲ ਹਨ, ਸਾਜ਼ਿਸ਼ਕਰਤਾਵਾਂ ਨੂੰ ਅਕਸਰ ਜਾਦੂ-ਟੂਣੇ ਜਾਂ ਜਾਦੂ-ਟੂਣੇ ਦੁਆਰਾ ਆਪਣੀਆਂ ਯੋਜਨਾਵਾਂ ਨੂੰ ਲਾਗੂ ਕਰਨ ਦਾ ਦੋਸ਼ ਲਗਾਇਆ ਜਾਂਦਾ ਹੈ; ਇੱਕ ਆਮ ਵਿਸ਼ਵਾਸ ਆਧੁਨਿਕ ਤਕਨਾਲੋਜੀ ਦੀ ਪਛਾਣ ਆਪਣੇ ਆਪ ਵਿੱਚ ਜਾਦੂ-ਟੂਣੇ ਦਾ ਇੱਕ ਰੂਪ ਹੈ, ਜੋ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਜਾਂ ਨਿਯੰਤਰਿਤ ਕਰਨ ਦੇ ਉਦੇਸ਼ ਨਾਲ ਬਣਾਇਆ ਗਿਆ ਹੈ। ਚੀਨ ਵਿੱਚ, ਇੱਕ ਵਿਆਪਕ ਤੌਰ ’ਤੇ ਪ੍ਰਕਾਸ਼ਿਤ Conspiracy theories ਦਾ ਦਾਅਵਾ ਹੈ ਕਿ ਹਿਟਲਰ ਦਾ ਉਭਾਰ, 1997 ਏਸ਼ੀਆਈ ਵਿੱਤੀ ਸੰਕਟ, ਅਤੇ ਜਲਵਾਯੂ ਪਰਿਵਰਤਨ ਸਮੇਤ ਕਈ ਘਟਨਾਵਾਂ ਦੀ ਯੋਜਨਾ ਰੋਥਸਚਾਈਲਡ ਪਰਿਵਾਰ ਦੁਆਰਾ ਕੀਤਾ ਗਿਆ ਸੀ, ਜਿਸ ਨਾਲ ਚੀਨ ਦੀ ਮੁਦਰਾ ਨੀਤੀ ਬਾਰੇ ਚਰਚਾਵਾਂ ’ਤੇ ਪ੍ਰਭਾਵ ਪੈ ਸਕਦਾ ਹੈ।

20ਵੀਂ ਸਦੀ ਦੇ ਅੰਤ ਅਤੇ 21ਵੀਂ ਸਦੀ ਦੇ ਸ਼ੁਰੂ ਵਿੱਚ ਸੰਯੁਕਤ ਰਾਜ ਵਿੱਚ ਇੱਕ ਸੱਭਿਆਚਾਰਕ ਵਰਤਾਰੇ ਵਜੋਂ ਉਭਰਨ ਵਾਲੀ Conspiracy theories ਮਾਸ ਮੀਡੀਆ ਵਿੱਚ ਇੱਕ ਵਾਰ ਫੇਰ ਆਮ ਹੋ ਗਈ ਹੈ। ਸਾਜ਼ਿਸ਼ ਦੇ ਸਿਧਾਂਤਾਂ ’ਤੇ ਵਿਸ਼ਵਾਸ ਕਰਨ ਦੀ ਆਮ ਪ੍ਰਵਿਰਤੀ ਪੱਖਪਾਤੀ ਅਤੇ ਵਿਚਾਰਧਾਰਕ ਲਾਈਨਾਂ ਨੂੰ ਕੱਟਦੀ ਹੈ। ਸਾਜ਼ਿਸ਼ਵਾਦੀ ਸੋਚ ਦਾ ਸਬੰਧ ਸਰਕਾਰ ਵਿਰੋਧੀ ਰੁਝਾਨਾਂ ਅਤੇ ਰਾਜਨੀਤਿਕ ਪ੍ਰਭਾਵਸ਼ੀਲਤਾ ਨਾਲ ਹੈ, ਜਿਸ ਨਾਲ ਸਾਜ਼ਿਸ਼ਵਾਦੀ ਵਿਸ਼ਵਾਸੀ ਵਿਅਕਤੀਗਤ ਅਧਿਕਾਰਾਂ ਲਈ ਸਰਕਾਰੀ ਖਤਰੇ ਨੂੰ ਸਮਝਦੇ ਹਨ ਅਤੇ ਡੂੰਘੇ ਸੰਦੇਹ ਨੂੰ ਪ੍ਰਦਰਸ਼ਿਤ ਕਰਦੇ ਹਨ ਕਿ ਕਿਸ ਨੂੰ ਵੋਟ ਕਰਨਾ ਅਸਲ ਵਿੱਚ ਮਾਇਨੇ ਰੱਖਦਾ ਹੈ।

ਸਾਜ਼ਿਸ਼ ਦੇ ਸਿਧਾਂਤ Conspiracy theories ਅਕਸਰ ਆਮ ਤੌਰ ’ਤੇ ਮੰਨੇ ਜਾਂਦੇ ਹਨ, ਅਤੇ ਕੁਝ ਤਾਂ ਬਹੁਗਿਣਤੀ ਆਬਾਦੀ ਦੁਆਰਾ ਵੀ ਰੱਖੇ ਜਾਂਦੇ ਹਨ। ਅਮਰੀਕੀਆਂ ਦਾ ਇੱਕ ਵਿਸ਼ਾਲ ਅੰਤਰ-ਸੈਕਸ਼ਨ ਅੱਜ ਘੱਟੋ-ਘੱਟ ਕੁਝ ਸਾਜ਼ਿਸ਼ ਸਿਧਾਂਤਾਂ ਨੂੰ ਪ੍ਰਮਾਣਿਤ ਕਰਦਾ ਹੈ। ਉਦਾਹਰਨ ਲਈ, 2016 ਵਿੱਚ ਕਰਵਾਏ ਗਏ ਇੱਕ ਅਧਿਐਨ ਵਿੱਚ ਪਾਇਆ ਗਿਆ ਕਿ 10% ਅਮਰੀਕੀ ਸੋਚਦੇ ਹਨ ਕਿ ਕੈਮਟਰੇਲ ਸਾਜ਼ਿਸ਼ ਸਿਧਾਂਤ ‘ਪੂਰੀ ਤਰ੍ਹਾਂ ਸੱਚ’ ਹੈ ਅਤੇ 20-30% ਸੋਚਦੇ ਹਨ ਕਿ ਇਹ ‘ਕੁਝ ਹੱਦ ਤੱਕ ਸੱਚ’ ਹੈ। ਇਹ ‘ਕੈਮਟਰੇਲ ਅਸਲ ਹਨ’ ਕੈਂਪ ਵਿੱਚ 120 ਮਿਲੀਅਨ ਅਮਰੀਕੀਆਂ ਦੇ ਬਰਾਬਰ ਰੱਖਦਾ ਹੈ।

ਸਾਜ਼ਿਸ਼ ਸਿਧਾਂਤ (Conspiracy theories) ਵੈੱਬ ’ਤੇ ਬਲੌਗ ਅਤੇ ਯੂਟਿਊਬ ਵੀਡੀਓਜ਼ ਦੇ ਨਾਲ-ਨਾਲ ਸੋਸ਼ਲ ਮੀਡੀਆ ’ਤੇ ਵਿਆਪਕ ਤੌਰ ’ਤੇ ਮੌਜੂਦ ਹਨ। ਕੀ ਵੈੱਬ ਨੇ ਸਾਜ਼ਿਸ਼ ਸਿਧਾਂਤਾਂ ਦੇ ਪ੍ਰਚਲਨ ਨੂੰ ਵਧਾਇਆ ਹੈ ਜਾਂ ਨਹੀਂ ਇਹ ਇੱਕ ਖੁੱਲਾ ਖੋਜ ਸਵਾਲ ਹੈ। ਖੋਜ ਇੰਜਣ ਨਤੀਜਿਆਂ ਵਿੱਚ ਸਾਜ਼ਿਸ਼ ਸਿਧਾਂਤਾਂ ਦੀ ਮੌਜੂਦਗੀ ਅਤੇ ਨੁਮਾਇੰਦਗੀ ਦੀ ਨਿਗਰਾਨੀ ਕੀਤੀ ਗਈ ਹੈ ਅਤੇ ਅਧਿਐਨ ਕੀਤਾ ਗਿਆ ਹੈ, ਕਿ ਕਿਵੇਂ ਵੱਖ-ਵੱਖ ਵਿਸ਼ਿਆਂ ਵਿੱਚ ਮਹੱਤਵਪੂਰਨ ਪਰਿਵਰਤਨ ਨੂੰ ਦਰਸਾਉਂਦਾ ਹੈ।

ਇੱਕ ਸਾਜ਼ਿਸ਼ ਸਿਧਾਂਤ ਜੋ ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਕਾਰਜਕਾਲ ਦੌਰਾਨ ਪ੍ਰਚਾਰਿਆ ਗਿਆ, ਨੇ ਦਾਅਵਾ ਕੀਤਾ ਕਿ ਉਹ ਹਵਾਈ ਦੀ ਬਜਾਏ ਕੀਨੀਆ ਵਿੱਚ ਪੈਦਾ ਹੋਇਆ ਸੀ, ਜਿੱਥੇ ਉਹ ਅਸਲ ਵਿੱਚ ਪੈਦਾ ਹੋਇਆ ਸੀ। ਅਰਕਨਸਾਸ ਦੇ ਸਾਬਕਾ ਗਵਰਨਰ ਅਤੇ ਓਬਾਮਾ ਦੇ ਸਿਆਸੀ ਵਿਰੋਧੀ ਮਾਈਕ ਹਕਾਬੀ ਨੇ 2011 ਵਿੱਚ ਸੁਰਖੀਆਂ ਬਟੋਰੀਆਂ ਜਦੋਂ ਉਹ, ਰਿਪਬਲਿਕਨ ਲੀਡਰਸ਼ਿਪ ਦੇ ਹੋਰ ਮੈਂਬਰਾਂ ਵਿੱਚ, ਓਬਾਮਾ ਦੀ ਨਾਗਰਿਕਤਾ ਦੀ ਸਥਿਤੀ ’ਤੇ ਸਵਾਲ ਉਠਾਉਂਦੇ ਰਹੇ।

ਉਪਰੋਕਤ ਸਾਜ਼ਿਸ਼ ਸਿਧਾਂਤਾਂ ਦੀ ਇੱਕ ਸੂਚੀ ਹੈ ਜੋ ਜ਼ਿਕਰਯੋਗ ਹਨ, ਕਈ ਸਾਜ਼ਿਸ਼ ਦੇ ਸਿਧਾਂਤ ਕਥਿਤ ਗੁਪਤ ਸਰਕਾਰੀ ਯੋਜਨਾਵਾਂ ਅਤੇ ਵਿਸਤ੍ਰਿਤ ਕਤਲ ਦੀਆਂ ਸਾਜ਼ਿਸ਼ਾਂ ਨਾਲ ਸਬੰਧਤ ਹਨ। ਸਾਜ਼ਿਸ਼ ਦੇ ਸਿਧਾਂਤ ਆਮ ਤੌਰ ’ਤੇ ਸਹਿਮਤੀ ਤੋਂ ਇਨਕਾਰ ਕਰਦੇ ਹਨ ਜਾਂ ਇਤਿਹਾਸਕ ਜਾਂ ਵਿਗਿਆਨਕ ਵਿਧੀ ਦੀ ਵਰਤੋਂ ਕਰਕੇ ਸਾਬਤ ਨਹੀਂ ਕੀਤੇ ਜਾ ਸਕਦੇ ਹਨ, ਅਤੇ ਪ੍ਰਮਾਣਿਤ ਸਾਜ਼ਿਸ਼ਾਂ ਜਿਵੇਂ ਕਿ ਦੂਜੇ ਵਿਸ਼ਵ ਯੁੱਧ ਵਿੱਚ ਜਰਮਨੀ ਦੁਆਰਾ ਪੋਲੈਂਡ ’ਤੇ ਹਮਲਾ ਕਰਨ ਦਾ ਦਿਖਾਵਾ ਕਰਨ ਬਾਰੇ ਖੋਜ ਨਾਲ ਉਲਝਣ ਵਿੱਚ ਨਹੀਂ ਪੈਣਾ ਚਾਹੀਦਾ ਹੈ।



ਸਿਧਾਂਤਕ ਤੌਰ ’ਤੇ, ਸਾਜ਼ਿਸ਼ ਦੇ ਸਿਧਾਂਤ ਹਮੇਸ਼ਾਂ ਮੂਲ ਰੂਪ ਵਿੱਚ ਗਲਤ ਨਹੀਂ ਹੁੰਦੇ ਹਨ ਕਿਉਂਕਿ ਉਹਨਾਂ ਦੀ ਵੈਧਤਾ ਕਿਸੇ ਵੀ ਸਿਧਾਂਤ ਦੀ ਤਰ੍ਹਾਂ ਸਬੂਤਾਂ ’ਤੇ ਨਿਰਭਰ ਕਰਦੀ ਹੈ। ਹਾਲਾਂਕਿ, ਉਹਨਾਂ ਵਿੱਚੋਂ ਕਈਆਂ ਦੇ ਬੋਝਲ ਅਤੇ ਅਸੰਭਵ ਸੁਭਾਅ ਦੇ ਕਾਰਨ ਉਹਨਾਂ ਨੂੰ ਅਕਸਰ ਇੱਕ ਤਰਜੀਹੀ ਤੌਰ ’ਤੇ ਬਦਨਾਮ ਕੀਤਾ ਜਾਂਦਾ ਹੈ।

ਮਨੋਵਿਗਿਆਨੀ ਕਈ ਵਾਰ ਸਾਜ਼ਿਸ਼ ਦੇ ਸਿਧਾਂਤਾਂ ਵਿੱਚ ਵਿਸ਼ਵਾਸ ਅਤੇ ਇੱਕ ਸਾਜ਼ਿਸ਼ ਲੱਭਣ ਦਾ ਕਾਰਨ ਦਿੰਦੇ ਹਨ ਜਿੱਥੇ ਕਈ ਮਨੋਵਿਗਿਆਨਕ ਸਥਿਤੀਆਂ ਜਿਵੇਂ ਕਿ ਪੈਰਾਨੋਆ, ਸਕਾਈਜ਼ੋਟਾਈਪੀ, ਨਾਰਸੀਸਿਜ਼ਮ, ਅਤੇ ਅਸੁਰੱਖਿਅਤ ਲਗਾਵ, ਜਾਂ ‘ਭ੍ਰਮ ਪੈਟਰਨ ਧਾਰਨਾ’ ਕਹੇ ਜਾਣ ਵਾਲੇ ਬੋਧਾਤਮਕ ਪੱਖਪਾਤ ਦੇ ਇੱਕ ਰੂਪ ਵਿੱਚ ਕੋਈ ਵੀ ਨਹੀਂ ਹੈ। ਹਾਲਾਂਕਿ, ਮੌਜੂਦਾ ਵਿਗਿਆਨਕ ਸਹਿਮਤੀ ਇਹ ਮੰਨਦੀ ਹੈ ਕਿ ਜ਼ਿਆਦਾਤਰ ਸਾਜ਼ਿਸ਼ ਸਿਧਾਂਤਕ ਰੋਗ-ਵਿਗਿਆਨਕ , ਬਿਲਕੁਲ ਨਹੀਂ ਹਨ, ਕਿਉਂਕਿ ਉਨ੍ਹਾਂ ਦੇ ਵਿਸ਼ਵਾਸ ਆਖਰਕਾਰ ਬੋਧਾਤਮਕ ਪ੍ਰਵਿਰਤੀਆਂ ’ਤੇ ਨਿਰਭਰ ਕਰਦੇ ਹਨ ਜੋ ਮਨੁੱਖੀ ਸਪੀਸੀਜ਼ ਵਿੱਚ ਤੰਤੂ ਵਿਗਿਆਨਕ ਤੌਰ ’ਤੇ ਸਖਤ ਹਨ ਅਤੇ ਸੰਭਵ ਤੌਰ ’ਤੇ ਡੂੰਘੇ ਵਿਕਾਸਵਾਦੀ ਮੂਲ ਹਨ, ਜੋ ਚਿੰਤਾ ਅਤੇ ਏਜੰਟ ਖੋਜ ਵੱਲ ਕੁਦਰਤੀ ਝੁਕਾਅ ਸ਼ਾਮਲ ਹਨ।

(ਚਲਦਾ)

### ਮਾਮਲਾ ਭਾਰਤੀ ਕੁਸ਼ਤੀ ਫੈਡਰੇਸ਼ਨ ਮੁਖੀ ਉੱਪਰ ਲੱਗੇ ਪਹਿਲਵਾਨ ਬੀਬੀਆਂ ਨਾਲ ਸੈਕਸ ਸ਼ੋਸ਼ਣ ਦੇ ਦੋਸ਼ ਦਾ

# ਮੋਦੀ ਸਰਕਾਰ ਵਲੋਂ ਕਮੇਟੀ ਦੇ ਗਠਨ ਤੋਂ ਬਾਅਦ ਪਹਿਲਵਾਨਾਂ ਨੇ ਪ੍ਰਦਰਸ਼ਨ ਕੀਤਾ ਖ਼ਤਮ

> 4 ਹਫ਼ਤਿਆਂ ਵਿਚ ਸੌਂਪੀ ਜਾਵੇਗੀ ਰਿਪੋਰਟ > ਕੁਸ਼ਤੀ ਫੈਡਰੇਸ਼ਨ ਮੁਖੀ ਜਾਂਚ ਖ਼ਤਮ ਹੋਣ ਤੱਕ ਰੋਜ਼ਾਨਾ ਦੇ ਕੰਮਾਂ ਤੋਂ ਰਹਿਣਗੇ ਦੂਰ
> ਜਿਨਸੀ ਸ਼ੋਸ਼ਣ ਮਾਮਲੇ ਵਿਚ ਖੇਡ ਮੰਤਰਾਲੇ ਵਲੋਂ ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਦਾ ਸਹਾਇਕ ਸਕੱਤਰ ਮੁਅੱਤਲ

ਨਵੀਂ ਦਿੱਲੀ/ਏ.ਟੀ.ਨਿਊਜ਼ :- ਹੁਣੇ ਜਿਹੇ ਭਾਰਤੀ ਕੁਸ਼ਤੀ ਫੈਡਰੇਸ਼ਨ ਮੁਖੀ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੇ ਅਸਤੀਫੇ 'ਤੇ ਬਜ਼ਿੱਦ ਪ੍ਰਦਰਸ਼ਨਕਾਰੀਆਂ ਪਹਿਲਵਾਨਾਂ ਨੇ ਸਰਕਾਰ ਵਲੋਂ ਨਿਰਪੱਖ ਜਾਂਚ ਦਾ ਭਰੋਸਾ ਮਿਲਣ ਅਤੇ ਐਮ.ਸੀ. ਮੈਰੀਕਾਮ ਦੀ ਅਗਵਾਈ ਵਿਚ 7 ਮੈਂਬਰੀ ਜਾਂਚ ਕਮੇਟੀ ਬਣਨ ਤੋਂ ਬਾਅਦ ਪ੍ਰਦਰਸ਼ਨ ਖਤਮ ਕਰਨ ਦਾ ਐਲਾਨ ਕਰ ਦਿੱਤਾ ਸੀ। ਇਸ ਜਾਂਚ ਕਮੇਟੀ ਵਿਚ ਮੈਰੀ ਕਾਮ ਤੋਂ ਇਲਾਵਾ ਪੈਨਲ ਵਿਚ ਯੋਗੇਸ਼ਵਰ ਦੱਤ, ਤੀਰਅੰਦਾਜ਼ ਡੋਲਾ ਬੈਨਰਜੀ ਅਤੇ ਭਾਰਤੀ ਭਾਰ ਤੋਲਣ ਫੈਡਰੇਸ਼ਨ ਦੇ ਪ੍ਰਧਾਨ ਸਹਿਦੇਵ ਯਾਦਵ ਹੋਣਗੇ। ਇਸ ਸਾਰੇ ਘਟਨਾਕ੍ਰਮ ਵਿਚ ਸਭ ਤੋਂ ਪਹਿਲਾਂ ਬ੍ਰਿਜ ਭੂਸ਼ਨ ਨੂੰ ਉਨ੍ਹਾਂ ਦੇ ਰੋਜ਼ਾਨਾ ਦੇ ਕੰਮਕਾਜਾਂ ਤੋਂ ਵੱਖ ਕਰ ਦਿੱਤਾ ਗਿਆ ਸੀ। ਖੇਡ ਮੰਤਰੀ ਅਨੁਰਾਗ ਠਾਕੁਰ ਨਾਲ ਦੂਸਰੇ ਦੌਰ ਦੀ ਚੱਲੀ ਲੰਬੀ ਗੱਲਬਾਤ ਤੋਂ ਬਾਅਦ ਵਿਨੇਸ਼ ਫੋਗਾਟ, ਬਜਰੰਗ ਪੂਨੀਆ, ਸਾਕਸ਼ੀ ਮਲਿਕ ਅਤੇ ਰਵੀ ਦਹੀਆ ਨੇ ਪ੍ਰਦਰਸ਼ਨ ਖਤਮ ਕਰਨ ਦਾ ਐਲਾਨ ਕਰ ਦਿੱਤਾ ਸੀ। ਖੇਡ ਮੰਤਰੀ ਅਨੁਰਾਗ ਠਾਕੁਰ ਨੇ ਦੱਸਿਆ ਕਿ ਇਹ ਸਾਰੀ ਜਾਂਚ ਚਾਰ ਹਫ਼ਤਿਆਂ ਵਿਚ ਪੂਰੀ ਕਰ ਲਈ ਜਾਵੇਗੀ। ਉਨ੍ਹਾਂ ਇਸ ਮੌਕੇ ਸਪੱਸ਼ਟ ਕਰ ਦਿੱਤਾ ਕਿ ਜਦੋਂ ਤੱਕ ਜਾਂਚ ਜਾਰੀ ਰਹੇਗੀ ਉਦੋਂ ਤੱਕ ਬ੍ਰਿਜ ਭੂਸ਼ਨ ਰੋਜ਼ਾਨਾ ਦੇ ਕੰਮਾਂ ਤੋਂ ਦੂਰੀ ਬਣਾ ਕੇ ਰੱਖਣ ਦੇ ਨਾਲ-ਨਾਲ ਜਾਂਚ ਵਿਚ ਸਹਿਯੋਗ ਕਰਨਗੇ ਅਤੇ ਫੈਡਰੇਸ਼ਨ ਦੇ ਰੋਜ਼ਾਨਾ ਦੇ ਕੰਮ ਕਾਜ ਨਿਗਰਾਨ ਕਮੇਟੀ ਦੇਖੇਗੀ। ਅਨੁਰਾਗ ਠਾਕੁਰ ਨੇ ਇਸ ਮੌਕੇ ਭਰੋਸਾ ਦਿਵਾਇਆ ਕਿ ਸਾਰੇ ਮਾਮਲੇ ਦੀ ਨਿਰਪੱਖ ਜਾਂਚ ਹੋਵੇਗੀ। ਇਹ ਫੈਸਲਾ



ਆਈ.ਓ.ਏ. ਦੀ ਐਮਰਜੈਂਸੀ ਕਾਰਜਕਾਰੀ ਕੌਂਸਲ ਦੀ ਬੈਠਕ ਵਿਚ ਲਿਆ ਗਿਆ ਸੀ, ਜਿਸ ਵਿਚ ਅਭਿਨਵ ਬਿੰਦਰਾ, ਯੋਗੇਸ਼ਵਰ ਦੇ ਨਾਲ ਆਈ.ਓ.ਏ. ਦੀ ਮੁਖੀ ਪੀ.ਟੀ. ਊਸ਼ਾ ਅਤੇ ਜਾਇੰਟ ਸਕੱਤਰ ਕਲਿਆਨ ਚੌਬੇ ਵੀ ਸ਼ਾਮਿਲ ਹੋਏ ਸਨ। ਸ਼ਿਵਾ ਕੇਸ਼ਵਨ ਨੂੰ ਇਸ ਬੈਠਕ ਵਿਚ ਵਿਸ਼ੇਸ਼ ਤੌਰ 'ਤੇ ਬੁਲਾਇਆ ਗਿਆ ਸੀ। ਕਾਂਗਰਸ, ਆਮ ਆਦਮੀ ਪਾਰਟੀ, ਸਮਾਜਵਾਦੀ ਪਾਰਟੀ ਅਤੇ ਖੱਬੇ ਪੱਖੀ ਪਾਰਟੀਆਂ ਨੇ ਖਿਡਾਰੀਆਂ ਨੂੰ ਆਪਣਾ ਸਮਰਥਨ ਦਿਤਾ ਸੀ। ਉੱਧਰ ਦੂਜੇ ਪਾਸੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਮੁਖੀ ਬ੍ਰਿਜ ਭੂਸ਼ਨ ਸ਼ਰਨ ਸਿੰਘ ਨੇ ਅਸਤੀਫ਼ਾ ਦੇਣ ਤੋਂ ਕੋਰੀ ਨਾਂਹ ਕਰਦਿਆਂ ਕਿਹਾ ਕਿ ਜੇਕਰ ਉਸ ਨੇ ਮੂੰਹ ਖੋਲਿਆ ਤਾਂ ਸੁਨਾਮੀ ਆ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਪ੍ਰਦਰਸ਼ਨ ਪਿੱਛੇ ਕਾਂਗਰਸ ਹੈ ਤੇ ਇਹ ਭਾਜਪਾ 'ਤੇ ਹਮਲਾ ਹੈ। ਉਸ ਨੇ ਕਿਹਾ ਸੀ ਕਿ ਪ੍ਰਦਰਸ਼ਨ ਕਰ ਰਹੇ ਪਹਿਲਵਾਨ ਕਾਂਗਰਸ ਅਤੇ ਦੀਪੇਂਦਰ ਹੁੱਡਾ ਦੇ ਹੱਥਾਂ ਦਾ ਖਿਡੌਣਾ ਹਨ। ਮੇਰੀ ਹਮਾਇਤ ਵਿਚ ਵੀ ਕਈ ਖਿਡਾਰੀ ਹਨ। ਦੂਜੇ ਪਾਸੇ ਖਿਡਾਰੀਆਂ ਦਾ ਦਾਅਵਾ ਸੀ ਕਿ ਉਨ੍ਹਾਂ ਕੋਲ ਫੈਡਰੇਸ਼ਨ ਮੁਖੀ ਖਿਲਾਫ਼ ਪੁਖਤਾ ਸਬੂਤ ਹਨ ਜਿਸ ਨੂੰ ਉਹ ਸਮਾਂ ਆਉਣ 'ਤੇ ਨਸ਼ਰ ਕਰਨਗੇ। ਹਾਲਾਂਕਿ ਮੀਡੀਆ ਵਲੋਂ ਵਾਰ-ਵਾਰ ਐਫ. ਆਈ. ਆਰ. ਦਰਜ ਨਾ ਕਰਵਾਉਣ ਬਾਰੇ ਪੁੱਛੇ ਸਵਾਲਾਂ 'ਤੇ ਪ੍ਰਦਰਸ਼ਨਕਾਰੀਆਂ ਨੇ ਕਿਹਾ ਸੀ ਕਿ ਉਹ ਕਿਸੇ ਬੇਟੀ/ਭੈਣ ਦਾ ਨਾਂ ਜਨਤਕ ਨਹੀਂ ਕਰਨਾ ਚਾਹੁੰਦੇ। ਮੀਡੀਆ ਵਲੋਂ ਜਵਾਬ 'ਤੇ ਸੰਤੁਸ਼ਟ ਨਾ ਹੋਣ 'ਤੇ ਵਿਨੇਸ਼ ਫੋਗਾਟ ਨੇ ਕਿਹਾ ਕਿ ਉਹ ਭਾਰਤੀ ਉਲੰਪਿਕ ਐਸੋਸੀਏਸ਼ਨ ਕਮੇਟੀ ਅੱਗੇ ਪੀੜਤਾਂ ਦੀ ਪਛਾਣ ਜਨਤਕ ਕਰ ਸਕਦੇ ਹਨ। ਵਿਨੇਸ਼ ਫੋਗਾਟ ਨੇ ਕਿਹਾ ਕਿ ਉਸ ਨੇ ਕੁਸ਼ਤੀ ਸੰਘ ਵਿੱਚ ਲੜਕੀਆਂ ਦੇ ਯੌਨ ਸ਼ੋਸ਼ਣ ਬਾਰੇ ਅਕਤੂਬਰ 2021 ਵਿਚ ਮੋਦੀ ਨੂੰ ਮਿਲ ਕੇ ਉੱਥੇ ਹੋ ਰਹੇ ਕੁਕਰਮਾਂ ਤੋਂ ਜਾਣੂੰ ਕਰਵਾਇਆ ਸੀ, ਪਰ ਉਨ੍ਹਾਂ ਕੁਝ ਵੀ ਨਹੀਂ ਕੀਤਾ।

ਫੋਗਾਟ ਨੇ ਅੱਖਾਂ ਭਰ ਕੇ ਕਿਹਾ ਕਿ- ਜਦੋਂ ਸ਼ੋਸ਼ਣ ਹੁੰਦਾ ਹੈ ਤਾਂ ਬੰਦ ਕਮਰੇ ਵਿੱਚ ਹੁੰਦਾ ਹੈ, ਜਿਥੇ ਕੈਮਰੇ ਨਹੀਂ ਹੁੰਦੇ। ਮੈਂ ਘੱਟੋ-ਘੱਟ 20 ਕੁੜੀਆਂ ਨੂੰ ਜਾਣਦੀ ਹਾਂ, ਜਿਨ੍ਹਾਂ ਨੂੰ ਕੌਮੀ ਕੈਂਪਾਂ ਵਿੱਚ ਯੌਨ ਸ਼ੋਸ਼ਣ ਦਾ ਸਾਹਮਣਾ ਕਰਨਾ ਪਿਆ ਹੈ। ਉਸ ਨੇ ਕਿਹਾ ਕਿ ਕੌਮੀ ਕੈਂਪਾਂ ਦੇ ਕੋਚਾਂ ਵਿੱਚੋਂ ਕੁਝ ਕੋਚ ਸਾਲਾਂ ਤੋਂ ਔਰਤ ਪਹਿਲਵਾਨਾਂ ਦਾ ਯੌਨ ਸ਼ੋਸ਼ਣ ਕਰਦੇ ਆ ਰਹੇ ਹਨ। ਕੌਮੀ ਕੈਂਪ ਇਸ ਕਰਕੇ ਲਖਨਊ ਵਿੱਚ ਲਗਾਇਆ ਜਾਂਦਾ ਹੈ ਕਿਉਂਕਿ ਉੱਥੇ ਪ੍ਰਧਾਨ ਦਾ ਘਰ ਹੈ ਤੇ ਉਸ ਲਈ ਕੁੜੀਆਂ ਦਾ ਸ਼ੋਸ਼ਣ ਕਰਨਾ ਸੌਖਾ ਰਹਿੰਦਾ ਹੈ। ਵਿਨੇਸ਼ ਫੋਗਾਟ ਉਸ ਮਹਾਂਵੀਰ ਫੋਗਾਟ ਦੀ ਬੇਟੀ ਹੈ, ਜਿਸ ਦੇ ਜੀਵਨ ਉੱਤੇ ਦੰਗਲ ਫਿਲਮ ਬਣੀ ਸੀ।

ਵਿਨੇਸ਼ ਫੋਗਾਟ ਨੇ ਫੈਡਰੇਸ਼ਨ ਮੁਖੀ ਤੋਂ ਇਲਾਵਾ ਕੁਸ਼ਤੀ ਫੈਡਰੇਸ਼ਨ ਦੇ ਉਪ ਮੁਖੀ 'ਤੇ ਵੀ ਜਿਣਸੀ ਸ਼ੋਸ਼ਣ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਉਸ ਕੋਲ ਸਬੂਤ ਵਜੋਂ 30 ਮਿੰਟ ਦਾ ਆਡੀਓ ਕਲਿਪ ਹੈ। ਵਿਨੇਸ਼ ਨੇ ਨਾਲ ਹੀ ਇਹ ਵੀ ਸਪੱਸ਼ਟ ਕਰਦਿਆਂ ਕਿਹਾ ਕਿ ਜਿਸ ਲੜਕੀ ਦਾ ਸੋਸ਼ਣ ਹੋਇਆ ਹੈ ਉਹ ਹਰਿਆਣਾ ਤੋਂ ਨਹੀਂ ਹੈ।

ਵਿਨੇਸ਼ ਫੋਗਾਟ ਨੇ ਪ੍ਰਧਾਨ ਮੰਤਰੀ ਨੂੰ ਅਪੀਲ ਕਰਦਿਆਂ ਕਿਹਾ ਕਿ-ਜੇਕਰ ਸਾਨੂੰ ਮਜਬੂਰ ਕੀਤਾ ਗਿਆ ਤਾਂ ਉਹ ਦਿਨ ਕੁਸ਼ਤੀ ਲਈ ਕਾਲਾ ਦਿਨ ਹੋਵੇਗਾ, ਜਦੋਂ ਬੇਟੀਆਂ ਨਾਂ ਲੈ ਕੇ ਮੀਡੀਆ ਸਾਹਮਣੇ ਆਉਣਗੀਆਂ ਤੇ ਦੱਸਣਗੀਆਂ ਕਿ ਉਨ੍ਹਾਂ ਨਾਲ ਆਹ ਕੁਝ ਵਾਪਰਿਆ ਸੀ। ਲੜਾਈ ਕੁਸ਼ਤੀਆਂ ਦੀਆਂ ਕੁੜੀਆਂ ਦੀ ਨਹੀਂ, ਦੇਸ਼ ਦੀਆਂ ਬੇਟੀਆਂ ਦੀ ਹੈ। ਇਸ ਲਈ ਪ੍ਰਧਾਨ ਮੰਤਰੀ ਜੀ ਸਾਨੂੰ ਇੱਥੋਂ ਤੱਕ ਪਹੁੰਚਣ ਲਈ ਮਜਬੂਰ ਨਾ ਕੀਤਾ ਜਾਵੇ। ਇਸ ਮੌਕੇ ਉਸ ਨੇ ਇਹ ਵੀ ਕਿਹਾ ਕਿ ਹਰਿਆਣਾ ਕੁਸ਼ਤੀ ਸੰਘ ਦਾ ਪ੍ਰਧਾਨ ਵੀ ਬ੍ਰਿਜ ਭੂਸ਼ਣ ਸ਼ਰਣ ਦਾ ਬੰਦਾ ਹੈ ਤੇ ਉਹੋ ਜਿਹਾ ਹੀ ਹੈ।

ਹਰਿਆਣਾ ਦੀਆਂ 7 ਖਾਪਾਂ ਪਹਿਲਵਾਨਾਂ ਦੀ ਹਮਾਇਤ ਕਰਨ ਦਾ ਐਲਾਨ ਕਰ ਚੁੱਕੀਆਂ ਹਨ। ਖੁਦ ਪਹਿਲਵਾਨ ਰਹੀ ਭਾਜਪਾ ਆਗੂ ਬਬੀਤਾ ਫੋਗਾਟ ਨੇ ਵੀ ਪਹਿਲਵਾਨਾਂ ਦਾ ਸਮਰਥਨ ਕੀਤਾ। ਇਹ ਸ਼ੁੱਭ ਸ਼ਗਨ ਹੈ ਕਿ ਔਰਤ ਪਹਿਲਵਾਨਾਂ ਨਾਲ ਕੈਂਪ ਵਿੱਚ ਹੁੰਦੇ ਯੌਨ ਸ਼ੋਸ਼ਣ ਵਿਰੁੱਧ ਪਹਿਲਵਾਨਾਂ ਨੇ ਸਮੂਹਿਕ ਅਵਾਜ਼ ਉਠਾ ਕੇ ਭਾਜਪਾ ਦੇ ਬੇਟੀ ਬਚਾਓ, ਬੇਟੀ ਪੜ੍ਹਾਓ ਨਾਹਰੇ ਦਾ ਸੱਚ ਉਜਾਗਰ ਕਰ ਦਿੱਤਾ ਹੈ।ਅਗਾਂਹਵਧੂ ਸੋਚ ਰੱਖਣ ਵਾਲੇ ਹਰ ਵਿਅਕਤੀ ਨੂੰ ਔਰਤਾਂ ਦੇ ਸ਼ੋਸ਼ਣ ਵਿਰੁੱਧ ਅਵਾਜ਼ ਉਠਾਉਣੀ ਚਾਹੀਦੀ ਹੈ।

**ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਦਾ ਸਹਾਇਕ ਸਕੱਤਰ ਮੁਅੱਤਲ**

ਖੇਡ ਮੰਤਰਾਲੇ ਨੇ ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਸਹਾਇਕ ਸਕੱਤਰ ਵਿਨੋਦ ਤੋਮਰ ਨੂੰ ਮੁਅੱਤਲ ਕਰ ਦਿੱਤਾ ਹੈ। ਦਰਅਸਲ, ਸਕੱਤਰ ਵਿਨੋਦ ਨੇ ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ 'ਤੇ ਲੱਗੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਸੀ। ਉਨ੍ਹਾਂ ਕਿਹਾ ਸੀ ਕਿ ਤਿੰਨ-ਚਾਰ ਦਿਨ ਹੋ ਗਏ ਹਨ (ਪਹਿਲਵਾਨ ਹੜਤਾਲ 'ਤੇ ਹਨ) ਪਰ ਉਨ੍ਹਾਂ ਨੇ ਕੋਈ ਸਬੂਤ ਪੇਸ਼ ਨਹੀਂ ਕੀਤਾ।

# ਵੱਡਾ ਡੌਨ ਜਾਂ ਕੁਸ਼ਤੀ ਸੁਧਾਰਕ : ਡਬਲਯੂ.ਐਫ.ਆਈ. ਮੁਖੀ ਅਤੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਦੀ ਰੰਗੀਨ ਦੁਨੀਆ ਦਾ ਪਰਦਾਫ਼ਾਸ਼

## ਗੈਂਗਸਟਰ ਦਾਊਦ ਇਬਰਾਹਿਮ ਦੇ ਸਾਥੀਆਂ ਦੀ ਮਦਦ ਕਰਨ ਕਾਰਨ ਗ੍ਰਿਫ਼ਤਾਰ ਹੋਇਆ, ਕਈ ਮਹੀਨੇ ਤਿਹਾੜ ਜੇਲ੍ਹ ਵਿਚ ਰਿਹਾ

**ਸ਼ੁਭਾਂਗੀ ਮਿਸ਼ਰਾ**
**ਪੱਤਰਕਾਰ 'ਦਾ ਪ੍ਰਿੰਟ ਮੀਡੀਆ'**

ਨਵੀਂ ਦਿੱਲੀ/ਏ.ਟੀ.ਨਿਊਜ਼ :- ਕੈਸਰਗੰਜ ਤੋਂ ਭਾਰਤੀ ਜਨਤਾ ਪਾਰਟੀ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਸ਼ਰਨ ਸਿੰਹ ਦਾ MyNeta.info 'ਤੇ 'ਕ੍ਰਾਈਮ-ਓ-ਮੀਟਰ' ਵਿੱਚ ਉਸ ਨੇ ਵੀਡੀਓ 'ਤੇ ਇਕ ਕਤਲ ਦੀ ਗੱਲ ਕਬੂਲ ਕੀਤੀ ਹੈ ਅਤੇ ਪਿਛਲੇ ਦਿਨੀਂ ਆਪਣੇ ਆਪ ਨੂੰ ਇਕ ਸ਼ਕਤੀਸ਼ਾਲੀ ਪਹਿਲਵਾਨ ਦੱਸਿਆ ਸੀ। ਕਈਆਂ ਨੇ ਉਸ ਨੂੰ 'ਬਾਹੂਬਲੀ' ਅਤੇ ਕਈਆਂ ਨੇ 'ਸਭ ਤੋਂ ਵੱਡਾ ਗੁੰਡਾ' ਕਰਾਰ ਦਿੱਤਾ ਹੈ। ਕੱਲ੍ਹ ਤੱਕ, ਭਾਰਤੀ ਕੁਸ਼ਤੀ ਚੈਂਪੀਅਨਸ਼ਿਪ (ਡਬਲਯੂਐਫਆਈ) ਦੇ ਪ੍ਰਧਾਨ, ਬ੍ਰਿਜ ਭੂਸ਼ਣ ਸ਼ਰਨ ਸਿੰਹ ਨੂੰ ਦੇਸ਼ ਵਿੱਚ ਖੇਡ ਲਈ ਇੱਕ ਸੱਚੇ ਸੁਧਾਰਕ ਅਤੇ ਤਾਕਤਵਰ ਵਜੋਂ ਜਾਣਿਆ ਜਾਂਦਾ ਸੀ। ਪਰ ਹੁਣ ਓਲੰਪਿਕ ਤਮਗਾ ਜੇਤੂ ਬਜਰੰਗ ਪੂਨੀਆ ਅਤੇ ਸਾਕਸ਼ੀ ਮਲਿਕ ਸਮੇਤ ਚੋਟੀ ਦੇ ਪਹਿਲਵਾਨਾਂ ਨੇ ਉਸ ਨੂੰ 'ਸ਼ਿਕਾਰੀ' ਕਹਿਕੇ ਉਸ 'ਤੇ 'ਜਿਨਸੀ ਸ਼ੋਸ਼ਣ' ਅਤੇ ਪਹਿਲਵਾਨਾਂ ਬੀਬੀਆਂ ਨਾਲ ਛੇੜਛਾੜ ਦਾ ਦੋਸ਼ ਲਗਾਏ ਹਨ।

ਵਿਵਾਦਾਂ ਵਿੱਚ ਸਿੰਹ ਪਹਿਲੀ ਵਾਰ ਨਹੀਂ ਘਿਰੇ। ਉਸ ਨੂੰ 1990 ਦੇ ਦਹਾਕੇ ਵਿੱਚ ਗੈਂਗਸਟਰ ਦਾਊਦ ਇਬਰਾਹਿਮ ਦੇ ਸਾਥੀਆਂ ਦੀ ਕਥਿਤ ਤੌਰ 'ਤੇ ਮਦਦ ਕਰਨ ਦੇ ਦੋਸ਼ ਵਿੱਚ ਟਾਡਾ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਦੌਰਾਨ ਉਸ ਨੇ ਕਈ ਮਹੀਨੇ ਤਿਹਾੜ ਜੇਲ੍ਹ ਵਿਚ ਬਿਤਾਏ ਸਨ। ਉਸ ਦੇ ਚੋਣ ਹਲਫ਼ਨਾਮੇ ਅਨੁਸਾਰ ਉਸ ਖ਼ਿਲਾਫ਼ ਚਾਰ ਕੇਸ ਪੈਂਡਿੰਗ ਹਨ। ਉਸ ਦੇ ਖਿਲਾਫ ਜਨਤਕ ਨੇਤਾ ਨੂੰ ਸੱਟ ਪਹੁੰਚਾਉਣ ਅਤੇ ਡਕੈਤੀ, ਧਾਰਾ ਕਤਲ ਦੀ ਕੋਸ਼ਿਸ਼ ਦੇ ਦੋਸ਼ ਲਗੇ ਸਨ। 2004 ਵਿੱਚ, ਬਲਰਾਮਪੁਰ ਵਿੱਚ ਤਬਦੀਲ ਹੋਣ ਤੋਂ ਬਾਅਦ, ਭਾਜਪਾ ਨੇ ਘਣਸ਼ਿਆਮ ਸ਼ੁਕਲਾ ਦੀ ਥਾਂ ਬ੍ਰਿਜ ਭੂਸ਼ਣ ਸ਼ਰਨ ਸਿੰਹ ਨੂੰ ਗੋਂਡਾ ਤੋਂ ਪਾਰਟੀ ਦਾ ਉਮੀਦਵਾਰ ਬਣਾਇਆ ਸੀ। ਦਰਅਸਲ ਸ਼ੁਕਲਾ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ ਸੀ, ਜਿਸ ਨੂੰ ਕੁਝ ਲੋਕਾਂ ਨੇ 'ਕਤਲ' ਕਰਾਰ ਦਿੱਤਾ ਸੀ।



ਉੱਤਰ ਪ੍ਰਦੇਸ਼ ਦੇ ਗੋਂਡਾ, ਕੈਸਰਗੰਜ ਅਤੇ ਬਲਰਾਮਪੁਰ ਹਲਕਿਆਂ ਤੋਂ ਛੇ ਵਾਰ ਸੰਸਦ ਰਹਿ ਚੁੱਕੇ ਬ੍ਰਿਜ ਭੂਸ਼ਣ ਸ਼ਰਨ ਸਿੰਹ ਇਸ ਸਮੇਂ ਕੈਸਰਗੰਜ ਤੋਂ ਸੰਸਦ ਮੈਂਬਰ ਹਨ। ਜਵਾਨੀ ਵਿੱਚ ਉਹ ਕਥਿਤ ਤੌਰ 'ਤੇ ਇੱਕ ਮੋਟਰਸਾਈਕਲ ਚੋਰ ਸੀ ਅਤੇ 1980 ਦੇ ਦਹਾਕੇ ਵਿੱਚ ਸ਼ਰਾਬ ਮਾਫੀਆ ਨਾਲ ਉਸਦੇ ਸਬੰਧ ਸਨ। ਉਹ 1993 ਵਿੱਚ ਇੱਕ ਪੁਲਿਸ ਮੁਕਾਬਲੇ ਵਿੱਚ ਵੀ ਸ਼ਾਮਲ ਰਿਹਾ ਸੀ ਅਤੇ ਪਿਛਲੇ ਸਾਲ ਦਸੰਬਰ ਵਿੱਚ ਗੋਂਡਾ ਦੀ ਇੱਕ ਸਥਾਨਕ ਅਦਾਲਤ ਨੇ ਇਸ ਮਾਮਲੇ ਵਿੱਚ ਉਸਨੂੰ ਬਰੀ ਕਰ ਦਿੱਤਾ ਸੀ। ਬ੍ਰਿਜ ਭੂਸ਼ਣ ਸ਼ਰਨ ਸਿੰਹ 'ਤੇ ਸਾਬਕਾ ਮੰਤਰੀ ਪੰਡਿਤ ਸਿੰਘ ਵਜੋਂ ਜਾਣੇ ਜਾਂਦੇ ਵਿਨੋਦ ਕੁਮਾਰ ਸਿੰਘ ਦੀ ਹੱਤਿਆ ਦੀ ਕੋਸ਼ਿਸ਼ ਦਾ ਦੋਸ਼ ਸੀ। ਸਿੰਹ ਨੇ 1985 ਵਿੱਚ ਫੈਜ਼ਾਬਾਦ ਤੋਂ ਡਾਕਟਰ ਆਰਐਮਐਲ ਅਵਧ ਯੂਨੀਵਰਸਿਟੀ ਤੋਂ ਐਲਐਲਬੀ ਵਿੱਚ ਗ੍ਰੈਜੂਏਸ਼ਨ ਕੀਤੀ ਅਤੇ ਵਰਤਮਾਨ ਵਿੱਚ ਉਨ੍ਹਾਂ ਦਾ ਪੂਰਾ ਪਰਿਵਾਰ ਰਾਜਨੀਤੀ ਵਿੱਚ ਸ਼ਾਮਲ ਹੈ। ਉਨ੍ਹਾਂ ਦੀ ਪਤਨੀ ਕੇਤਕੀ ਦੇਵੀ ਸਿੰਘ ਗੋਂਡਾ ਜ਼ਿਲ੍ਹਾ ਪੰਚਾਇਤ ਦੀ ਸਰਪੰਚ ਹੈ ਅਤੇ ਉਨ੍ਹਾਂ ਦਾ ਪੁੱਤਰ ਪ੍ਰਤੀਕ ਭੂਸ਼ਣ ਸਿੰਘ ਗੋਂਡਾ ਸਦਰ ਸੀਟ ਤੋਂ ਵਿਧਾਇਕ ਹੈ।2004 ਵਿੱਚ, ਬ੍ਰਿਜ ਭੂਸ਼ਣ ਦੇ 22 ਸਾਲਾ ਪੁੱਤਰ ਸ਼ਕਤੀ ਸਿੰਘ ਨੇ ਕਥਿਤ ਤੌਰ 'ਤੇ ਨਵਾਬਗੰਜ ਵਿੱਚ ਆਪਣੇ ਜੱਦੀ ਘਰ ਵਿੱਚ ਖੁਦ ਨੂੰ ਗੋਲੀ ਮਾਰ ਲਈ ਸੀ।

'ਸੁਸਾਈਡ ਨੋਟ ਵਿੱਚ, ਉਸਨੇ ਕਥਿਤ ਤੌਰ 'ਤੇ ਆਪਣੇ ਪਿਤਾ 'ਤੇ ਸੁਆਰਥੀ ਹੋਣ ਅਤੇ ਉਸਦੀ ਜਾਂ ਉਸਦੇ ਭੈਣਾਂ-ਭਰਾਵਾਂ ਦੀ ਦੇਖਭਾਲ ਨਾ ਕਰਨ ਦਾ ਦੋਸ਼ ਲਗਾਇਆ- 'ਤੁਸੀਂ ਕਦੇ ਵੀ ਚੰਗੇ ਪਿਤਾ ਨਹੀਂ ਸੀ। ਤੁਸੀਂ ਕਦੇ ਵੀ ਆਪਣੇ ਬੱਚਿਆਂ ਦੀ ਪ੍ਰਵਾਹ ਨਹੀਂ ਕੀਤੀ ਅਤੇ ਸਿਰਫ ਆਪਣੀ ਪ੍ਰਵਾਹ ਕੀਤੀ। ਸਾਡਾ ਭਵਿੱਖ ਉੱਜਵਲ ਨਜ਼ਰ ਨਹੀਂ ਆਉਂਦਾ। ਮੇਰੇ ਲਈ ਜੀਣ ਦਾ ਕੋਈ ਕਾਰਨ ਨਹੀਂ ਹੈ।'

ਭਾਰਤ ਦੇ ਕੁਸ਼ਤੀ ਭਾਈਚਾਰੇ ਦੇ ਮੈਂਬਰਾਂ ਦਾ ਕਹਿਣਾ ਹੈ ਕਿ ਸਿੰਹ ਨਾ ਸਿਰਫ ਇੱਕ 'ਮਾਫੀਆ ਡੌਨ' ਹੈ, ਸਗੋਂ ਉੱਤਰ ਪ੍ਰਦੇਸ਼ ਵਿੱਚ 'ਸਾਰੇ ਮਾਫੀਆ ਡੌਨਾਂ ਦਾ ਡੌਨ' ਹੈ।

(ਬਾਕੀ ਸਫ਼ਾ 29 'ਤੇ)

# 10 ਸਾਲਾਂ ਵਿਚ 29 ਕੋਚਾਂ ’ਤੇ ਲੱਗੇ ਦੋਸ਼ : ਕੁਸ਼ਤੀ ਤੋਂ ਲੈ ਕੇ ਕ੍ਰਿਕਟ ਤੱਕ, ਖਿਡਾਰਣਾਂ ਦੇ ਜਿਨਸੀ ਸ਼ੋਸ਼ਣ ਦੇ 8 ਬਿਰਤਾਂਤ


ਸਹਾਇਕ ਕੋਚ ਐਲੇਕਸ ਐਂਬਰੋਜ਼ ਉਪਰ ਜਿਨਸੀ ਸ਼ੋਸ਼ਣ ਦਾ ਦੋਸ਼


ਏ ਕੇ ਕਰੁਣਾਕਰਨ, ਤਾਮਿਲਨਾਡੂ ਰਾਜ ਐਮੇਚਿਓਰ ਬਾਕਸਿੰਗ ਐਸੋਸੀਏਸ਼ਨ ਦੇ ਸਕੱਤਰ,ਉਪਰ ਛੇੜਛਾੜ ਦਾ ਦੋਸ਼


ਜੂਨੀਅਰ ਔਰਤ ਅਥਲੀਟ ਅਪਰਨਾ ਰਾਮਚੰਦਰਨ ਜਿਸਨੇ ਕੋਚ ਦੇ ਸ਼ੋਸ਼ਣ ਕਾਰਣ ਖੁਦਕਸ਼ੀ ਕੀਤੀ


ਸਾਈਕਲਿੰਗ ਟੀਮ ਦੇ ਮੁੱਖ ਕੋਚ ਆਰਕੇ ਸ਼ਰਮਾ ’ਤ ਸਲੋਵੇਨੀਆ ਦੌਰੇ ਦੌਰਾਨ ਜਿਨਸੀ ਸ਼ੋਸ਼ਣ ਦੇ ਦੋਸ਼


7 ਐਥਲੀਟ ਬੀਬੀਆਂ ਵਲੋਂ ਬਾਸਕਟਬਾਲ ਕੋਚ ਪੀ ਨਾਗਰਾਜਨ ’ਤੇ ਕਈ ਸਾਲਾਂ ਤੱਕ ਦੁਰਵਿਵਹਾਰ ਕਰਨ ਦਾ ਦੋਸ਼


ਜਿਮਨਾਸਟ ਵਲੋਂ ਆਪਣੇ ਕੋਚ ਮਨੋਜ ਰਾਣਾ ਅਤੇ ਸਾਥੀ ਜਿਮਨਾਸਟ ਚੰਦਨ ਪਾਠਕ ’ਤੇ ਅਸ਼ਲੀਲ ਟਿੱਪਣੀਆਂ ਕਰਨ ਦਾ ਦੋਸ਼


ਹਾਕੀ ਖਿਡਾਰਨ ਰੰਜੀਤਾ ਦੇਵੀ ਵਲੋਂ ਟੀਮ ਦੇ ਕੋਚ ਮਹਾਰਾਜ ਕਿਸ਼ਨ ਕੌਸ਼ਿਕ ’ਤੇ ਜਿਨਸੀ ਸ਼ੋਸ਼ਣ ਦਾ ਦੋਸ਼


ਆਂਧਰਾ ਕ੍ਰਿਕਟ ਸੰਘ ਦੇ ਸਕੱਤਰ ਵੀ ਚਾਮੁੰਡੇਸ਼ਵਰਨਾਥ ’ਤੇ ਖਿਡਾਰਣਾਂ ਨੂੰ ਸੈਕਸ ਕਰਨ ਲਈ ਦਬਾਅ ਪਾਉਣ ਦਾ ਦੋਸ਼

ਬੀਤੇ ਦਿਨੀਂ ਵਿਨੇਸ਼ ਫੋਗਾਟ, ਸਾਕਸ਼ੀ ਮਲਿਕ ਸਮੇਤ ਕਈ ਪਹਿਲਵਾਨ ਬੀਬੀਆਂ ਨੇ ਬ੍ਰਿਜ ਭੂਸ਼ਣ ’ਤੇ ਪਹਿਲਵਾਨ ਬੀਬੀਆਂ ਦਾ ਜਿਨਸੀ ਸ਼ੋਸ਼ਣ ਕਰਨ ਸੰਬੰਧੀ ਦੋਸ਼ ਲਗਾਇਆ ਹੈ। ਵੱਡੇ-ਵੱਡੇ ਨਾਵਾਂ ਕਾਰਨ ਇਹ ਮਾਮਲਾ ਸੁਰਖੀਆਂ ਵਿਚ ਆਇਆ ਸੀ। ਹਾਲਾਂਕਿ ਪਿਛਲੇ 10 ਸਾਲਾਂ ਵਿਚ ਸਪੋਰਟਸ ਅਥਾਰਟੀ ਆਫ ਇੰਡੀਆ ਦੇ 45 ਲੋਕਾਂ ’ਤੇ ਵੱਖ-ਵੱਖ ਖੇਡਾਂ ਵਿਚ ਜਿਨਸੀ ਸ਼ੋਸ਼ਣ ਦੇ ਦੋਸ਼ ਲੱਗੇ ਹਨ। 7 ਸਾਲ ਪਹਿਲਾਂ ਕੇਰਲ ਦੀ ਜੂਨੀਅਰ ਔਰਤ ਅਥਲੀਟ ਅਪਰਨਾ ਰਾਮਚੰਦਰਨ ਨੇ ਕੋਚ ਤੋਂ ਤੰਗ ਆ ਕੇ ਸਪੋਰਟਸ ਅਥਾਰਟੀ ਦੇ ਹੋਸਟਲ ਵਿਚ ਹੀ ਖੁਦਕੁਸ਼ੀ ਕਰ ਲਈ ਸੀ।

**1. ਫੁੱਟਬਾਲ ਕੋਚ ’ਤੇ ਔਰਤ ਖਿਡਾਰੀਆਂ ਨੂੰ ਗੰਦੇ ਸੰਦੇਸ਼ ਭੇਜਣ ਦਾ ਦੋਸ਼**

ਇਹ ਜੁਲਾਈ 2022 ਦੀ ਗੱਲ ਹੈ। ਸਹਾਇਕ ਕੋਚ ਐਲੇਕਸ ਐਂਬਰੋਜ਼ ਭਾਰਤੀ ਅੰਡਰ-17 ਮਹਿਲਾ ਫੁੱਟਬਾਲ ਟੀਮ ਨਾਲ ਯੂਰਪ ਦੇ ਦੌਰੇ ’ਤੇ ਗਏ ਸਨ। ਇਸ ਦੌਰਾਨ ਇਕ ਖਿਡਾਰਣ ਨੇ ਕੋਚ ’ਤੇ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਇਆ। ਰਿਪੋਰਟ ਮੁਤਾਬਕ ਐਂਬਰੋਜ਼ ’ਤੇ ਗੇਮ ਤੋਂ ਬਾਅਦ ਖਿਡਾਰੀਆਂ ਨੂੰ ਗੰਦੇ ਅਤੇ ਅਸ਼ਲੀਲ ਸੰਦੇਸ਼ ਭੇਜਣ ਦਾ ਦੋਸ਼ ਹੈ।ਆਲ ਇੰਡੀਆ ਫੁੱਟਬਾਲ ਫੈਡਰੇਸ਼ਨ ਨੇ ਸ਼ਿਕਾਇਤ ਮਿਲਣ ਦੇ ਕੁਝ ਦਿਨਾਂ ਦੇ ਅੰਦਰ ਹੀ ਕੋਚ ਨੂੰ ਬਰਖਾਸਤ ਕਰ ਦਿੱਤਾ ਸੀ ਤੇ ਟੀਮ ਨਾਲ ਹਰ ਤਰ੍ਹਾਂ ਦਾ ਸੰਪਰਕ ਬੰਦ ਕਰਨ ਦਾ ਹੁਕਮ ਦਿੱਤਾ ਸੀ। ਨਾਲ ਹੀ ਤੁਰੰਤ ਭਾਰਤ ਪਰਤਣ ਅਤੇ ਅਗਲੇਰੀ ਜਾਂਚ ਲਈ ਹਾਜ਼ਰ ਰਹਿਣ ਲਈ ਕਿਹਾ ਸੀ।

**2. ਸਾਈਕਲਿੰਗ ਕੋਚ ’ਤੇ ਖਿਡਾਰੀ ਨੂੰ ਆਪਣੇ ਕਮਰੇ ਵਿਚ ਰੋਕਣ ਦਾ ਦੋਸ਼**

ਇਹ ਜੂਨ 2022 ਦੀ ਗੱਲ ਹੈ। ਇੱਕ ਸਾਈਕਲਿਸਟ ਬੀਬੀ ਨੇ ਭਾਰਤੀ ਰਾਸ਼ਟਰੀ ਮਹਿਲਾ ਸਾਈਕਲਿੰਗ ਟੀਮ ਦੇ ਮੁੱਖ ਕੋਚ ਆਰਕੇ ਸ਼ਰਮਾ ’ਤੇ ਸਲੋਵੇਨੀਆ ਦੌਰੇ ਦੌਰਾਨ ਜਿਨਸੀ ਸ਼ੋਸ਼ਣ ਅਤੇ ਦੁਰਵਿਵਹਾਰ ਦਾ ਦੋਸ਼ ਲਗਾਇਆ ਸੀ। ਸ਼ਿਕਾਇਤਕਰਤਾ ਔਰਤ ਨੇ ਦਾਅਵਾ ਕੀਤਾ ਕਿ ਕੋਚ ਨੇ ਉਸ ਨੂੰ ਆਪਣੇ ਨਾਲ ਇੱਕ ਕਮਰੇ ਵਿੱਚ ਰਹਿਣ ਲਈ ਮਜਬੂਰ ਕੀਤਾ। ਇਸ ਬਹਾਨੇ ਇੱਕ ਹੋਟਲ ਦਾ ਕਮਰਾ ਸਾਂਝਾ ਕਰਨ ਲਈ ਮਜ਼ਬੂਰ ਕੀਤਾ ਗਿਆ ਕਿ ਇੱਕੋ ਕਮਰੇ ਵਿੱਚ ਦੋ ਵਿਅਕਤੀਆਂ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ ਸੀ। ਬਾਅਦ ਵਿੱਚ ਅਥਲੀਟ ਨੇ ਇਸ ਮਾਮਲੇ ਵਿੱਚ ਸ਼ਰਮਾ ਖ਼ਿਲਾਫ਼ ਕੇਸ ਵੀ ਦਰਜ ਕਰਵਾਇਆ ਸੀ। ਇਸ ਤੋਂ ਬਾਅਦ ਸਪੋਰਟਸ ਅਥਾਰਟੀ ਨੇ ਕੋਚ ਨਾਲ ਸਾਰੇ ਸਮਝੌਤੇ ਖਤਮ ਕਰ ਦਿੱਤੇ।

**3. ਕੋਚ ’ਤੇ ਫਿਜ਼ੀਓਥੈਰੇਪੀ ਦੇ ਬਹਾਨੇ ਜਿਨਸੀ ਸ਼ੋਸ਼ਣ ਦਾ ਦੋਸ਼**

ਜੁਲਾਈ 2021 ਵਿੱਚ, 7 ਐਥਲੀਟ ਬੀਬੀਆਂ ਨੇ ਬਾਸਕਟਬਾਲ ਕੋਚ ਪੀ ਨਾਗਰਾਜਨ ’ਤੇ ਕਈ ਸਾਲਾਂ ਤੱਕ ਦੁਰਵਿਵਹਾਰ ਕਰਨ ਦਾ ਦੋਸ਼ ਲਗਾਇਆ। ਨਾਗਾਰਾਜਨ ’ਤੇ ਪਹਿਲੀ ਵਾਰ 19 ਸਾਲਾ ਐਥਲੀਟ ਨੇ ਜਿਨਸੀ ਸ਼ੋਸ਼ਣ ਦਾ ਦੋਸ਼ ਲਾਇਆ ਸੀ। ਇਸ ਘਟਨਾ ਨੂੰ ਯਾਦ ਕਰਦੇ ਹੋਏ, ਖਿਡਾਰੀ ਬੀਬੀ ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ- ਜੇਕਰ ਕੋਈ ਮੈਨੂੰ ਜੱਫੀ ਪਾਉਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਮੈਂ ਪੂਰੀ ਤਰ੍ਹਾਂ ਕੰਬ ਜਾਂਦੀ ਹਾਂ। ਉਸ ਦਿਨ ਦੀ ਘਟਨਾ ਨੂੰ ਯਾਦ ਕਰਕੇ ਜਿਊਣਾ ਔਖਾ ਹੋ ਗਿਆ ਹੈ। ਮੈਂ ਕੋਚ ਨੂੰ ਜਾਣਬੁੱਝ ਕੇ ਆਪਣੇ ਸਰੀਰ ਨੂੰ ਮੇਰੇ ਨਾਲ ਰਗੜਦੇ ਦੇਖਿਆ। ਮੈਂ ਅਪਮਾਨਿਤ ਮਹਿਸੂਸ ਕੀਤਾ। ਮੈਂ ਸੈਸ਼ਨ ਰੋਕਣ ਦਾ ਫੈਸਲਾ ਕੀਤਾ, ਪਰ ਉਸਨੇ ਮੈਨੂੰ ਨਹੀਂ ਜਾਣ ਦਿੱਤਾ। ਇਹ ਦੋਸ਼ ਲੱਗਣ ਦੇ ਦੋ ਮਹੀਨੇ ਬਾਅਦ, 7 ਹੋਰ ਔਰਤ ਐਥਲੀਟਾਂ ਨੇ ਵੀ ਦੋਸ਼ ਲਗਾਏ। ਨਾਗਾਰਾਜਨ ਵਿਰੁੱਧ ਤਾਜ਼ਾ ਸ਼ਿਕਾਇਤਾਂ ਦੇ ਵਿਚਾਲੇ, ਜਾਂਚ ਤੋਂ ਪਤਾ ਲੱਗਾ ਹੈ ਕਿ ਉਹ ‘ਫਿਜ਼ੀਓਥੈਰੇਪੀ ਇਲਾਜ’ ਦੇ ਬਹਾਨੇ ਖਿਡਾਰੀ ਬੀਬੀਆਂ ਦਾ ਜਿਨਸੀ ਸ਼ੋਸ਼ਣ ਕਰਦਾ ਸੀ। ਨਾਗਾਰਾਜਨ ਨੂੰ ਪੁਲਿਸ ਨੇ 30 ਮਈ 2021 ਨੂੰ ਗ੍ਰਿਫਤਾਰ ਕੀਤਾ ਸੀ।

**4. ਕ੍ਰਿਕਟਰ ਬੀਬੀ ਨੇ ਗੌਤਮ ਗੰਭੀਰ ਦੀ ਮਦਦ ਨਾਲ ਛੇੜਛਾੜ ਦਾ ਮਾਮਲਾ ਦਰਜ ਕਰਵਾਇਆ**

ਜਨਵਰੀ 2020 ਵਿੱਚ, ਦੱਖਣੀ-ਪੂਰਬੀ ਦਿੱਲੀ ਦੇ ਨਿਜ਼ਾਮੂਦੀਨ ਖੇਤਰ ਵਿੱਚ ਇੱਕ ਕ੍ਰਿਕਟਰ ਬੀਬੀ ਨਾਲ ਉਸਦੇ ਕੋਚ ਦੁਆਰਾ ਕਥਿਤ ਛੇੜਛਾੜ ਦੇ ਦੋਸ਼ ਵਿੱਚ ਦਿੱਲੀ ਪੁਲਿਸ ਨੇ ਐਫਆਈਆਰ ਦਰਜ ਕੀਤੀ ਸੀ। ਪੂਰਬੀ ਦਿੱਲੀ ਦੇ ਸੰਸਦ ਮੈਂਬਰ ਗੌਤਮ ਗੰਭੀਰ ਨੇ ਕਿਹਾ ਸੀ ਕਿ ਖਿਡਾਰਨ ਬੀਬੀ ਨੇ ਉਸ ਕੋਲ ਪਹੁੰਚ ਕੀਤੀ ਸੀ ਅਤੇ ਮਾਮਲੇ ਵਿੱਚ ਮਦਦ ਮੰਗੀ ਸੀ। ਇਸ ਤੋਂ ਬਾਅਦ ਬੀਬੀ ਨੇ ਗੌਤਮ ਗੰਭੀਰ ਦੀ ਮਦਦ ਨਾਲ ਕੋਚ ਖਿਲਾਫ ਮਾਮਲਾ ਦਰਜ ਕਰਵਾਇਆ ਸੀ।

**5. ਜਿਮਨਾਸਟ ਬੀਬੀ ਨੇ ਕੋਚ ’ਤੇ ਅਸ਼ਲੀਲ ਟਿੱਪਣੀ ਕਰਨ ਦਾ ਦੋਸ਼ ਲਗਾਇਆ**

ਸਤੰਬਰ 2014 ਵਿੱਚ, ਇੱਕ ਜਿਮਨਾਸਟ ਬੀਬੀ ਨੇ ਆਪਣੇ ਕੋਚ ’ਤੇ ਅਸ਼ਲੀਲ ਟਿੱਪਣੀਆਂ ਕਰਨ ਦਾ ਦੋਸ਼ ਲਗਾਇਆ ਸੀ। ਜਿਮਨਾਸਟ ਨੇ ਆਪਣੇ ਕੋਚ ਮਨੋਜ ਰਾਣਾ ਅਤੇ ਸਾਥੀ ਜਿਮਨਾਸਟ ਚੰਦਨ ਪਾਠਕ ’ਤੇ ਰਾਜਧਾਨੀ ਦਿੱਲੀ ਦੇ ਇੰਦਰਾ ਗਾਂਧੀ ਸਪੋਰਟਸ ਕੰਪਲੈਕਸ ਵਿਚ ਟ੍ਰੇਨਿੰਗ ਕੈਂਪ ਦੌਰਾਨ ਅਸ਼ਲੀਲ ਟਿੱਪਣੀਆਂ ਕਰਨ ਦਾ ਦੋਸ਼ ਲਗਾਇਆ ਸੀ।ਇਸ ਮਾਮਲੇ ਵਿਚ ਮਾਮਲਾ ਦਰਜ ਹੋਣ ਤੋਂ ਬਾਅਦ 25 ਅਕਤੂਬਰ 2014 ਨੂੰ ਦਿੱਲੀ ਦੀ ਆਈਪੀ ਸਟੇਟ ਪੁਲਿਸ ਨੇ ਮਨੋਜ ਰਾਣਾ ਨੂੰ ਗ੍ਰਿਫ਼ਤਾਰ ਕੀਤਾ ਸੀ।

**6. ਸਟੇਟ ਐਮੇਚਿਓਰ ਬਾਕਸਿੰਗ ਐਸੋਸੀਏਸ਼ਨ ਦੇ ਸਕੱਤਰ ’ਤੇ ਜਿਨਸੀ ਸ਼ੋਸ਼ਣ ਦਾ ਦੋਸ਼**

ਮਾਰਚ 2011 ਵਿੱਚ, ਏ ਕੇ ਕਰੁਣਾਕਰਨ, ਤਾਮਿਲਨਾਡੂ ਰਾਜ ਐਮੇਚਿਓਰ ਬਾਕਸਿੰਗ ਐਸੋਸੀਏਸ਼ਨ ਦੇ ਸਕੱਤਰ,ਉਪਰ ਪਰੇਸ਼ਾਨ ਕਰਨ, ਛੇੜਛਾੜ ਅਤੇ ਅਪਰਾਧਿਕ ਧਮਕੀ ਦੇਣ ਦਾ ਦੋਸ਼ ਲਗਾਇਆ ਗਿਆ ਸੀ। ਮੁੱਕੇਬਾਜ਼ ਬੀਬੀ ਨੇ ਦੱਸਿਆ ਕਿ ਸਕੱਤਰ ਉਸ ’ਤੇ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿਚ ਚੋਣ ਕਰਨ ਬਦਲੇ ਸੈਕਸ ਕਰਨ ਲਈ ਦਬਾਅ ਪਾਉਂਦਾ ਸੀ। 2009 ਦੀ ਮਹਿਲਾ ਸੀਨੀਅਰ ਰਾਸ਼ਟਰੀ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿੱਚ ਕਾਂਸੀ ਦਾ ਤਗ਼ਮਾ ਜੇਤੂ 24 ਸਾਲਾ ਈ ਤੁਲਸੀ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਕਿ ਐਸੋਸੀਏਸ਼ਨ ਦੇ ਸਕੱਤਰ ਏ ਕੇ ਕਰੁਣਾਕਰ ਦਾ ਵਿਰੋਧ ਕਰਨ ਕਾਰਨ ਉਸ ਨਾਲ ਦੁਰਵਿਵਹਾਰ ਕੀਤਾ। ਕੇਸ ਦਰਜ ਹੋਣ ਤੋਂ ਬਾਅਦ ਤਾਮਿਲਨਾਡੂ ਪੁਲਿਸ ਨੇ ਏ ਕੇ ਕਰੁਣਾਕਰਨ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਬਾਅਦ ਵਿਚ ਉਨ੍ਹਾਂ ਨੂੰ ਪ੍ਰੇਸ਼ਾਨ ਕਰਨ ਦੇ ਦੋਸ਼ ਵਿਚ ਆਪਣਾ ਅਹੁਦਾ ਛੱਡਣਾ ਪਿਆ

**7. ਮਹਿਲਾ ਹਾਕੀ ਟੀਮ ਦੀ ਮੈਂਬਰ ਨੇ ਕੋਚ ’ਤੇ ਲਗਾਏ ਜਿਨਸੀ ਸ਼ੋਸ਼ਣ ਦੇ ਦੋਸ਼**

ਜੁਲਾਈ 2010 ਵਿਚ ਭਾਰਤੀ ਮਹਿਲਾ ਹਾਕੀ ਟੀਮ ਦੀ ਖਿਡਾਰਨ ਰੰਜੀਤਾ ਦੇਵੀ ਨੇ ਟੀਮ ਦੇ ਕੋਚ ਮਹਾਰਾਜ ਕਿਸ਼ਨ ਕੌਸ਼ਿਕ ’ਤੇ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਇਆ ਸੀ। ਖਿਡਾਰਨ ਨੇ ਕਿਹਾ ਕਿ ਚੀਨ ਅਤੇ ਕੈਨੇਡਾ ਦੇ ਦੌਰੇ ਦੌਰਾਨ ਕੋਚ ਨੇ ਜ਼ਬਰਦਸਤੀ ਜਿਨਸੀ ਸ਼ੋਸ਼ਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਬਾਅਦ ਹਾਕੀ ਟੀਮ ਦੇ ਕੋਚ ਮਹਾਰਾਜ ਕਿਸ਼ਨ ਕੌਸ਼ਿਕ ਖ਼ਿਲਾਫ਼ ਜਾਂਚ ਲਈ ਪੰਜ ਮੈਂਬਰੀ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਨੇ ਵੀ ਆਪਣੀ ਰਿਪੋਰਟ ਸੌਂਪੀ ਸੀ, ਜਿਸ ਤੋਂ ਬਾਅਦ ਕੌਸ਼ਿਕ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਸੀ।

**8. ਆਂਧਰਾ ਕ੍ਰਿਕਟ ਸੰਘ ਦੇ ਸਕੱਤਰ ਵੀ ਚਾਮੁੰਡੇਸ਼ਵਰਨਾਥ ’ਤੇ ਲੱਗੇ ਔਰਤਾਂ ਨਾਲ ਸੋਸ਼ਣ ਕਰਨ ਦੇ ਦੋਸ਼**

ਆਂਧਰਾ ਕ੍ਰਿਕਟ ਸੰਘ ਦੇ ਸਕੱਤਰ ਵੀ ਚਾਮੁੰਡੇਸ਼ਵਰਨਾਥ ’ਤੇ 2009 ਵਿੱਚ, ਟੀਮ ਵਿੱਚ ਸ਼ਾਮਲ ਕਰਨ ਲਈ ਔਰਤਾਂ ਨੂੰ ਸੈਕਸ ਕਰਨ ਲਈ ਦਬਾਅ ਬਣਾਉਣ ਦਾ ਦੋਸ਼ ਸੀ। 23 ਜੂਨ 2009 ਨੂੰ, ਆਂਧਰਾ ਕ੍ਰਿਕਟ ਟੀਮ ਦੀਆਂ ਕਈ ਖਿਡਾਰਨਾਂ, ਜਿਨ੍ਹਾਂ ਨੇ ਹੈਦਰਾਬਾਦ ਵਿੱਚ ਰਾਜ ਦੇ ਗ੍ਰਹਿ ਮੰਤਰੀ ਸਬਿਤਾ ਇੰਦਰਾ ਰੈਡੀ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਚਾਮੁੰਡੇਸ਼ਵਰਨਾਥ ਦੇ ਖਿਲਾਫ ਕਥਿਤ ਤੌਰ ’ਤੇ ਅਸ਼ਲੀਲ ਐਸ.ਐਮ.ਐਸ. ਭੇਜਣ ਅਤੇ ਉਨ੍ਹਾਂ ’ਤੇ ਸੈਕਸ ਕਰਨ ਲਈ ਦਬਾਅ ਪਾਉਣ ਲਈ ਸ਼ਿਕਾਇਤ ਦਰਜ ਕਰਵਾਈ।ਗ੍ਰਹਿ ਮੰਤਰੀ ਨੇ ਜਾਂਚ ਤੋਂ ਬਾਅਦ ਚਾਮੁੰਡੇਸ਼ਵਰਨਾਥ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ।

## 10 ਸਾਲਾਂ ਵਿਚ ਸਪੋਰਟਸ ਅਥਾਰਟੀ ਆਫ ਇੰਡੀਆ ਦੇ 45 ਲੋਕਾਂ ’ਤੇ ਜਿਨਸੀ ਸ਼ੋਸ਼ਣ ਦੇ ਦੋਸ਼



17 ਜਨਵਰੀ 2020 ਨੂੰ, ਇੱਕ ਆਰਟੀਆਈ ਨੇ ਖੁਲਾਸਾ ਕੀਤਾ ਕਿ 2010 ਤੋਂ 2020 ਦੇ ਵਿਚਕਾਰ 10 ਸਾਲਾਂ ਵਿੱਚ, ਭਾਰਤੀ ਖੇਡ ਅਥਾਰਟੀ ਦੇ 45 ਲੋਕਾਂ ’ਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲੱਗੇ ਹਨ। ਇਨ੍ਹਾਂ ਵਿੱਚੋਂ 29 ਜਿਨਸੀ ਸ਼ੋਸ਼ਣ ਦੀਆਂ ਸ਼ਿਕਾਇਤਾਂ ਵੱਖ-ਵੱਖ ਖੇਡਾਂ ਨਾਲ ਸਬੰਧਤ ਕੋਚਾਂ ਖ਼ਿਲਾਫ਼ ਹਨ।ਇਹਨਾਂ ਵਿੱਚੋਂ ਬਹੁਤ ਸਾਰੇ ਦੋਸ਼ਾਂ ਦੀ ਜਾਂਚ ਕਰਨ ਤੋਂ ਬਾਅਦ, ਅਧਿਕਾਰੀਆਂ ਜਾਂ ਕੋਚਾਂ ਵਿਰੁੱਧ ਆਮ ਕਾਰਵਾਈ ਕੀਤੀ ਗਈ ਸੀ, ਤਨਖਾਹ ਵਿੱਚ ਕਟੌਤੀ, ਪੈਨਸ਼ਨ ਵਿੱਚ ਮਾਮੂਲੀ ਕਟੌਤੀ ਜਾਂ ਤਬਾਦਲੇ ਦੇ ਆਦੇਸ਼ ਦਿੱਤੇ ਸਨ।ਕੁਝ ਕੇਸ ਸਾਲਾਂ ਤੋਂ ਪੈਂਡਿੰਗ ਪਏ ਹਨ। ਇਨ੍ਹਾਂ ਵਿੱਚੋਂ ਕਈ ਕੇਸਾਂ ਵਿੱਚ ਮੁਲਜ਼ਮ ਅਜੇ ਵੀ ਆਪਣੇ ਅਹੁਦੇ ’ਤੇ ਬਣੇ ਹੋਏ ਹਨ।

ਇਹ ਜਾਣਕਾਰੀ ਸਾਹਮਣੇ ਆਉਣ ਤੋਂ ਬਾਅਦ ਤਤਕਾਲੀ ਕੇਂਦਰੀ ਖੇਡ ਮੰਤਰੀ ਕਿਰਨ ਰਿਜਿਜੂ ਨੇ ਕਿਹਾ ਸੀ ਕਿ ਸਾਰੇ ਪੈਂਡਿੰਗ ਮਾਮਲਿਆਂ ਨੂੰ ਇੱਕ ਮਹੀਨੇ ਦੇ ਅੰਦਰ ਹੱਲ ਕਰ ਲਿਆ ਜਾਵੇਗਾ। 3 ਮਾਰਚ 2020 ਨੂੰ, ਸਪੋਰਟਸ ਅਥਾਰਟੀ ਨੇ ਦੱਸਿਆ ਕਿ ਕੁੱਲ 19 ਕੇਸ ਪੈਂਡਿੰਗ ਸਨ। ਇਨ੍ਹਾਂ ਵਿੱਚੋਂ 9 ਦਾ ਨਿਪਟਾਰਾ ਕਰ ਦਿੱਤਾ ਗਿਆ ਹੈ ਜਦਕਿ 5 ਕੇਸਾਂ ਦਾ ਨਿਪਟਾਰਾ ਦੋ ਹਫ਼ਤਿਆਂ ਵਿੱਚ ਕਰ ਦਿੱਤਾ ਜਾਵੇਗਾ।

ਹੈਂਡਬਾਲ ਅਤੇ ਖੋ-ਖੋ ਅਕੈਡਮੀ ਵਿੱਚ ਸ਼ਿਕਾਇਤ ਦਰਜ ਕਰਵਾਉਣ ਦਾ ਕੋਈ ਸਿਸਟਮ ਨਹੀਂ ਹੈ।ਦੇਸ਼ ਦੀਆਂ ਕਈ ਖੇਡ ਅਕੈਡਮੀਆਂ ਵਿੱਚ ਸ਼ਿਕਾਇਤ ਦਾ ਕੋਈ ਢੁੱਕਵਾਂ ਪ੍ਰਬੰਧ ਨਹੀਂ ਹੈ। ਹੈਂਡਬਾਲ, ਖੋ-ਖੋ ਅਤੇ ਮਲਖੰਬ ਵਰਗੀਆਂ ਸਪੋਰਟਸ ਯੂਨੀਅਨਾਂ ਕੋਲ ਅਜੇ ਵੀ ਅਜਿਹੇ ਮਾਮਲਿਆਂ ਨੂੰ ਹੱਲ ਕਰਨ ਲਈ ਕੋਈ ਜ਼ਿੰਮੇਵਾਰ ਅੰਦਰੂਨੀ ਸ਼ਿਕਾਇਤ ਕਮੇਟੀ ਨਹੀਂ ਹੈ। ਜਦੋਂ ਕਿ ਇਨ੍ਹਾਂ ਖੇਡਾਂ ਨਾਲ ਜੁੜੇ ਖਿਡਾਰੀਆਂ ਨੇ ਲਗਾਤਾਰ ਜਿਨਸੀ ਸ਼ੋਸ਼ਣ ਦੀਆਂ ਸ਼ਿਕਾਇਤਾਂ ਕੀਤੀਆਂ ਹਨ।

ਸਤੰਬਰ 2018 ਵਿੱਚ, ਮਲਖੰਬ ਯੂਨੀਅਨ ਦੇ ਮੁਖੀ ਆਰ ਇੰਡੋਲੇਈ ਉੱਤੇ ਸੱਤ ਖਿਡਾਰਣਾਂ ਦੁਆਰਾ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਇਆ ਗਿਆ ਸੀ। ਇਸ ਤੋਂ ਬਾਅਦ ਜਾਂਚ ਲਈ ਕੋਈ ਢੁੱਕਵਾਂ ਸਿਸਟਮ ਨਾ ਹੋਣ ਕਾਰਨ ਉਸ ਨੂੰ ਜ਼ਬਰਦਸਤੀ ਅਹੁਦੇ ਤੋਂ ਹਟਾ ਦਿੱਤਾ ਗਿਆ।ਉਸੇ ਸਮੇਂ, ਮਈ 2015 ਵਿੱਚ, ਚਾਰ ਜੂਨੀਅਰ ਰੋਇੰਗ ਐਥਲੀਟਾਂ ਨੇ, ਆਪਣੇ ਕੋਚ ਤੋਂ ਪ੍ਰੇਸ਼ਾਨ ਹੋ ਕੇ, ਸਾਂਝੇ ਤੌਰ ’ਤੇ ਇੱਕ ਸੁਸਾਈਡ ਨੋਟ ਲਿਖਿਆ ਅਤੇ ਕੇਰਲ ਦੀ ਸਰਕਾਰੀ ਖੇਡ ਅਥਾਰਿਟੀ ਦੇ ਹੋਸਟਲ ਵਿੱਚ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਵਿੱਚੋਂ ਇੱਕ ਅਪਰਨਾ ਰਾਮਚੰਦਰਨ ਦੀ ਵੀ ਮੌਤ ਹੋ ਗਈ ਸੀ।

ਮਾਰਚ 2022 ਵਿੱਚ, ਭਾਰਤੀ ਓਲੰਪਿਕ ਸੰਘ ਦੇ ਸਾਬਕਾ ਖਜ਼ਾਨਚੀ ਆਨੰਦੇਸ਼ਵਰ ਪਾਂਡੇ ਉੱਤੇ ਮਹਿਲਾ ਹੈਂਡਬਾਲ ਖਿਡਾਰਨ ਸੀਮਾ ਸ਼ਰਮਾ ਨੇ ਬਲਾਤਕਾਰ ਦਾ ਦੋਸ਼ ਲਗਾਇਆ ਸੀ। ਸਸ਼ਤ੍ਰ ਸੀਮਾ ਬਲ ਦੀ ਸਾਬਕਾ ਰਾਸ਼ਟਰੀ ਪੱਧਰ ਦੀ ਹੈਂਡਬਾਲ ਖਿਡਾਰਨ ਸੀਮਾ ਸ਼ਰਮਾ ਨੇ ਰਾਜਸਥਾਨ ਦੇ ਭਿਵੜੀ ਵਿੱਚ ਪਾਂਡੇ ਦੇ ਖਿਲਾਫ ਆਈਪੀਸੀ ਦੀਆਂ ਧਾਰਾਵਾਂ 376 (ਬਲਾਤਕਾਰ), 511 (ਅਪਰਾਧ ਕਰਨ ਦੀ ਕੋਸ਼ਿਸ਼) ਅਤੇ 506 (ਅਪਰਾਧਿਕ ਧਮਕੀ) ਦੇ ਤਹਿਤ ਸ਼ਿਕਾਇਤ ਦਰਜ ਕਰਵਾਈ ਸੀ। ਆਨੰਦੇਸ਼ਵਰ ਪਾਂਡੇ 2013 ਤੋਂ 2020 ਤੱਕ ਹੈਂਡਬਾਲ ਫੈਡਰੇਸ਼ਨ ਆਫ ਇੰਡੀਆ ਦੇ ਜਨਰਲ ਸਕੱਤਰ ਵੀ ਰਹੇ ਹਨ।

# ਬੀ.ਬੀ.ਸੀ. ਨੇ ਡਾਕੂਮੈਂਟਰੀ 'ਚ ਗੁਜਰਾਤ ਦੰਗਿਆਂ ਲਈ ਪ੍ਰਧਾਨ ਮੰਤਰੀ ਮੋਦੀ ਨੂੰ ਦੋਸ਼ੀ ਠਹਿਰਾਇਆ

## ਭਾਰਤ ਨੇ ਬੀ.ਬੀ.ਸੀ. ਦੀ ਦਸਤਾਵੇਜ਼ੀ ਰਿਪੋਰਟ ਨਕਾਰੀ

➢ ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਦਸਤਾਵੇਜ਼ੀ ਰਿਪੋਰਟ ਝੂਠੇ ਬਿਰਤਾਂਤ ਦੇ ਪ੍ਰਚਾਰ ਲਈ ਘੜੀ ਤੇ ਬਸਤੀਵਾਦੀ ਮਾਨਸਿਕਤਾ ਏ ➢ ਬੀ.ਬੀ.ਸੀ. ਨੇ ਕਿਹਾ ਕਿ ਦਸਤਾਵੇਜ਼ੀ ਰਿਪੋਰਟ ਤੱਥਾਂ ਅਤੇ ਖੋਜ 'ਤੇ ਆਧਾਰਿਤ

ਬੀਬੀਸੀ ਦੀ ਇੱਕ ਡਾਕੂਮੈਂਟਰੀ-'ਇੰਡੀਆ : ਦਿ ਮੋਦੀ ਕੌਵਸ਼ਚਨ' ਕਾਰਨ ਭਾਰਤ ਤੇ ਬੀਬੀਸੀ ਮੀਡੀਆ ਵਿਚਾਲੇ ਤਣਾਅ ਛਿੜ ਗਿਆ ਹੈ।ਬੀਤੇ ਦਿਨੀਂ ਯੂ.ਕੇ. ਵਿੱਚ ਪ੍ਰਸਾਰਿਤ ਇੱਕ ਨਵੀਂ ਸੀਰੀਜ਼ ਦੇ ਪਹਿਲੇ ਭਾਗ ਵਿੱਚ ਯੂ.ਕੇ. ਸਰਕਾਰ ਦੀ ਇਕ ਰਿਪੋਰਟ ਜਿਸ ਉਪਰ ਪਹਿਲਾਂ ਪਾਬੰਦੀ ਲਗਾ ਦਿੱਤੀ ਸੀ ਜੋ ਕਦੇ ਪ੍ਰਕਾਸ਼ਿਤ ਨਹੀਂ ਹੋਈ ਜਾਂ ਸਾਹਮਣੇ ਨਹੀਂ ਆਈ ਹੈ, ਦਾ ਵੇਰਵਾ ਦਿੱਤਾ ਗਿਆ ਹੈ। ਬੀਬੀਸੀ ਦੀ ਇੱਕ ਡਾਕੂਮੈਂਟਰੀ ਵਿਚ ਗੁਜਰਾਤ ਦੰਗਿਆਂ ਲਈ ਪ੍ਰਧਾਨ ਮੰਤਰੀ ਮੋਦੀ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਬੀਬੀਸੀ ਨੇ ਦੋ ਹਿੱਸਿਆਂ ਵਿੱਚ ਦਸਤਾਵੇਜ਼ੀ ਫਿਲਮ ਬਣਾਈ ਹੈ।

ਦਸਤਾਵੇਜ਼ੀ ਫਿਲਮ ਦਾ ਪਹਿਲਾ ਹਿੱਸਾ ਬ੍ਰਿਟੇਨ ਵਿੱਚ ਜਨਵਰੀ 17 ਨੂੰ ਪ੍ਰਸਾਰਿਤ ਕੀਤਾ ਗਿਆ ਸੀ। ਇਸ ਦਾ ਦੂਜਾ ਭਾਗ 24 ਜਨਵਰੀ ਨੂੰ ਪ੍ਰਸਾਰਿਤ ਕੀਤਾ ਜਾਵੇਗਾ। ਇਹ ਦਸਤਾਵੇਜ਼ੀ ਫਿਲਮ ਬ੍ਰਿਟੇਨ ਵਿੱਚ ਬੀਬੀਸੀ -2 ਚੈਨਲ ਉੱਤੇ ਪ੍ਰਸਾਰਿਤ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਇਹ ਡਾਕੂਮੈਂਟਰੀ ਉਸ ਸਮੇਂ ਨਾਲ ਸੰਬੰਧਿਤ ਹੈ ਜਦੋਂ ਨਰਿੰਦਰ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਹੁੰਦੇ ਸਨ ।2002 ਵਿਚ ਫਰਵਰੀ ਅਤੇ ਮਾਰਚ ਦੇ ਮਹੀਨੇ ਵਿਚ ਗੁਜਰਾਤ ਵਿਚ ਫੈਲੀ ਵੱਡੇ ਪੱਧਰ 'ਤੇ ਫਿਰਕੂ ਹਿੰਸਾ ਵਿਚ ਮੋਦੀ ਦੀ ਭੂਮਿਕਾ ਬਾਰੇ 'ਜਾਂਚ ਕੀਤੇ ਗਏ ਦਾਅਵਿਆਂ' ਦੀ ਚਰਚਾ ਹੈ। ਇਨ੍ਹਾਂ ਦੰਗਿਆਂ ਵਿੱਚ 'ਹਜ਼ਾਰ ਤੋਂ ਵੱਧ' ਲੋਕ ਮਾਰੇ ਗਏ ਸਨ। ਫਿਰਕੂ ਹਿੰਸਾ ਗੋਧਰਾ ਵਿੱਚ 27 ਫਰਵਰੀ 2002 ਨੂੰ ਕਾਰ ਸੇਵਕਾਂ ਨੂੰ ਲੈ ਕੇ ਜਾ ਰਹੀ ਇੱਕ ਰੇਲਗੱਡੀ ਨੂੰ ਅੱਗ ਲਾਉਣ ਦੀ ਘਟਨਾ ਤੋਂ ਬਾਅਦ ਭੜਕ ਗਈ ਸੀ, ਜਿਸ ਵਿੱਚ 59 ਲੋਕ ਮਾਰੇ ਗਏ ਸਨ।

ਭਾਰਤ ਨੇ 2002 ਦੇ ਗੁਜਰਾਤ ਦੰਗਿਆਂ ਬਾਰੇ ਬੀਬੀਸੀ ਦੀ ਇਕ ਦਸਤਾਵੇਜ਼ੀ ਫ਼ਿਲਮ ਨੂੰ ਇਕ 'ਕੁਪ੍ਰਚਾਰ ਟੁਕੜਾ' ਦੱਸਿਆ ਹੈ ਜੋ ਇਕ ਖ਼ਾਸ 'ਬਦਨਾਮ ਬਿਰਤਾਂਤ' ਨੂੰ ਅੱਗੇ ਵਧਾਉਣ ਲਈ ਤਿਆਰ ਕੀਤਾ ਗਿਆ ਸੀ । ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਮੀਡੀਆ ਬ੍ਰੀਫ਼ਿੰਗ ਦੌਰਾਨ ਇਸ ਦਸਤਾਵੇਜ਼ੀ ਫਿਲਮ 'ਤੇ ਪੁੱਛੇ ਗਏ ਕਈ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਇਸ ਵਿਚ ਪੱਖਪਾਤ, ਨਿਰਪੱਖਤਾ ਦੀ ਘਾਟ ਤੇ ਲਗਾਤਾਰ ਬਸਤੀਵਾਦੀ ਮਾਨਸਿਕਤਾ ਸਪੱਸ਼ਟ ਤੌਰ 'ਤੇ ਵਿਖਾਈ ਦੇ ਰਹੀ ਹੈ ।ਸੰਸਦ ਨੂੰ 2005 ਦੌਰਾਨ ਸੂਚਿਤ ਕੀਤਾ ਗਿਆ ਸੀ ਕਿ ਉਸ ਤੋਂ ਬਾਅਦ ਹੋਈ ਹਿੰਸਾ ਵਿੱਚ 790 ਮੁਸਲਮਾਨ ਅਤੇ 254 ਹਿੰਦੂ ਮਾਰੇ ਗਏ, 223 ਲਾਪਤਾ ਅਤੇ 2,500 ਜ਼ਖਮੀ ਹੋਏ ਸਨ।

ਦੂਸਰੇ ਪਾਸੇ ਬੀਬੀਸੀ ਅਨੁਸਾਰ ਇਹ ਰਿਪੋਰਟ ਗੁਜਰਾਤ ਦੇ ਘਟਨਾ ਕਰਮ ਤੇ ਹਿੰਸਾ ਤੋਂ ਚਿੰਤਤ ਯੂਕੇ ਸਰਕਾਰ ਦੁਆਰਾ ਕੀਤੀ ਇਕ ਜਾਂਚ ਦਾ ਨਤੀਜਾ ਹੈ। ਦਸਤਾਵੇਜ਼ੀ ਫਿਲਮ ਵਿੱਚ, ਸਾਬਕਾ ਵਿਦੇਸ਼ ਸਕੱਤਰ ਜੈਕ ਸਟ੍ਰਾ (2001-2016) ਨੇ ਕੈਮਰੇ 'ਤੇ ਕਿਹਾ, 'ਮੈਂ ਇਸ ਬਾਰੇ ਬਹੁਤ ਚਿੰਤਤ ਸੀ। ਮੈਂ ਬਹੁਤ ਨਿੱਜੀ ਦਿਲਚਸਪੀ ਲਈ, ਕਿਉਂਕਿ ਭਾਰਤ ਇੱਕ ਮਹੱਤਵਪੂਰਨ ਦੇਸ਼ ਹੈ ਜਿਸ ਨਾਲ ਸਾਡੇ (ਯੂ.ਕੇ.) ਨਿੱਘੇ ਸਬੰਧ ਹਨ।ਇਸ ਲਈ, ਸਾਨੂੰ ਇਸ ਨੂੰ ਬਹੁਤ ਸਾਵਧਾਨੀ ਨਾਲ ਪੇਸ਼ ਕਰਨਾ ਪਿਆ।' ਉਸ ਨੇ ਕਿਹਾ, 'ਅਸੀਂ ਇੱਕ ਜਾਂਚ ਕਮੇਟੀ ਬਣਾਈ ਸੀ ਅਤੇ ਇੱਕ ਟੀਮ ਨੇ ਇਸ ਬਾਰੇ ਗੁਜਰਾਤ ਜਾਕੇ ਇਸ ਘਟਨਾ ਬਾਰੇ ਪਤਾ ਲਗਾਉਣਾ ਸੀ। ਉਸ ਨੇ ਇੱਕ ਬਹੁਤ ਹੀ ਬਾਰੀਕੀ ਨਾਲ ਰਿਪੋਰਟ ਤਿਆਰ ਕੀਤੀ ਸੀ।ਜਾਂਚ ਟੀਮ ਦੁਆਰਾ ਯੂ.ਕੇ. ਸਰਕਾਰ ਨੂੰ ਸੌਂਪੀ ਗਈ ਰਿਪੋਰਟ ਵਿੱਚ ਨੋਟ ਕੀਤਾ ਗਿਆ ਹੈ ਕਿ ਹਿੰਸਾ ਦਾ ਪੈਮਾਨਾ ਰਿਪੋਰਟ ਕੀਤੇ ਗਏ ਨਾਲੋਂ ਕਿਤੇ ਵੱਧ ਸੀ। ਮੁਸਲਿਮ ਔਰਤਾਂ ਨਾਲ ਵਡੇ ਪਧਰ ਅਤੇ ਯੋਜਨਾਬੱਧ ਢੰਗ ਨਾਲ ਬਲਾਤਕਾਰ ਕੀਤਾ ਗਿਆ ਸੀ। ਇਹ ਹਿੰਸਾ 'ਸਿਆਸੀ ਹਿਤਾਂ ਤੋਂ ਪ੍ਰੇਰਿਤ ਸੀ। ਇਸ ਵਿਚ ਅੱਗੇ ਕਿਹਾ ਗਿਆ ਹੈ ਕਿ ਦੰਗਿਆਂ ਦਾ ਉਦੇਸ਼ 'ਹਿੰਦੂ ਇਲਾਕਿਆਂ ਵਿਚੋਂ ਮੁਸਲਮਾਨਾਂ ਦਾ ਸਫਾਇਆ ਕਰਨਾ' ਸੀ। ਡਾਕੂਮੈਂਟਰੀ ਵਿਚ ਆਪਣੀ ਪਛਾਣ ਨਾ ਦੱਸਣ ਵਾਲੇ ਬ੍ਰਿਟਿਸ਼ ਡਿਪਲੋਮੇਟ ਨੇ ਕਿਹਾ, 'ਹਿੰਸਾ ਦੌਰਾਨ ਘੱਟੋ-ਘੱਟ 2,000 ਲੋਕ ਮਾਰੇ ਗਏ। ਜਿਨ੍ਹਾਂ ਵਿਚੋਂ ਜ਼ਿਆਦਾਤਰ ਮੁਸਲਮਾਨ ਸਨ। ਅਸੀਂ ਇਸ ਨੂੰ ਨਸਲਕੁਸ਼ੀ ਦੱਸਿਆ ਸੀ । ਇਹ ਦੋਸ਼ ਮੋਦੀ ਉਪਰ ਲਗਾਏ ਗਏ ਸਨ। ਬ੍ਰਿਟਿਸ਼ ਡਿਪਲੋਮੇਟ ਨੇ ਕਿਹਾ ਸੀ ਕਿ ਰਿਪੋਰਟ ਵਿੱਚ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ) ਨਾਲ ਸਬੰਧਤ ਵਿਸ਼ਵ ਹਿੰਦੂ ਪ੍ਰੀਸ਼ਦ (ਵੀਐਚਪੀ) ਨੂੰ ਇਸ ਹਿੰਸਾ ਲਈ ਦੋਸ਼ੀ ਠਹਿਰਾਇਆ ਗਿਆ ਹੈ। ਸਾਬਕਾ ਬ੍ਰਿਟਿਸ਼ ਵਿਦੇਸ਼ ਸਕੱਤਰ ਸਟ੍ਰਾ ਨੇ ਕਿਹਾ ਕਿ ਵੀਐਚਪੀ ਅਤੇ ਇਸ ਦੇ ਸਹਿਯੋਗੀ 'ਰਾਜ ਸਰਕਾਰ ਦੀ ਸ਼ਹਿ ਤੋਂ ਬਿਨਾਂ ਇੰਨਾ ਨੁਕਸਾਨ ਨਹੀਂ ਕਰ ਸਕਦੇ ਸਨ। ਦਸਤਾਵੇਜ਼ੀ ਫਿਲਮ ਵਿਚ ਦੋਸ਼ ਲਗਾਇਆ ਗਿਆ ਹੈ ਕਿ 'ਕਾਨੂੰਨੀ ਡਰ ਖਤਮ ਕਰਕੇ ਹਿੰਸਾ ਲਈ ਮਾਹੌਲ ਪੈਦਾ ਕੀਤਾ ਗਿਆ ਸੀ।' ਸਾਬਕਾ ਬ੍ਰਿਟਿਸ਼ ਵਿਦੇਸ਼ ਸਕੱਤਰ, ਸਟ੍ਰਾ ਨੇ ਬੀਬੀਸੀ ਨੂੰ ਦੱਸਿਆ ਬਹੁਤ ਗੰਭੀਰ ਦਾਅਵੇ ਕੀਤੇ ਗਏ ਸਨ-ਕਿ ਪ੍ਰਧਾਨ ਮੰਤਰੀ ਮੋਦੀ ਨੇ ਪੁਲਿਸ ਨੂੰ ਵਾਪਸ ਬੁਲਾਉਣ ਅਤੇ ਹਿੰਦੂ ਕੱਟੜਪੰਥੀਆਂ ਨੂੰ ਚੁੱਪਚਾਪ ਹੱਲਾਸ਼ੇਰੀ ਦੇਣ ਵਿੱਚ ਬਹੁਤ ਸਰਗਰਮ ਭੂਮਿਕਾ ਨਿਭਾਈ ਸੀ। ਪੁਲਿਸ ਨੂੰ ਮੁਸਲਮਾਨ ਭਾਈਚਾਰੇ ਦੀ ਰੱਖਿਆ ਬਾਰੇ ਡਿਊਟੀ ਤੋਂ ਰੋਕਿਆ ਗਿਆ ਸੀ। ਅਸੀਂ ਭਾਰਤ ਨਾਲ ਕੂਟਨੀਤਕ ਸਬੰਧ ਤੋੜਨ ਦੇ ਹੱਕ ਵਿਚ ਨਹੀਂ ਸਾਂ, ਪਰ ਇਹ ਸਪੱਸ਼ਟ ਤੌਰ 'ਤੇ ਭਾਰਤ ਦੀ ਸਾਖ 'ਤੇ ਇੱਕ ਦਾਗ ਸੀ।' 2002 ਦੇ ਦੰਗਿਆਂ ਤੋਂ ਬਾਅਦ ਬ੍ਰਿਟਿਸ਼ ਸਰਕਾਰ ਨੇ ਮੋਦੀ ਦੇ ਦਾਅਵਿਆਂ ਦੇ ਆਧਾਰ 'ਤੇ ਉਨ੍ਹਾਂ ਦਾ ਕੂਟਨੀਤਕ ਬਾਈਕਾਟ ਕਰ ਦਿੱਤਾ ਸੀ ਕਿ ਉਸ ਨੇ ਖ਼ੂਨੀ ਹਿੰਸਾ ਨਹੀਂ

(ਬਾਕੀ ਸਫ਼ਾ 30 'ਤੇ)



## ਕੇਂਦਰ ਨੇ ਮੋਦੀ ਸੰਬੰਧੀ ਬੀ.ਬੀ.ਸੀ. ਦੀ ਦਸਤਾਵੇਜ਼ੀ ਫ਼ਿਲਮ ਯੂ-ਟਿਊਬ 'ਤੇ ਕੀਤੀ ਬਲਾਕ

ਨਵੀਂ ਦਿੱਲੀ/ਏ.ਟੀ.ਨਿਊਜ਼ :-ਸਰਕਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਬਣੀ ਬੀ.ਬੀ.ਸੀ. ਦੀ ਦਸਤਾਵੇਜ਼ੀ ਫ਼ਿਲਮ ਨੂੰ ਸ਼ੇਅਰ ਕਰਨ ਵਾਲੇ ਟਵੀਟ ਬਲਾਕ ਕਰਨ ਦਾ ਆਦੇਸ਼ ਦਿੱਤਾ ਹੈ। ਹਲਕਿਆਂ ਮੁਤਾਬਿਕ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੇ ਯੂ-ਟਿਊਬ ਵੀਡੀਓ ਨੂੰ ਬਲਾਕ ਕਰਨ ਦਾ ਆਦੇਸ਼ ਦਿੱਤਾ ਹੈ, ਜਿਸ ਵਿਚ ਇਸ ਦਸਤਾਵੇਜ਼ੀ ਫ਼ਿਲਮ ਦਾ ਪਹਿਲਾ ਐਪੀਸੋਡ ਸ਼ੇਅਰ ਕੀਤਾ ਗਿਆ ਹੈ। ਟਵਿੱਟਰ ਨੂੰ ਬੀ.ਬੀ.ਸੀ. ਦੀ ਇਸ ਦਸਤਾਵੇਜ਼ੀ ਫ਼ਿਲਮ 'ਇੰਡੀਆ-ਦਿ ਮੋਦੀ ਕੁਐਸਚਨ' ਦੇ ਯੂ-ਟਿਊਬ ਵੀਡੀਓ ਦੇ ਲਿੰਕ ਵਾਲੇ 50 ਤੋਂ ਵੱਧ ਟਵੀਟਸ ਨੂੰ ਬਲਾਕ ਕਰਨ ਦਾ ਆਦੇਸ਼ ਦਿੱਤਾ ਗਿਆ ਹੈ।




## ਸੂਨਕ ਵੱਲੋਂ ਪ੍ਰਧਾਨ ਮੰਤਰੀ ਮੋਦੀ ਦਾ ਬਚਾਅ

ਬੀਬੀਸੀ ਦਸਤਾਵੇਜ਼ੀ ਨੂੰ ਲੈ ਕੇ ਉੱਠੇ ਵਿਵਾਦ ਦਰਮਿਆਨ ਬਰਤਾਨਵੀ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਆਪਣੇ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਦੇ ਬਚਾਅ ਵਿੱਚ ਨਿੱਤਰ ਆਏ ਹਨ। ਦਸਤਾਵੇਜ਼ੀ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਤਤਕਾਲੀ ਬਰਤਾਨਵੀ ਸਰਕਾਰ 2002 ਦੇ ਗੁਜਰਾਤ ਦੰਗਿਆਂ ਵਿੱਚ ਭਾਰਤੀ ਆਗੂ (ਮੋਦੀ) ਦੀ ਕਥਿਤ ਭੂਮਿਕਾ ਬਾਰੇ ਜਾਣੂ ਸੀ। ਸੂਨਕ ਨੇ ਕਿਹਾ ਕਿ ਉਹ ਦਸਤਾਵੇਜ਼ੀ ਵਿੱਚ ਪਾਕਿ ਮੂਲ ਦੇ ਇਮਰਾਨ ਹੁਸੈਨ, ਜੋ ਵਿਰੋਧੀ ਲੇਬਰ ਪਾਰਟੀ ਦੇ ਸੰਸਦ ਮੈਂਬਰ ਹਨ, ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਿਰਦਾਰ ਦੇ ਕੀਤੇ ਚਿੱਤਰਨ ਨਾਲ ਸਹਿਮਤ ਨਹੀਂ ਹਨ। ਹਾਊਸ ਆਫ ਕਾਮਨਜ਼ ਵਿਚ ਪ੍ਰਧਾਨ ਮੰਤਰੀ ਨੂੰ ਕੀਤੇ ਸਵਾਲਾਂ ਦੌਰਾਨ ਸੂਨਕ ਨੇ ਕਿਹਾ, 'ਯੂ.ਕੇ. ਸਰਕਾਰ ਇਸ ਮੁੱਦੇ ਬਾਰੇ ਆਪਣੇ ਪੱਖ ਪਹਿਲਾਂ ਹੀ ਰੱਖ ਚੁੱਕੀ ਹੈ।'

ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਕਿਹਾ ਕਿ ਉਹ ਸੰਸਦ ਮੈਂਬਰ ਵੱਲੋਂ ਜਿਸ ਤਰੀਕੇ ਨਾਲ ਕਿਰਦਾਰ ਨੂੰ ਪੇਸ਼ ਕੀਤਾ ਗਿਆ ਹੈ ਉਸ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਕਿਹਾ, ਬ੍ਰਿਟੇਨ ਦੀ ਸਰਕਾਰ ਦੀ ਇਸ ਬਾਰੇ ਵਿੱਚ ਲੰਬੇ ਵਕਤ ਤੋਂ ਸਥਿਤੀ ਸਾਫ਼ ਹੈ ਅਤੇ ਹੁਣ ਵੀ ਨਹੀਂ ਬਦਲੀ ਹੈ। ਬੇਸ਼ਕ ਜਿੱਥੇ ਵੀ ਦੁਨੀਆਂ ਵਿੱਚ ਦਮਨ ਹੁੰਦਾ ਹੈ ਅਸੀਂ ਉਸ ਨੂੰ ਨਹੀਂ ਸਹਿੰਦੇ ਪਰ ਮੈਂ ਮਾਣਯੋਗ ਸੰਸਦ ਮੈਂਬਰ ਵੱਲੋਂ ਜਿਸ ਤਰੀਕੇ ਨਾਲ ਕਿਰਦਾਰ ਨੂੰ ਪੇਸ਼ ਕੀਤਾ ਗਿਆ ਹੈ ਉਸ ਨਾਲ ਬਿਲਕੁੱਲ ਸਹਿਮਤ ਨਹੀਂ ਹਾਂ।



## ਮੋਦੀ ਸਰਕਾਰ ਦੁਨੀਆਂ ਦੀਆਂ ਸਭ ਤੋਂ ਭੈੜੀਆਂ ਸਰਕਾਰਾਂ ਵਿੱਚੋਂ ਇੱਕ : ਅਮਰਤਿਆ ਸੇਨ

ਮੋਦੀ ਸਰਕਾਰ ਨੂੰ ਦੁਨੀਆ ਦੀਆਂ ਸਭ ਤੋਂ ਖ਼ੌਫ਼ਨਾਕ ਸਰਕਾਰਾਂ ਵਿੱਚੋਂ ਇੱਕ ਕਹਿਣ ਦਾ ਕਾਰਨ ਦੱਸਦਿਆਂ ਪ੍ਰੋ. ਸੇਨ ਨੇ ਕਿਹਾ ਕਿ ਅਜਿਹਾ ਇਸ ਲਈ ਹੈ ਕਿਉਂਕਿ ਇਹ ਸਰਕਾਰ ਆਪਣੇ ਹੀ ਲੋਕਾਂ ਨਾਲ ਦੁਰਵਿਵਹਾਰ ਕਰਦੀ ਹੈ।ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਦਾ ਰਿਕਾਰਡ ਸੱਚਮੁੱਚ ਬਹੁਤ ਭਿਆਨਕ ਰਿਹਾ ਹੈ। ਮੋਦੀ ਸਰਕਾਰ ਦਾ ਮੁਸਲਮਾਨਾਂ ਨਾਲ ਸਲੂਕ ਭੈੜਾ ਹੈ ਅਤੇ ਭਾਜਪਾ ਦਾ ਸੰਸਦ ਦੇ ਕਿਸੇ ਵੀ ਸਦਨ ਵਿਚ ਮੁਸਲਮਾਨ ਸੰਸਦ ਮੈਂਬਰ ਨਹੀਂ ਹੈ। ਉਸ ਨੇ ਕਿਹਾ, ਇਹ ਨਾ ਸਿਰਫ਼ ਬੇਇਨਸਾਫ਼ੀ ਅਤੇ ਗ਼ਲਤ ਹੈ, ਸਗੋਂ ਇਹ ਲੋਕਾਂ ਦੇ ਜੀਵਨ ਨੂੰ ਪੂਰੀ ਅਸਥਿਰ ਬਣਾਉਂਦਾ ਹੈ ਅਤੇ ਭਾਰਤ ਦੀ ਸੰਸਕ੍ਰਿਤੀ ਨੂੰ ਸੀਮਤ ਕਰਦਾ ਹੈ। ਫਰਾਂਸੀਸੀ ਅਖਬਾਰ 'ਲਾ ਮੋਂਡੇ' ਵਿਚ ਮੈਂ ਲਿਖਿਆ ਸੀ ਕਿ 'ਇਹ (ਭਾਰਤ ਸਰਕਾਰ) ਸੌੜੇ ਅਰਥਾਂ



ਵਿਚ ਫਿਰਕਾਪ੍ਰਸਤ ਹੈ, ਮੁਸਲਮਾਨਾਂ 'ਤੇ ਹਮਲੇ ਕਰਦੀ ਹੈ ਅਤੇ ਇਸ ਵਿਚਾਰ ਦਾ ਪ੍ਰਚਾਰ ਕਰਦੀ ਹੈ ਕਿ ਹਿੰਦੂ ਇਕ ਰਾਸ਼ਟਰ ਬਣਾਉਣਗੇ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਹ ਦੂਜੇ ਦਰਜੇ ਦਾ ਨਾਗਰਿਕ ਬਣਾਏ ਜਾਣ ਨੂੰ ਲੈ ਕੇ ਚਿੰਤਤ ਹਨ, ਤਾਂ ਉਨ੍ਹਾਂ ਕਿਹਾ, 'ਮੈਂ ਸਿਰਫ਼ ਚਿੰਤਤ ਨਹੀਂ ਹਾਂ, ਮੈਨੂੰ ਡਰ ਹੈ ਕਿ ਵੱਖ-ਵੱਖ ਹਿੱਸਿਆਂ ਵਾਲਾ ਦੇਸ਼ ਅਚਾਨਕ ਵਿਨਾਸ਼ਕਾਰੀ ਅਲੱਗ-ਥਲੱਗ ਹੋਣ ਦੀ ਸਥਿਤੀ ਵਿੱਚ ਹੈ।' ਘੱਟ-ਗਿਣਤੀਆਂ ਨਾਲ ਦੁਰਵਿਵਹਾਰ ਵੱਡੀ ਮੂਰਖਤਾ ਵਿੱਚੋਂ ਇੱਕ ਹੈ। ਉਸ ਨੇ ਕਿਹਾ, 'ਸਿਰਫ ਹਿੰਦੂ ਭਾਈਚਾਰੇ ਨੂੰ ਭਾਰਤੀ ਮੰਨਣਾ, ਹੋਰ ਕਿਸੇ ਨੂੰ ਨਹੀਂ, ਭਿਆਨਕ ਹੈ। ਇਹ ਸਾਡੇ ਦੇਸ਼ ਦੀ ਕੁਦਰਤੀ ਹੋਂਦ ਬਾਰੇ ਇੱਕ ਭਿਆਨਕ ਭੁਲੇਖਾ ਹੈ। ਦੇਸ਼ ਦੇ ਬਹੁਲਵਾਦੀ ਸੁਭਾਅ ਨੂੰ ਨਜ਼ਰਅੰਦਾਜ਼ ਕਰਨਾ ਇੱਕ ਭਿਆਨਕ ਮੂਰਖਤਾ ਹੈ।' ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਉਹ ਇਸ ਤੱਥ ਨੂੰ ਕਿਵੇਂ ਦੇਖਦੇ ਹਨ ਕਿ ਕੈਬਨਿਟ ਮੰਤਰੀ ਅਤੇ ਇੱਥੋਂ ਤੱਕ ਕਿ ਮੁੱਖ ਮੰਤਰੀ ਵੀ ਮੁਸਲਮਾਨਾਂ ਨੂੰ ਸਿਊਂਕ ਅਤੇ ਬਾਬਰ ਦੀ ਔਲਾਦ ਕਹਿੰਦੇ ਹਨ, ਤਾਂ ਉਨ੍ਹਾਂ ਕਿਹਾ, 'ਇਹ ਭਾਸ਼ਾ ਭਾਰਤੀ ਰਾਸ਼ਟਰ ਦੀ ਵਿਗੜੀ ਹੋਈ ਸਮਝ ਦਾ ਪ੍ਰਤੀਬਿੰਬ ਹੈ।' ਪ੍ਰੋ. ਸੇਨ ਨੇ ਕਿਹਾ ਕਿ 15 ਫੀਸਦੀ (ਮੁਸਲਮਾਨ) ਲੋਕਾਂ ਨੂੰ ਇਸ ਤਰ੍ਹਾਂ ਦੇਖਿਆ ਜਾਂਦਾ ਹੈ ਕਿ ਉਨ੍ਹਾਂ ਦੀ ਕੋਈ ਮਹੱਤਤਾ ਨਹੀਂ ਹੈ। ਮੋਦੀ ਸਰਕਾਰ ਦੁਨੀਆਂ ਦੀਆਂ ਸਭ ਤੋਂ ਮਾੜੀਆਂ ਸਰਕਾਰਾਂ ਵਿੱਚੋਂ ਇੱਕ ਹੈ।

## ਦਰਪਣ ਝੂਠ ਨਹੀਂ ਬੋਲਦਾ

# ਪੰਜਾਬ ਲੋਕਾਂ ਤੇ ਕਿਰਤੀਆਂ ਦੀ ਸ਼ਕਤੀ ਦਾ ਰੋਲ ਮਾਡਲ ਬਣਿਆ

**➢ ਤਿੰਨ ਅੰਦੋਲਨਾਂ ਰਾਹੀਂ ਪੰਜਾਬ ਸਰਕਾਰ ਦੇ ਨੱਕ ਵਿਚ ਕੀਤਾ ਦਮ ➢ ਵਿਰੋਧੀ ਧਿਰਾਂ ਨਾਕਾਮ ਸਿੱਧ ਹੋਈਆਂ, ਲੋਕਾਂ ਨੇ ਪੰਜਾਬ ਦੀ ਕਮਾਂਡ ਸੰਭਾਲੀ ➢ ਬੰਦੀ ਸਿੱਖਾਂ ਦੀ ਹਮਾਇਤ ਉਪਰ ਖੱਬੇਪੱਖੀ ਕਿਸਾਨ ਯੂਨੀਅਨਾਂ ਡਟੀਆਂ**

ਪਿਛਲੇ ਦੋ ਸਾਲਾਂ ਤੋਂ ਪੰਜਾਬ ਵਿੱਚ ਤਿੰਨ ਵੱਡੇ ਅੰਦੋਲਨ ਹੋਏ ਹਨ ਅਤੇ ਇਨ੍ਹਾਂ ਤਿੰਨਾਂ ਵਿੱਚ ਵੱਡੀਆਂ ਸਿਆਸੀ ਪਾਰਟੀਆਂ ਜਾਂ ਨੇਤਾਵਾਂ ਦੀ ਕੋਈ ਭੂਮਿਕਾ ਨਹੀਂ ਸੀ। ਉਹ ਵਿਰੋਧੀ ਪਾਰਟੀ ਦੀ ਭੂਮਿਕਾ ਨਿਭਾਉਣ ਵਿਚ ਅਸਫਲ ਰਹੇ। ਤਿੰਨ ਖੇਤੀ ਕਾਨੂੰਨਾਂ, ਮੱਤੇਵਾੜਾ ਉਦਯੋਗਿਕ ਪ੍ਰਾਜੈਕਟ ਅਤੇ ਜ਼ੀਰਾ ਡਿਸਟਿਲਰੀ ਦੇ ਖਿਲਾਫ ਅੰਦੋਲਨ ਮੁੱਖ ਤੌਰ 'ਤੇ ਪੰਜਾਬੀਆਂ ਦੁਆਰਾ ਚਲਾਏ ਗਏ ਸਨ।



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪਿਛਲੇ ਹਫਤੇ ਜ਼ੀਰਾ ਨੇੜੇ ਡਿਸਟਿਲਰੀ ਬੰਦ ਕਰਨ ਦਾ ਐਲਾਨ ਕਰਨ ਕਰਕੇ ਪੰਜਾਬੀਆਂ ਦੀ ਝੋਲੀ ਵਿਚ ਜਿੱਤ ਪਈ ਹੈ। ਪਰ ਹਾਲੇ ਮੋਰਚਾ ਜਾਰੀ ਹੈ, ਕਿਉਂਕਿ ਇਸ ਸੰਬੰਧ ਵਿਚ ਨੋਟੀਫਿਕੇਸ਼ਨ ਜਾਰੀ ਨਹੀਂ ਹੋਇਆ। ਲੋਕਾਂ ਵੱਲੋਂ ਲਗਭਗ ਛੇ ਮਹੀਨਿਆਂ ਦੇ ਲੰਬੇ ਮੋਰਚੇ ਤੋਂ ਬਾਅਦ, ਇਸ ਨੂੰ ਪੰਜਾਬੀਆਂ ਦਾ ਵੱਡਾ ਸਮਰਥਨ ਮਿਲਿਆ ਹੈ।

ਜਦੋਂ ਕਿਸਾਨ ਅੰਦੋਲਨ ਵਿੱਚ, ਖੇਤ ਮਜਦੂਰਾਂ ਨੇ ਇਸ ਨੂੰ ਜਥੇਬੰਦ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ, ਪਰ ਇਹ ਮੁੱਖ ਤੌਰ 'ਤੇ ਪੰਜਾਬ ਵਿੱਚ ਜ਼ਮੀਨੀ ਪੱਧਰ 'ਤੇ ਸਮਰਥਨ ਸੀ ਜਿਸ ਨੇ ਇਸ ਨੂੰ ਇੰਨਾ ਵੱਡਾ ਬਣਾਇਆ ਕਿ ਬਹੁਤ ਸਾਰੀਆਂ ਮਸ਼ਹੂਰ ਹਸਤੀਆਂ ਵੀ ਸ਼ਾਮਲ ਹੋਈਆਂ। ਇਨ੍ਹਾਂ ਅੰਦੋਲਨਾਂ ਨੂੰ ਸੋਸ਼ਲ ਮੀਡੀਆ ਵਿਚ ਵੱਡਾ ਹੁੰਗਾਰਾ ਮਿਲਿਆ ਹੈ।ਇਨ੍ਹਾਂ ਤਿੰਨਾਂ ਅੰਦੋਲਨਾਂ ਦਾ ਇੱਕ ਹੋਰ ਪਹਿਲੂ ਵੱਖ-ਵੱਖ ਵਿਚਾਰਧਾਰਕ, ਸਮਾਜਿਕ, ਆਰਥਿਕ, ਜਾਤੀ ਅਤੇ ਪੇਸ਼ੇਵਰ ਪਿਛੋਕੜ ਵਾਲੇ ਭਾਈਚਾਰਿਆਂ, ਜਥੇਬੰਦੀਆਂ ਅਤੇ ਕਾਰਕੁਨਾਂ ਦਾ ਹੱਥ ਮਿਲਾਉਣਾ ਹੈ।

ਜਲੰਧਰ ਦੇ ਲਤੀਫਪੁਰਾ ਵਿਖੇ ਪਿਛਲੇ ਪੰਜ ਹਫ਼ਤਿਆਂ ਤੋਂ ਲਗਾਤਾਰ ਚੱਲ ਰਹੇ ਚੌਥੇ ਅੰਦੋਲਨ ਵਿੱਚ ਵੀ ਇਹੋ ਜਿਹੇ ਤੱਤ ਹਨ। ਇੱਥੇ ਵੀ ਸਿੱਖ, ਖੱਬੇਪੱਖੀ ਅਤੇ ਕਿਸਾਨ ਗਰੁੱਪਾਂ ਨੇ ਹੱਥ ਮਿਲਾਇਆ ਹੋਇਆ ਹੈ ਅਤੇ ਪੰਜਾਬੀ ਸੋਸ਼ਲ ਮੀਡੀਆ 'ਤੇ ਸਮਰਥਨ ਦੇ ਰਹੇ ਹਨ। ਸਿੱਖ ਬੰਦੀਆਂ ਦੀ ਰਿਹਾਈ ਲਈ ਸਿੱਖ ਜਥੇਬੰਦੀਆਂ ਵੱਲੋਂ ਸ਼ੁਰੂ ਕੀਤੇ ਗਏ ਇੱਕ ਹੋਰ ਰੋਸ ਧਰਨੇ ਨੂੰ ਵਿਸ਼ਾਲ ਹੁੰਗਾਰਾ ਮਿਲ ਰਿਹਾ ਹੈ। ਕੁਝ ਕਿਸਾਨ ਯੂਨੀਅਨ ਸਿਖਾਂ ਦੇ ਮਸਲੇ ਉਪਰ ਡਟਕੇ ਖਲੋ ਰਹੀਆਂ ਹਨ। ਪੰਜਾਬ ਵਿਚ ਪ੍ਰਦੂਸ਼ਣ, ਨਸ਼ਿਆਂ, ਮਨੁੱਖੀ ਅਧਿਕਾਰਾਂ ਦੇ ਹੱਕ ਵਿਚ ਮੁਹਿੰਮ ਚਲ ਪਈ ਹੈ। ਸ਼ਰਾਬ ਦੀਆਂ ਫੈਕਟਰੀਆਂ, ਉਦਯੋਗਿਕ ਪ੍ਰਦੂਸ਼ਣ ਕਾਰਣ ਪੰਜਾਬੀਆਂ ਦੀ ਸਿਹਤ, ਵਾਤਾਵਰਨ, ਪਾਣੀਆਂ ਦੀ ਸ਼ੁਧਤਾ ਦਾ ਉਜਾੜਾ ਹੋ ਰਿਹਾ ਹੈ। ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਇਸ ਬਾਰੇ ਬੁਲੰਦ ਅਵਾਜ਼ ਉਠਾਉਣੀ ਚਾਹੀਦੀ ਸੀ ਪਰ ਉਹ ਲੋਕ ਹੱਕ ਵਿਚ ਨਾ ਖਲੋ ਸਕੇ। ਸੋਸ਼ਲ ਮੀਡੀਆ ਵਿਚ ਉਨ੍ਹਾਂ ਦਾ ਵਿਰੋਧ ਨਿਰੰਤਰ ਜਾਰੀ ਹੈ।

## ਮਹਿਲਾ ਕਮਿਸ਼ਨ ਦੀ ਮੁਖੀ ਸਵਾਤੀ ਨਾਲ ਛੇੜਛਾੜ, ਭਾਰਤ ਔਰਤਾਂ ਲਈ ਅਸੁਰੱਖਿਅਤ ਦੇਸ਼ ਬਣਿਆ

ਦਿੱਲੀ ਵਿਚ ਔਰਤਾਂ ਦੇ ਹੱਕਾਂ ਦੀ ਸੁਰੱਖਿਆ ਲਈ ਕਾਇਮ ਕੀਤੇ ਗਏ ਸਰਕਾਰੀ ਅਦਾਰੇ ਦਿੱਲੀ ਮਹਿਲਾ ਕਮਿਸ਼ਨ ਦੀ ਮੁਖੀ ਸਵਾਤੀ ਮਾਲੀਵਾਲ ਨਾਲ ਬੀਤੇ ਦਿਨੀਂ ਉਦੋਂ ਛੇੜਛਾੜ ਦੀ ਘਟਨਾ ਵਾਪਰੀ ਜਦੋਂ ਉਹ ਦਿੱਲੀ ਵਿਚ ਇਕ ਸੜਕ ਕੰਢੇ ਖੜ੍ਹੀ ਸੀ। ਇਹ ਘਟਨਾ ਜਨਤਕ ਥਾਵਾਂ ਉਤੇ ਔਰਤਾਂ ਲਈ ਖ਼ਤਰਨਾਕ ਹੱਦ ਤੱਕ ਅਸੁਰੱਖਿਆ ਵਾਲੀ ਸਥਿਤੀ ਵੱਲ ਇਸ਼ਾਰਾ ਕਰਦੀ ਹੈ।



ਮਾਲੀਵਾਲ ਵਾਲੀ ਘਟਨਾ ਵਿਚ ਭਾਵੇਂ ਪੁਲਿਸ ਨੇ ਫ਼ੌਰੀ ਕਾਰਵਾਈ ਕਰਦਿਆਂ ਮੁਲਜ਼ਮ ਨੂੰ ਕਾਬੂ ਕਰ ਲਿਆ ਅਤੇ ਕੌਮੀ ਮਹਿਲਾ ਕਮਿਸ਼ਨ ਨੇ ਵੀ ਮਾਮਲੇ ਵਿਚ ਦਖ਼ਲ ਦਿੱਤਾ ਹੈ ਪਰ ਹਰ ਪੀੜਤ ਸਬੰਧੀ ਇੰਨੀ ਸੰਵੇਦਨਸ਼ੀਲਤਾ ਨਹੀਂ ਦਿਖਾਈ ਜਾਂਦੀ। ਪੁਲਿਸ ਤਾਂ ਅਜਿਹੀਆਂ ਘਟਨਾਵਾਂ ਦੀ ਰਿਪੋਰਟ ਤੱਕ ਦਰਜ ਨਹੀਂ ਕਰਦੀ।

ਇੰਜ ਜਾਪਦਾ ਹੈ ਕਿ ਭਾਰਤ ਲਗਾਤਾਰ ਔਰਤਾਂ ਲਈ ਸਭ ਤੋਂ ਵੱਧ ਅਸੁਰੱਖਿਅਤ ਦੇਸ਼ ਬਣਦਾ ਜਾ ਰਿਹਾ ਹੈ। ਕੌਮੀ ਅਪਰਾਧ ਰਿਕਾਰਡ ਬਿਊਰੋ (ਐਨਸੀਆਰਬੀ) ਦੇ ਅੰਕੜਿਆਂ ਮੁਤਾਬਕ 2021 ਦੌਰਾਨ ਦਿੱਲੀ ਵਿਚ ਔਰਤਾਂ ਉੱਤੇ ਪੱਤ ਲੁੱਟਣ ਦੇ ਮਨਸ਼ੇ ਨਾਲ ਕੀਤੇ ਹਮਲਿਆਂ ਦੀਆਂ 2022 ਘਟਨਾਵਾਂ ਦਰਜ ਹੋਈਆਂ। ਜੋ ਕੁਝ ਸਵਾਤੀ ਮਾਲੀਵਾਲ ਨਾਲ ਵਾਪਰਿਆ ਉਹ ਕਿਸੇ ਵੀ ਔਰਤ ਨਾਲ ਹੋ ਸਕਦਾ ਹੈ।

## ਪੰਜਾਬ ਵਿਚ ਵਿੱਦਿਅਕ ਮਿਆਰ ਬੁਰੀ ਤਰ੍ਹਾਂ ਡਿੱਗਿਆ





ਪੰਜਾਬ ਵਿਚ ਵਿਦਿਅਕ ਮਿਆਰ ਬੁਰੀ ਤਰ੍ਹਾਂ ਡਿੱਗ ਚੁੱਕਾ ਹੈ। ਪੜ੍ਹਨ ਵਿਚ ਨਿਪੁੰਨਤਾ ਪੰਜਾਬ ਦੇ ਵਿਦਿਆਰਥੀਆਂ ਦੀ ਵੀ ਘਟੀ ਹੈ। ਸਕੂਲਾਂ ਵਿਚ ਅਧਿਆਪਕਾਂ ਦੀ ਕਮੀ ਹੈ, ਅਧਿਆਪਕਾਂ ਤੋਂ ਉਹ ਕੰਮ ਕਰਾਏ ਜਾਂਦੇ ਹਨ ਜੋ ਅਧਿਆਪਨ ਨਾਲ ਜੁੜੇ ਨਹੀਂ ਹੁੰਦੇ, ਸਕੂਲਾਂ ਵਿਚ ਸਹੂਲਤਾਂ ਦੀ ਕਮੀ ਹੈ। ਇਸ ਸਭ ਕੁਝ ਦੇ ਬਾਵਜੂਦ ਤੱਥਾਂ ਅਨੁਸਾਰ ਇਸ ਸਮੇਂ ਪੰਜਾਬ ਦੇ 12,880 ਪ੍ਰਾਇਮਰੀ ਸਰਕਾਰੀ ਸਕੂਲਾਂ ਵਿਚ 45,394 ਅਧਿਆਪਕ ਮੌਜੂਦ ਹਨ। ਇਨ੍ਹਾਂ ਵਿਚ 12,76,054 ਬੱਚੇ ਪੜ੍ਹਦੇ ਹਨ, ਭਾਵ 22-25 ਬੱਚਿਆਂ ਪਿੱਛੇ ਇਕ ਅਧਿਆਪਕ ਮੌਜੂਦ ਹੈ।

ਜੇ ਦੋ ਸਾਲ ਸਕੂਲ ਵਿਚ ਜਾਣ ਤੋਂ ਬਾਅਦ ਉਨ੍ਹਾਂ ਦੀ ਵਿੱਦਿਅਕ ਯੋਗਤਾ ਉਪਰੋਕਤ ਦੱਸੇ ਅਨੁਸਾਰ ਹੈ ਤਾਂ ਇਹ ਚਿੰਤਾਜਨਕ ਹੈ। ਪੰਜਾਬ ਵਿਚ ਅੱਠਵੀਂ ਵਿਚ ਪੜ੍ਹਦੇ ਬੱਚਿਆਂ ਦੀ ਯੋਗਤਾ ਇਸ ਤਰ੍ਹਾਂ ਦੀ ਹੈ : 17.4 ਫ਼ੀਸਦੀ ਬੱਚੇ ਦੂਸਰੀ ਜਮਾਤ ਦੀ ਕਿਤਾਬ ਨਹੀਂ ਪੜ੍ਹ ਸਕਦੇ ਅਤੇ 55.5 ਫ਼ੀਸਦੀ ਸਾਧਾਰਨ ਤਕਸੀਮ ਨਹੀਂ ਕਰ ਸਕਦੇ, 32.4 ਫ਼ੀਸਦੀ ਅੰਗਰੇਜ਼ੀ ਜ਼ਬਾਨ ਦਾ ਪੂਰਾ ਵਾਕ ਨਹੀਂ ਪੜ੍ਹ ਸਕਦੇ। ਇਸ ਦੇ ਅਰਥ ਹਨ ਕਿ ਸੱਤ-ਅੱਠ ਸਾਲ ਸਕੂਲ ਵਿਚ ਪੜ੍ਹਨ ਦੇ ਬਾਵਜੂਦ 17 ਫ਼ੀਸਦੀ ਤੋਂ ਵੱਧ ਬੱਚੇ ਅਨਪੜ੍ਹਾਂ ਵਰਗੇ ਹਨ। ਇਸ ਤੋਂ ਇਹੋ ਸਿੱਟਾ ਨਿਕਲਦਾ ਹੈ ਕਿ ਅਸੀਂ ਆਪਣੇ ਬੱਚਿਆਂ ਦਾ ਸਮਾਂ ਤੇ ਵਸੀਲੇ ਜ਼ਾਇਆ ਕਰ ਰਹੇ ਹਾਂ ਅਤੇ ਘੱਟ ਯੋਗਤਾ ਵਾਲੇ ਵਿਦਿਆਰਥੀ ਪੈਦਾ ਕੀਤੇ ਜਾ ਰਹੇ ਹਨ। ਇਹ ਪੰਜਾਬੀ ਸਮਾਜ ਦੀ ਮੂਲ ਸਮੱਸਿਆ ਹੈ। ਪਰ ਸਰਕਾਰਾਂ ਤੇ ਸਿਆਸਤਦਾਨਾਂ ਦੇ ਇਹ ਮਸਲੇ ਨਹੀਂ। ਪੰਜਾਬੀ ਸਮਾਜ ਨੂੰ ਇਸ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ।

## ਬ੍ਰਿਟਿਸ਼ ਸਿੱਖ ਬੀਬੀ ਨੇ ਧਰੁਵੀ ਮੁਹਿੰਮ 'ਚ ਨਵਾਂ ਵਿਸ਼ਵ ਰਿਕਾਰਡ ਬਣਾਇਆ

ਬ੍ਰਿਟਿਸ਼ ਫ਼ੌਜ ਦੀ ਇਕ ਸਿੱਖ ਅਧਿਕਾਰੀ ਤੇ ਫਿਜ਼ੀਓਥੈਰੇਪਿਸਟ ਨੇ ਕਿਸੇ ਔਰਤ ਵੱਲੋਂ ਸਭ ਤੋਂ ਲੰਬੇ ਸਮੇਂ ਇਕੱਲੇ, ਔਖੇ ਤੇ ਬਿਨਾਂ ਮਦਦ ਦੇ ਧਰੁਵੀ ਮੁਹਿੰਮ ਲਈ ਨਵਾਂ ਵਿਸ਼ਵ ਰਿਕਾਰਡ ਬਣਾਇਆ ਹੈ। ਪੋਲਰ ਪ੍ਰੀਤ ਵਜੋਂ ਜਾਣੀ ਜਾਂਦੀ ਕੈਪਟਨ ਹਰਪ੍ਰੀਤ ਕੌਰ ਚਾਂਡੀ (33) ਦੱਖਣੀ ਧਰੁਵ 'ਤੇ ਇਕੱਲੇ ਗੈਰ-ਸਹਾਇਕ ਟ੍ਰੈਕ ਦਾ ਰਿਕਾਰਡ ਕਾਇਮ ਕਰਨ ਵਾਲੀ ਪਹਿਲੀ ਸਿੱਖ ਔਰਤ ਹੈ, ਜਿਸ ਨੇ ਅੰਟਾਰਕਟਿਕਾ ਪਾਰ 1,397 ਕਿਲੋਮੀਟਰ ਦਾ ਸਫਰ ਮਨਫ਼ੀ 50 ਡਿਗਰੀ ਸੈਲਸੀਅਸ ਤਾਪਮਾਨ ਵਿਚ ਇਹ ਟ੍ਰੈਕਿੰਗ ਚੁਣੌਤੀ ਪੂਰੀ ਕੀਤੀ ਹੈ। ਇਸ ਤੋਂ ਪਹਿਲਾਂ 1,381 ਕਿਲੋਮੀਟਰ ਦਾ ਰਿਕਾਰਡ ਅੰਜਾ ਬਲਾਚਾ ਨੇ 2020 ਵਿਚ ਬਣਾਇਆ ਸੀ। ਚਾਂਡੀ ਨੇ ਆਪਣੇ ਬਲਾਗ ਵਿਚ ਲਿਖਿਆ ਕਿ ਬਹੁਤ ਬਰਫੀਲੇ ਮੌਸਮ ਵਿਚ ਉਸ ਨੇ ਆਪਣੀ ਨਵੀਂ ਧਰੁਵੀ ਮੁਹਿੰਮ ਨੂੰ ਜਾਰੀ ਰੱਖਿਆ, ਭਾਵੇਂ ਉਹ ਆਪਣੇ ਅਸਲ ਟੀਚੇ ਨੂੰ ਮੁਕੰਮਲ ਨਾ ਕਰ ਸਕਣ ਲਈ ਨਿਰਾਸ਼ ਹੈ।



# ਦਲਿਤ ਜੁਝਾਰੂ ਬੀਬੀ ਲਲਕਾਰ ਰਹੀ ਏ ਜਾਤੀਵਾਦੀ ਗੁੰਡਿਆਂ ਨੂੰ ਤੇ ਨਿਆਂ ਦਿਵਾ ਰਹੀ ਏ ਦਲਿਤ ਸਮਾਜ ਨੂੰ

➢ ਉੱਤਰ ਪ੍ਰਦੇਸ਼ ਦੇ ਜਾਲੌਨ ਦੇ ਨਰਹਨ ਪਿੰਡ ਵਿਚ ਦਲਿਤ ਨੂੰਹਾਂ-ਧੀਆਂ ਉਪਰ ਜਾਤੀਵਾਦੀ ਗੁੰਡਿਆਂ ਦੀ ਦਹਿਸ਼ਤ ਤੋੜੀ

➢ ਮੋਢੇ ਉਪਰ ਕੁਹਾੜਾ ਲੈ ਕੇ ਚਲਦੀ ਰਹੀ ਪਿੰਡ ਵਿਚ, ਹੁਣ ਉਸਨੇ 800 ਦਲਿਤ ਬੱਚਿਆਂ ਨੂੰ ਸਿੱਖਿਆ ਨਾਲ ਜੋੜਿਆ





ਇਹ ਅਨੋਖੀ ਕਹਾਣੀ ਉੱਤਰ ਪ੍ਰਦੇਸ਼ ਦੇ ਜਾਲੌਨ ਦੇ ਨਰਹਨ ਪਿੰਡ ਦੀ ਰਹਿਣ ਵਾਲੀ ਜੁਝਾਰੂ ਦਲਿਤ ਬੀਬੀ ਗੀਤਾ ਦੇਵੀ ਦੀ ਹੈ ਜੋ ਦਲਿਤ ਹਿਤਾਂ ਲਈ ਜੂਝ ਰਹੀ ਹੈ। ਇਸ ਦਾ ਪਿੰਡ ਡਾਕੂ ਤੋਂ ਸਿਆਸਤਦਾਨ ਬਣੀ ਫੂਲਨ ਦੇਵੀ ਦੇ ਪਿੰਡ ਦੇ ਬਿਲਕੁਲ ਨੇੜੇ ਹੈ।ਬੀਬੀ ਗੀਤਾ ਦਾ ਕਹਿਣਾ ਹੈ ਕਿ ਨਰਹਨ ਪਿੰਡ ਵਿੱਚ ਉੱਚ ਜਾਤੀਆਂ ਦਾ ਦਬਦਬਾ ਸੀ। ਉਹ ਕਿਸੇ ਵੀ ਦਲਿਤ ਨੂੰ ਸ਼ਾਮ ਤੋਂ ਬਾਅਦ ਘਰੋਂ ਬਾਹਰ ਨਹੀਂ ਨਿਕਲਣ ਦਿੰਦੇ ਸਨ। ਦਲਿਤ ਪਰਿਵਾਰਾਂ ਦੀਆਂ ਨੂੰਹਾਂ ਨੂੰ ਅਗਵਾ ਕਰ ਲੈਂਦੇ ਸਨ। ਬਾਪੂ ਪੁਲਿਸ ਵਿੱਚ ਇੰਸਪੈਕਟਰ ਸਨ, ਇੱਕ ਦਿਨ ਉਨ੍ਹਾਂ ਦਾ ਸਵਰਨ ਜਾਤੀ ਦੇ ਗੁੰਡੇ ਦੇ ਨਾਲ ਝਗੜਾ ਹੋ ਗਿਆ ਅਤੇ ਗੁੱਸੇ ਵਿੱਚ ਉਨ੍ਹਾਂ ਨੇ ਉਸ ਨੂੰ ਗੋਲੀ ਮਾਰ ਦਿੱਤੀ। ਪਾਪਾ ਨੂੰ ਜੇਲ੍ਹ ਭੇਜ ਦਿੱਤਾ ਗਿਆ। ਇਸ ਤੋਂ ਬਾਅਦ ਉਚ ਜਾਤੀ ਦੇ ਗੁੰਡਿਆਂ ਨੇ ਸਾਨੂੰ ਹੋਰ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ।

ਗੀਤਾ ਦਸਦੀ ਹੈ ਕਿ ਜਦੋਂ ਮੈਂ ਘਰੋਂ ਬਾਹਰ ਜਾਂਦੀ ਸੀ ਤਾਂ ਇੱਕ ਹੱਥ ਵਿੱਚ ਕੁਹਾੜੀ ਅਤੇ ਦੂਜੇ ਵਿੱਚ ਦਾਤਰੀ ਲੈ ਕੇ ਜਾਂਦੀ ਸੀ ਤਾਂ ਕਿ ਕੋਈ ਗੁੰਡਾ ਮੇਰੇ ਉੱਤੇ ਹਮਲਾ ਨਾ ਕਰ ਸਕੇ। ਪੜ੍ਹਨਾ ਚਾਹੁੰਦੀ ਸੀ, ਪਰ ਅੱਠਵੀਂ ਤੋਂ ਬਾਅਦ ਪੜ੍ਹਾਈ ਛੱਡਣੀ ਪਈ। ਜੇਲ੍ਹ ਤੋਂ ਆਉਣ ਤੋਂ ਬਾਅਦ ਮੇਰੇ ਪਿਤਾ ਨੇ ਮੇਰਾ ਜਲਦੀ ਵਿਆਹ ਕਰ ਦਿੱਤਾ ਤਾਂ ਜੋ ਮੈਂ ਆਪਣੇ ਸਹੁਰੇ ਘਰ ਅਮਨ ਸ਼ਾਂਤੀ ਨਾਲ ਰਹਿ ਸਕਾਂ ਪਰ ਉਥੇ ਹਾਲਾਤ ਹੋਰ ਵੀ ਮਾੜੇ ਸਨ।ਗੀਤਾ ਦੱਸਦੀ ਹੈ, 'ਸਹੁਰੇ ਘਰ ਆਏ ਨੂੰ ਦੋ-ਤਿੰਨ ਸਾਲ ਹੀ ਹੋਏ ਸਨ। ਉੱਚ ਜਾਤੀ ਦੇ ਲੜਕੇ ਨੇ ਦਲਿਤ ਪਰਿਵਾਰ ਦੀ ਧੀ ਨੂੰ ਅਗਵਾ ਕਰ ਲਿਆ। ਅਗਲੇ ਦਿਨ ਪੰਚਾਇਤ ਹੋਈ, ਪਰ ਮੁੰਡੇ ਨੂੰ ਸਜ਼ਾ ਨਾ ਹੋਈ। ਪੀੜਤ ਪਰਿਵਾਰ ਨੂੰ ਪਿੰਡ ਛੱਡਣਾ ਪਿਆ।

ਇਸੇ ਤਰ੍ਹਾਂ ਇਕ ਵਾਰ ਠਾਕੁਰ ਜਾਤੀ ਦੇ ਲੋਕਾਂ ਨੇ ਮੇਰੇ 'ਤੇ ਚੋਰੀ ਦਾ ਦੋਸ਼ ਲਗਾਇਆ। ਜਦੋਂ ਮੈਂ ਚੋਰੀ ਤੋਂ ਇਨਕਾਰ ਕੀਤਾ ਤਾਂ ਉਹ ਮੇਰੇ ਨਾਲ ਕੁੱਟਮਾਰ ਕਰਨ ਲਈ ਡੰਡੇ ਲੈ ਕੇ ਆਏ। ਮੈਂ ਵੀ ਉਨ੍ਹਾਂ 'ਤੇ ਕੁਹਾੜੇ ਨਾਲ ਹਮਲਾ ਕੀਤਾ। ਉਹ ਦੌੜ ਗਏ। ਬਸ ਉਸੇ ਦਿਨ ਹੀ ਮੈਂ ਫੈਸਲਾ ਕਰ ਲਿਆ ਕਿ ਹੁਣ ਮੈਂ ਉਨ੍ਹਾਂ ਦੇ ਜ਼ੁਲਮ ਦੇ ਖਿਲਾਫ ਜੂਝਾਂਗੀ ਹੈ। ਮੈਂ ਘਰੋਂ ਬਾਹਰ ਜਾਣ ਲੱਗ ਪਈ। ਪਿੰਡ ਤੋਂ 35 ਕਿਲੋਮੀਟਰ ਦੂਰ ਪੈਦਲ ਹੀ ਮੈਂ ਬਜ਼ਾਰ ਜਾਂਦੀ ਸੀ ਤੇ 6 ਮਹੀਨਿਆਂ ਦਾ ਰਾਸ਼ਨ ਲੈ ਕੇ ਵਾਪਸ ਆਉਂਦੀ ਸੀ। ਇਸ ਨਾਲ ਹੋਰ ਔਰਤਾਂ ਨੂੰ ਵੀ ਹਿੰਮਤ ਮਿਲੀ ਅਤੇ ਉਹ ਵੀ ਬਾਹਰ ਜਾਣ ਲੱਗ ਪਈਆਂ।ਗੀਤਾ ਦੱਸਦੀ ਹੈ, ਉਸ ਦੇ ਮਾਤਾ-ਪਿਤਾ ਦੀ ਮੌਤ ਬਾਅਦ ਉਸ ਨੇ ਅਨਾਥ ਦੀ ਤਰ੍ਹਾਂ ਜ਼ਿੰਦਗੀ ਬਤੀਤ ਕੀਤੀ। ਉੱਚ ਜਾਤੀ ਦਾ ਵਿਤਕਰਾ ਏਨਾ ਜ਼ਿਆਦਾ ਸੀ ਕਿ ਉਹ ਮਜ਼ਦੂਰੀ ਕਰਵਾਉਣ ਦੇ ਬਾਵਜੂਦ ਪੈਸੇ ਨਹੀਂ ਦਿੰਦੇ ਸਨ। ਕਈ ਵਾਰ ਮਜ਼ਦੂਰੀ ਮੰਗਣ 'ਤੇ ਜਾਗੀਰਦਾਰ ਗੁੰਡੇ ਉਨ੍ਹਾਂ ਦੀ ਕੁਟਮਾਰ ਕਰਦੇ ਸਨ। ਇਸੇ ਲਈ ਮੇਰੇ ਪਤੀ ਤੇ ਦਲਿਤ ਗੁਆਂਢੀ ਸ਼ਹਿਰ ਜਾ ਕੇ ਕੰਮ ਕਰਨ ਲਗ ਪਏ।ਗੀਤਾ ਦਾ ਕਹਿਣਾ ਹੈ ਕਿ ਪਿੰਡ ਵਿੱਚ ਉੱਚ ਜਾਤੀਆਂ ਨੂੰ ਸਰਕਾਰੀ ਸਹੂਲਤਾਂ ਮਿਲਦੀਆਂ ਹਨ ਪਰ ਅਧਿਕਾਰੀਆਂ ਵੱਲੋਂ ਦਲਿਤਾਂ ਨੂੰ ਅਣਗੌਲਿਆ ਕੀਤਾ ਜਾਂਦਾ ਹੈ। ਗੀਤਾ ਦੱਸਦੀ ਹੈ ਕਿ ਪਹਿਲਾਂ ਇੱਥੇ 5-6 ਦਲਿਤ ਪਰਿਵਾਰ ਸਨ, ਪਰ ਗੁੰਡਿਆਂ ਦੇ ਸ਼ੋਸ਼ਣ ਅਤੇ ਗਰੀਬੀ ਕਾਰਨ ਇਹ ਸਾਰੇ ਦਲਿਤ ਉੱਤਰ ਪ੍ਰਦੇਸ਼ ਦੇ ਓਰਾਈ, ਕਾਲਪੀ, ਕਾਨਪੁਰ ਅਤੇ ਗੁਜਰਾਤ, ਮੁੰਬਈ, ਦਿੱਲੀ ਵਰਗੇ ਸ਼ਹਿਰਾਂ ਵਿੱਚ ਚਲੇ ਗਏ। ਦਰਅਸਲ, ਇਹ ਦਲਿਤ ਉੱਚ ਜਾਤੀ ਦੇ ਲੋਕਾਂ ਤੋਂ ਕਰਜ਼ਾ ਲੈਂਦੇ ਸਨ, ਜਿਸ ਤੋਂ ਬਾਅਦ ਇਨ੍ਹਾਂ ਦਲਿਤਾਂ ਕੋਲੋਂ ਅੰਗੂਠੇ ਲਗਵਾ ਕੇ ਉਨ੍ਹਾਂ ਦੇ ਘਰ-ਬਾਰ ਉਪਰ ਜਾਗੀਰਦਾਰ ਕਬਜ਼ਾ ਕਰ ਲੈਂਦੇ ਸਨ।

ਗੀਤਾ ਦਸਦੀ ਹੈ ਕਿ ਗੁੰਡਿਆਂ ਨੇ ਮੇਰੀ ਸਾਰੀ ਜ਼ਮੀਨ 'ਤੇ ਕਬਜ਼ਾ ਕਰ ਲਿਆ। ਜਦੋਂ ਪੰਚਾਇਤ ਹੋਈ ਤਾਂ ਸਾਨੂੰ ਇੱਕ ਸਾਲ ਦਾ ਸਮਾਂ ਮਿਲਿਆ। ਇਸ ਤੋਂ ਬਾਅਦ ਮੈਂ ਆਪਣੇ ਦਮ 'ਤੇ ਕਮਾਉਣਾ ਸ਼ੁਰੂ ਕਰ ਦਿੱਤਾ। ਖੇਤਾਂ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ, ਪਸ਼ੂ ਪਾਲਣ ਲੱਗ ਪਈ। ਇਸ ਤੋਂ ਬਾਅਦ 26,000 ਰੁਪਏ ਜਮ੍ਹਾਂ ਕਰਵਾ ਕੇ ਮੈਂ ਆਪਣਾ ਸਾਰਾ ਖੇਤ ਜਾਗੀਰਦਾਰ ਤੋਂ ਮੁਕਤ ਕਰਵਾ ਲਿਆ। ਗੀਤਾ ਦੀ ਦਲਿਤ ਬਸਤੀ ਦੇ ਆਲੇ-ਦੁਆਲੇ ਉੱਚ ਜਾਤੀ ਦੇ ਲੋਕਾਂ ਦੇ ਘਰ ਹਨ। ਉਹ ਦੱਸਦੀ ਹੈ, 'ਜਦੋਂ ਉਹ ਵਿਆਹ ਕੇ ਆਈ ਤਾਂ ਇਥੇ ਬਸਤੀ 'ਤੇ ਉੱਚ ਜਾਤੀਆਂ ਦਾ ਏਨਾ ਦਬਦਬਾ ਸੀ ਕਿ ਉਹ ਘਰ ਦੇ ਨਾਲੇ ਦਾ ਪਾਣੀ ਵੀ ਬਾਹਰ ਨਹੀਂ ਨਿਕਲਣ ਦਿੰਦੇ ਸਨ। ਅਸੀਂ ਉਨ੍ਹਾਂ ਦੇ ਦਰਵਾਜ਼ੇ ਦੇ ਅੱਗੋਂ ਨਹੀਂ ਲੰਘ ਸਕਦੇ ਸਾਂ।ਉੱਚ ਜਾਤੀ ਦੇ ਲੋਕ ਆਪਣੇ ਘਰਾਂ ਦੇ ਬਾਹਰ ਮੰਜਿਆਂ 'ਤੇ ਸੌਂਦੇ ਸਨ। ਜੇਕਰ ਅਸੀਂ ਸਵੇਰੇ 4 ਵਜੇ ਜੰਗਲ ਪਾਣੀ ਲਈ ਜਾਂਦੀਆਂ ਸਾਂ ਤਾਂ ਰਸਤੇ ਵਿਚ ਜੇਕਰ ਸਾਡੀ ਸਾੜ੍ਹੀ ਵੀ ਉਨ੍ਹਾਂ ਦੇ ਮੰਜੇ ਨੂੰ ਛੂਹ ਜਾਂਦੀ ਸੀ ਤਾਂ ਪੰਚਾਇਤ ਬੁਲਾ ਕੇ ਸਾਨੂੰ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਸੀ। ਇਸ ਤੋਂ ਬਾਅਦ ਮੈਂ ਫੈਸਲਾ ਕੀਤਾ ਕਿ ਹੁਣ ਉਚ ਜਾਤੀਆਂ ਦੀ ਧੱਕੇਸ਼ਾਹੀ ਵਿਰੁੱਧ ਮੁਹਿੰਮ ਛੇੜਨੀ ਪਵੇਗੀ। ਮੈਂ ਦਲਿਤਾਂ ਨੂੰ ਜਾਗਰੂਕ ਕਰਨਾ ਸ਼ੁਰੂ ਕਰ ਦਿੱਤਾ। ਘਰ-ਘਰ ਜਾ ਕੇ ਉਨ੍ਹਾਂ ਨੂੰ ਕਾਨੂੰਨ ਅਤੇ ਉਨ੍ਹਾਂ ਦੇ ਅਧਿਕਾਰਾਂ ਬਾਰੇ ਜਾਣਕਾਰੀ ਦਿੱਤੀ। ਉਸਨੇ ਦਸਿਆ ਕਿ ਜਿਨ੍ਹਾਂ ਸਕੂਲਾਂ ਵਿੱਚ ਦਲਿਤਾਂ ਨੂੰ ਪੜ੍ਹਨ ਦੀ ਇਜਾਜ਼ਤ ਨਹੀਂ ਸੀ, ਉਨ੍ਹਾਂ ਨੂੰ ਮੈਂ ਉਥੇ ਦਾਖ਼ਲਾ ਦਿਵਾਇਆ। ਅੱਜ ਮੈਂ 15 ਪਿੰਡਾਂ ਵਿੱਚ 800 ਤੋਂ ਵੱਧ ਦਲਿਤ ਬੱਚਿਆਂ ਨੂੰ ਸਿੱਖਿਆ ਨਾਲ ਜੋੜ ਚੁਕੀ ਹਾਂ। ਪ੍ਰਸ਼ਾਸਨ ਦੀ ਮਦਦ ਨਾਲ ਪਿੰਡਾਂ ਵਿੱਚ ਲਾਇਬ੍ਰੇਰੀਆਂ ਉਸਾਰੀਆਂ ਹਨ ਤਾਂ ਜੋ ਦਲਿਤ ਬਚੇ ਗਿਆਨ ਹਾਸਲ ਕਰ ਸਕਣ। 2015 ਵਿੱਚ, ਗੀਤਾ 'ਬੁੰਦੇਲਖੰਡ ਦਲਿਤ ਅਧਿਕਾਰ ਮੰਚ' ਵਿੱਚ ਸ਼ਾਮਲ ਹੋ ਗਈ।ਉਹ ਕਹਿੰਦੀ ਹੈ, ਦਲਿਤ ਬੱਚਿਆਂ ਨੂੰ ਸਕੂਲ ਵਿੱਚ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਕਾਰਨ ਦਰਜਨਾਂ ਬੱਚਿਆਂ ਦਾ ਸਕੂਲ ਜਾਣਾ ਛਡ ਦਿੱਤਾ।ਕਈ ਅਜਿਹੇ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿਚ ਇਨ੍ਹਾਂ ਦਲਿਤ ਬੱਚਿਆਂ ਨੂੰ ਪਿੱਛੇ ਬੈਠਾਇਆ ਜਾਂਦਾ ਸੀ।

(ਬਾਕੀ ਸਫ਼ਾ 30 'ਤੇ)

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਮੋਰਚੇ ਵਿਚ ਪੁੱਜੇ ਹਿੰਦੂ ਭਾਈਚਾਰੇ ਨੇ ਬੰਦੀ ਸਿੰਘਾਂ ਦੀ ਮੰਗੀ ਰਿਹਾਈ

## ਮੋਰਚੇ ਨੂੰ ਲੋਕਾਂ ਦੀ ਮਿਲੀ ਭਰਵੀਂ ਹਮਾਇਤ, ਹਿੰਦੂ ਜਥੇ ਦਾ ਮੋਰਚੇ ਦੇ ਆਗੂਆਂ ਵੱਲੋਂ ਸਵਾਗਤ ਕੌਮੀ ਇਨਸਾਫ਼ ਮੋਰਚੇ ਦੇ ਆਗੂ ਦਾ ਪੁਲਿਸ ਵਲੋਂ ਫੋਨ ਟੈਪ ਕਰਨ ਦੀ ਨਿਖੇਧੀ

ਐਸਏਐਸ ਨਗਰ/ਏ.ਟੀ.ਨਿਊਜ਼ :- ਬੰਦੀ ਸਿੰਘਾਂ ਦੀ ਰਿਹਾਈ, ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀ ਕਾਂਡ ਸਮੇਤ ਹੋਰ ਸਿੱਖ ਮਸਲਿਆਂ ਬਾਰੇ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਤੇ ਪੰਥਕ ਕਮੇਟੀ ਸਮੇਤ ਹੋਰ ਸਿੱਖ ਜਥੇਬੰਦੀਆਂ ਦਾ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ 'ਤੇ ਪੱਕਾ ਮੋਰਚਾ ਜਾਰੀ ਹੈ। ਭਾਈ ਜਗਤਾਰ ਸਿੰਘ ਹਵਾਰਾ ਦੇ ਜੱਦੀ ਪਿੰਡ ਤੇ ਨੇੜਲੇ ਪਿੰਡਾਂ ਵਿਚੋਂ ਹਿੰਦੂ ਭਾਈਚਾਰੇ ਦਾ ਵੱਡਾ ਜਥਾ ਪੱਕੇ ਮੋਰਚੇ ਵਿੱਚ ਪੁੱਜਿਆ। ਸਿੱਖ ਸੰਘਰਸ਼ ਵਿੱਚ ਪਹੁੰਚਣ 'ਤੇ ਬਾਪੂ ਗੁਰਚਰਨ ਸਿੰਘ ਸਮੇਤ ਹੋਰਨਾਂ ਪ੍ਰਬੰਧਕਾਂ ਨੇ ਇਨ੍ਹਾਂ ਪਰਿਵਾਰਾਂ ਦਾ ਨਿੱਘਾ ਸਵਾਗਤ ਕੀਤਾ।

ਇਸ ਮੌਕੇ ਐਡਵੋਕੇਟ ਦਿਲਸ਼ੇਰ ਸਿੰਘ ਤੇ ਬਲਵਿੰਦਰ ਸਿੰਘ ਨੇ ਹਿੰਦੂ ਭਾਈਚਾਰੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਨਾਲ ਪੰਥ ਦੋਖੀਆਂ ਵੱਲੋਂ ਸਿੱਖ ਕੈਦੀਆਂ ਬਾਰੇ ਕੀਤੇ ਜਾ ਰਹੇ ਕੂੜ ਪ੍ਰਚਾਰ ਨੂੰ ਵੀ ਕਰਾਰਾ ਜਵਾਬ ਮਿਲਿਆ ਹੈ।ਪੰਡਤ ਰੂਪ ਚੰਦ ਨੇ ਹਵਾਰਾ ਪਰਿਵਾਰ ਨਾਲ ਆਪਣੀ ਸਾਂਝ ਅਤੇ ਸਿੱਖ ਨੌਜਵਾਨ ਨਾਲ ਜੁੜੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਉਹ ਇਕੱਠੇ ਖੇਡੇ ਅਤੇ ਪੜ੍ਹੇ ਹਨ। ਉਨ੍ਹਾਂ ਕਿਹਾ ਕਿ ਜਗਤਾਰ ਹਿੰਦੂ ਭਾਈਚਾਰੇ ਦੇ ਨਹੀਂ, ਸਗੋਂ ਜਬਰ ਦੇ ਖ਼ਿਲਾਫ਼ ਸੀ। ਉਨ੍ਹਾਂ ਕਿਹਾ ਕਿ ਪਿੰਡ ਹਵਾਰਾ ਨੂੰ ਉਨ੍ਹਾਂ ਦੀ ਜੇਲ੍ਹ ਜ਼ਿੰਦਗੀ ਕਰ ਕੇ ਵੱਡਾ ਘਾਟਾ ਪਿਆ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਜਦੋਂ ਇਸ ਨੌਜਵਾਨ ਨੇ ਆਪਣੇ ਜੁਰਮ ਦੀ ਸਜ਼ਾ ਪੂਰੀ ਕਰ ਲਈ ਹੈ ਤਾਂ ਉਸ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਉਨ੍ਹਾਂ ਐਲਾਨ ਕੀਤਾ ਕਿ ਹਿੰਦੂ ਭਾਈਚਾਰੇ ਦੇ ਲੋਕ ਕੌਮੀ ਇਨਸਾਫ਼ ਮੋਰਚੇ ਨਾਲ ਡਟ ਕੇ ਖੜ੍ਹੇ ਹਨ।

ਪੱਕੇ ਮੋਰਚੇ ਦੇ ਆਗੂਆਂ ਵੱਲੋਂ ਇਥੇ ਕੌਮੀ ਇਨਸਾਫ਼ ਮੋਰਚੇ ਦੇ ਆਗੂ ਬਲਵਿੰਦਰ ਸਿੰਘ ਦਾ ਫੋਨ ਟੈਪ ਕਰਵਾਏ ਜਾਣ ਦੀ ਨਿਖੇਧੀ ਕੀਤੀ ਗਈ। ਬਲਵਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਫੋਨ ਟੈਪ ਕੀਤਾ ਜਾ ਰਿਹਾ ਹੈ ਤੇ ਪੱਕੇ ਮੋਰਚੇ ਦੇ ਆਗੂਆਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀਆਂ ਗੱਲਾਂ ਵੀ ਸੁਣੀਆਂ ਜਾ ਰਹੀਆਂ ਹਨ। ਸਿੱਖ ਆਗੂ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਪੁਲਿਸ ਅਧਿਕਾਰੀ ਦਾ ਡਿੱਗਿਆ ਫੋਨ ਮਿਲਿਆ ਸੀ, ਜਿਸ ਵਿੱਚ ਇਹ ਰਿਕਾਰਡਿੰਗਜ਼ ਪਈਆਂ ਸਨ, ਉਸ ਮਗਰੋਂ ਉਨ੍ਹਾਂ ਨੂੰ ਫੋਨ ਟੈਪ ਹੋਣ ਦਾ ਪਤਾ ਲੱਗਿਆ। ਆਗੂਆਂ ਨੇ ਕਿਹਾ ਕਿ ਇਸ ਸਬੰਧੀ ਸ਼ਿਕਾਇਤ ਦਰਜ ਕਰਵਾਈ ਜਾਵੇਗੀ ਤੇ ਛੇਤੀ ਹੀ ਡੀਜੀਪੀ ਨਾਲ ਮੁਲਾਕਾਤ ਕੀਤੀ ਜਾਵੇਗੀ।

## ਅਨੰਦ ਮੈਰਿਜ ਐਕਟ ਨੂੰ ਲਾਗੂ ਕਰਨ ਸੰਬੰਧੀ ਪੰਜਾਬ ਨੇ ਅਵੇਸਲਾ ਰਵੱਈਆ ਅਖ਼ਤਿਆਰ ਕੀਤਾ -ਲਾਲਪੁਰਾ

ਨਵੀਂ ਦਿੱਲੀ-'ਸਿੱਖਾਂ ਦੀ ਬਹੁਤਾਤ ਵਾਲੇ ਭਾਰਤ ਦੇ ਇਕਲੌਤੇ ਸੂਬੇ ਪੰਜਾਬ ਨੇ ਹੀ ਰਾਜ 'ਵਿਚ ਅਨੰਦ ਮੈਰਿਜ ਐਕਟ ਲਾਗੂ ਕਰਨ 'ਚ ਅਵੇਸਲਾ ਰਵੱਈਆ ਅਖ਼ਤਿਆਰ ਕੀਤਾ ਹੈ। ਸੂਬਾ ਸਰਕਾਰ ਵਲੋਂ ਹਾਲੇ ਤੱਕ ਆਨੰਦ ਮੈਰਿਜ ਐਕਟ ਤਹਿਤ ਸਿੱਖਾਂ ਦੇ ਵਿਆਹ ਨੂੰ ਰਜਿਸਟਰ ਕਰਨ ਲਈ ਕੋਈ ਨੇਮ ਨਹੀਂ ਬਣਾਏ ਗਏ ਹਨ।ਇਸ ਸੰਬੰਧੀ ਘੱਟ ਗਿਣਤੀਆਂ ਬਾਰੇ ਰਾਸ਼ਟਰੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਅਨੰਦ ਮੈਰਿਜ ਐਕਟ ਨੂੰ ਲੈ ਕੇ ਪੰਜਾਬ ਦੇ ਢਿੱਲੇ-ਮੱਠੇ ਰਵੱਈਏ 'ਤੇ ਇਤਰਾਜ਼ ਪ੍ਰਗਟਾਉਂਦਿਆਂ ਕਮਿਸ਼ਨ ਦਫ਼ਤਰ ਵਿਖੇ ਕੀਤੀ ਪ੍ਰੈਸ ਕਾਨਫਰੰਸ ਵਿਚ ਲਾਲਪੁਰਾ ਨੇ ਕਿਹਾ ਕਿ ਕਮਿਸ਼ਨ ਵਲੋਂ ਸਾਰੀਆਂ ਸੂਬਾ ਸਰਕਾਰਾਂ ਨੂੰ ਅਨੰਦ ਮੈਰਿਜ ਐਕਟ ਲਾਗੂ ਕਰਨ ਲਈ ਅਪੀਲ ਕੀਤੀ ਗਈ ਤਾਂ ਜੋ ਸਿੱਖਾਂ ਨੂੰ ਆਪਣਾ ਵਿਆਹ ਰਜਿਸਟਰ ਕਰਨ ਲਈ ਦਿੱਕਤਾਂ ਦਾ ਸਾਹਮਣਾ ਨਾ ਕਰਨਾ ਪਏ। (ਬਾਕੀ ਸਫ਼ਾ 30 'ਤੇ)

# ਬਹਿਬਲ ਮੋਰਚੇ ਵਲੋਂ ਪੰਜਾਬ ਸਰਕਾਰ ਨੂੰ ਅਲਟੀਮੇਟਮ, 31 ਤੱਕ ਦਾ ਸਮਾਂ



ਬਰਗਾੜੀ/ਏ.ਟੀ.ਨਿਊਜ਼ :- ਬਹਿਬਲ ਇਨਸਾਫ਼ ਮੋਰਚੇ ਵਲੋਂ ਮੋਰਚਾ ਪ੍ਰਬੰਧਕਾਂ ਅਤੇ ਹਮਾਇਤੀ ਜਥੇਬੰਦੀਆਂ ਦੇ ਆਗੂਆਂ ਦੀ ਮੀਟਿੰਗ ਦੌਰਾਨ ਫ਼ੈਸਲਾ ਕੀਤਾ ਗਿਆ ਕਿ ਜੇਕਰ ਸਰਕਾਰ ਨੇ ਆਪਣੇ ਵਲੋਂ ਦਿੱਤੇ ਸਮੇਂ 31 ਜਨਵਰੀ ਤੱਕ ਮੋਰਚੇ ਦੀਆਂ ਮੰਗਾਂ ਨਾ ਮੰਨੀਆਂ ਤਾਂ 5 ਫ਼ਰਵਰੀ ਨੂੰ ਸੰਗਤਾਂ ਦੇ ਸਹਿਯੋਗ ਨਾਲ ਨੈਸ਼ਨਲ ਸੜਕ ਦੇ ਦੋਵੇਂ ਪਾਸੇ ਜਾਮ ਕਰ ਕੇ ਤਿੱਖਾ ਸੰਘਰਸ਼ ਕੀਤਾ ਜਾਵੇਗਾ ਅਤੇ ਮੰਗਾਂ ਮੰਨੇ ਜਾਣ ਤੱਕ ਜਾਰੀ ਰਹੇਗਾ। ਮੋਰਚੇ ਵਲੋਂ 26 ਜਨਵਰੀ ਦੇ ਗਣਤੰਤਰ ਦਿਵਸ ਦਾ ਬਾਈਕਾਟ ਕਰਦਿਆਂ ਸੰਗਤ ਨੂੰ ਅਪੀਲ ਕੀਤੀ ਕਿ ਆਪਣੇ ਘਰਾਂ 'ਤੇ ਝੰਡੇ ਝੁਲਾਉਣ ਦੇ ਚਾਹਵਾਨ ਲੋਕ ਆਪਣੇ ਘਰਾਂ 'ਤੇ ਜਿੱਤ ਦੇ ਪ੍ਰਤੀਕ ਕੇਸਰੀ ਨਿਸ਼ਾਨ ਸਾਹਿਬ ਝੁਲਾ ਸਕਦੇ ਹਨ। ਉਨ੍ਹਾਂ ਮੁਹਾਲੀ ਵਿਖੇ ਚੱਲ ਰਹੇ ਕੌਮੀ ਇਨਸਾਫ਼ ਮੋਰਚੇ ਦੀ ਪੂਰਨ ਹਮਾਇਤ ਕੀਤੀ।

ਉਨ੍ਹਾਂ ਕਿਹਾ ਕਿ ਭਾਰਤ ਦਾ ਕਾਨੂੰਨ ਅਖੌਤੀ ਸਾਧ ਰਾਮ ਰਹੀਮ ਨੂੰ ਵਾਰ ਵਾਰ ਪੈਰੋਲ ਦੇ ਰਿਹਾ ਹੈ ਪ੍ਰੰਤੂ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਇਸ ਮੌਕੇ ਭਾਈ ਸੁਖਰਾਜ ਸਿੰਘ ਖ਼ਾਲਸਾ, ਵਕੀਲ ਹਰਪਾਲ ਸਿੰਘ ਖਾਰਾ, ਬਾਬਾ ਬਖਸ਼ੀਸ਼ ਸਿੰਘ, ਬਾਬਾ ਹਰਦੀਪ ਸਿੰਘ ਮਹਿਰਾਜ, ਸੁਖਜੀਤ ਸਿੰਘ ਖੋਸੇ, ਗੁਰਪ੍ਰੀਤ ਸਿੰਘ ਖ਼ਾਲਸਾ ਆਦਿ ਹਾਜ਼ਰ ਸਨ।

# ਪੈਰੋਲ 'ਤੇ ਰਿਹਾਅ ਹੋਣ ਬਾਅਦ ਸੌਦਾ ਸਾਧ ਡਰਾਮੇਬਾਜ਼ੀ ਉੱਪਰ ਉੱਤਰਿਆ, ਤਲਵਾਰ ਨਾਲ ਕੱਟਿਆ ਕੇਕ

## ਸਮਾਗਮ ਵਿਚ ਖੱਟਰ ਦਾ ਓਐਸਡੀ ਤੇ ਕਈ ਭਾਜਪਾਈ ਸ਼ਾਮਲ

### ਦਿੱਲੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਨੇ ਸਾਧਿਆ ਨਿਸ਼ਾਨਾ ਕਿ ਖੱਟੜ ਜੀ ਖੁੱਲ੍ਹ ਕੇ ਆਪਣਾ ਸਟੈਂਡ ਦੱਸੋ ਕਿ ਤੁਸੀਂ ਬਲਾਤਕਾਰੀ ਦੇ ਨਾਲ ਹੋ ਜਾਂ ਔਰਤਾਂ ਨਾਲ

ਦਿੱਲੀ/ਏ.ਟੀ.ਨਿਊਜ਼ :- ਪੈਰੋਲ 'ਤੇ ਬਾਹਰ ਆਉਣ ਮਗਰੋਂ ਹੀ ਸੌਦਾ ਸਾਧ ਨੇ ਆਪਣਾ ਡਰਾਮਾ ਸ਼ੁਰੂ ਕਰ ਦਿੱਤਾ ਹੈ। ਦੱਸ ਦਈਏ ਕਿ ਹੁਣ ਰਾਮ ਰਹੀਮ ਦਾ ਤਲਵਾਰ ਨਾਲ ਕੇਕ ਕੱਟ ਕੇ ਜਸ਼ਨ ਮਨਾਉਣ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਹ ਮੌਕਾ ਸੀ ਡੇਰੇ ਦੇ ਦੂਜੇ ਸ਼ਾਹ ਸਤਨਾਮ ਦੇ ਜਨਮ ਦਿਨ ਦਾ। ਉਸ ਨੇ ਰਾਮ ਰਹੀਮ ਨੂੰ ਆਪਣੀ ਗੱਦੀ ਸੌਂਪੀ ਸੀ। ਕੇਕ ਕੱਟਣ ਦੀ ਵੀਡੀਓ ਬਾਗਪਤ ਸਥਿਤ ਬਰਨਾਵਾ ਡੇਰੇ ਦੀ ਹੈ। ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਇੱਕ ਕਥਿਤ ਵੀਡੀਓ ਵਿੱਚ ਡੇਰਾ ਮੁਖੀ ਨੂੰ ਇਹ ਕਹਿੰਦੇ ਹੋਏ ਸੁਣਿਆ ਜਾ ਸਕਦਾ ਹੈ, 'ਪੰਜ ਸਾਲ ਬਾਅਦ ਮੈਨੂੰ ਇਸ ਤਰ੍ਹਾਂ ਮਨਾਉਣ ਦਾ ਮੌਕਾ ਮਿਲਿਆ ਹੈ, ਇਸ ਲਈ ਮੈਨੂੰ ਘੱਟੋ-ਘੱਟ ਪੰਜ ਕੇਕ ਕੱਟਣੇ ਚਾਹੀਦੇ ਹਨ। ਇਹ ਪਹਿਲਾ ਕੇਕ ਹੈ।' ਦੱਸ ਦਈਏ ਕਿ ਬਾਹਰ ਆਉਣ ਤੋਂ ਬਾਅਦ ਰਾਮ ਰਹੀਮ ਨੇ 5 ਘੰਟੇ ਤੱਕ ਆਨਲਾਈਨ ਸਤਿਸੰਗ ਕੀਤਾ। ਇਸ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਓਐਸਡੀ, ਭਾਜਪਾ ਦੇ ਸੰਸਦ ਮੈਂਬਰ-ਵਿਧਾਇਕ ਵੀ ਸ਼ਾਮਲ ਹੋਏ। ਖੱਟਰ ਦੇ ਓਐਸਡੀ ਕ੍ਰਿਸ਼ਨ ਬੇਦੀ ਅਤੇ ਰਾਜ ਸਭਾ ਮੈਂਬਰ ਕ੍ਰਿਸ਼ਨ ਪਵਾਰ ਵੀ ਸਿਰਸਾ ਪੁੱਜੇ। ਦੋਵਾਂ ਨੇ ਸੌਦਾ ਸਾਧ ਨਾਲ ਗੁਪਤ ਮੀਟਿੰਗ ਕੀਤੀ। ਓਐਸਡੀ ਕ੍ਰਿਸ਼ਨ ਬੇਦੀ ਨੇ ਦੱਸਿਆ ਕਿ ਉਹ 3 ਫਰਵਰੀ ਨੂੰ ਨਰਵਾਣਾ ਵਿਖੇ ਹੋਣ ਵਾਲੇ ਸੰਤ ਰਵਿਦਾਸ ਜੈਅੰਤੀ ਸਮਾਗਮ ਨੂੰ ਸੱਦਾ ਦੇਣ ਲਈ ਸਿਰਸਾ ਆਏ ਹਨ।



ਰਾਜ ਸਭਾ ਮੈਂਬਰ ਕ੍ਰਿਸ਼ਨ ਪਵਾਰ ਨੇ ਕਿਹਾ ਕਿ ਪਾਣੀਪਤ ਵਿਚ ਪਹਿਲੀ ਸਵੱਛਤਾ ਮੁਹਿੰਮ ਚਲਾਈ ਗਈ ਸੀ। ਮੈਨੂੰ ਯਾਦ ਹੈ। ਤੁਹਾਡੀ ਅਸੀਸ ਸਾਡੇ 'ਤੇ ਬਣੀ ਰਹੇ। ਸਿਰਸਾ ਤੋਂ ਭਾਜਪਾ ਆਗੂ ਗੋਬਿੰਦ ਕਾਂਡਾ ਨੇ (ਬਾਕੀ ਸਫ਼ਾ 31 'ਤੇ)

# ਦਿਗਵਿਜੈ ਨੇ ਮੋਦੀ ਸਰਕਾਰ ਦੇ ਸਰਜੀਕਲ ਹਮਲਿਆਂ ਨੂੰ ਝੂਠ ਦਸਿਆ

## ਕਾਂਗਰਸ ਦਿਗਵਿਜੈ ਦੇ ਵਿਚਾਰ ਨਾਲ ਅਸਹਿਮਤ ਤੇ ਮੋਦੀ ਸਰਕਾਰ ਦੀ ਕੀਤੀ ਹਮਾਇਤ

ਦਿੱਲੀ/ਏ.ਟੀ.ਨਿਊਜ਼ :- ਕਾਂਗਰਸ ਆਗੂ ਤੇ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਦਿਗਵਿਜੈ ਸਿੰਘ ਨੇ ਸਰਜੀਕਲ ਹਮਲਿਆਂ 'ਤੇ ਸਵਾਲ ਚੁੱਕਦਿਆਂ ਕੇਂਦਰ ਦੀ ਮੋਦੀ ਸਰਕਾਰ 'ਤੇ ਝੂਠ ਬੋਲਣ ਦਾ ਦੋਸ਼ ਲਾਇਆ ਹੈ। ਉਨ੍ਹਾਂ 2019 ਦੇ ਪੁਲਵਾਮਾ ਹਮਲੇ ਲਈ ਵਰਤੇ 300 ਕਿਲੋ ਆਰਡੀਐੱਕਸ ਤੇ ਦਹਿਸ਼ਤਗਰਦਾਂ ਨਾਲ ਫੜੇ ਗਏ ਡੀਐੱਸਪੀ ਦਵਿੰਦਰ ਸਿੰਘ ਦੇ ਹਵਾਲੇ ਨਾਲ ਸਰਕਾਰ ਨੂੰ ਘੇਰਿਆ। ਉਧਰ ਕਾਂਗਰਸ ਨੇ ਦਿਗਵਿਜੈ ਦੀਆਂ ਇਨ੍ਹਾਂ ਟਿੱਪਣੀਆਂ ਨੂੰ ਉਨ੍ਹਾਂ ਦੇ ਨਿੱਜੀ ਵਿਚਾਰ ਦੱਸ ਕੇ ਦੂਰੀ ਬਣਾ ਲਈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਟਵੀਟ ਕੀਤਾ ਕਿ ਕਾਂਗਰਸ ਫੌਜ ਵੱਲੋਂ ਦੇਸ਼ ਹਿੱਤ ਵਿੱਚ ਕੀਤੀਆਂ ਸਾਰੀਆਂ ਕਾਰਵਾਈਆਂ ਦੀ ਹਮਾਇਤ ਕਰਦੀ ਸੀ ਤੇ ਅੱਗੋਂ ਵੀ ਕਰਦੀ ਰਹੇਗੀ। ਉਨ੍ਹਾਂ ਕਿਹਾ ਕਿ ਸਿੰਘ ਦਾ ਉਪਰੋਕਤ ਬਿਆਨ ਪਾਰਟੀ ਦੇ ਅਧਿਕਾਰਤ ਸਟੈਂਡ ਦੀ ਤਰਜਮਾਨੀ ਨਹੀਂ ਕਰਦਾ। ਜੰਮੂ ਕਸ਼ਮੀਰ ਵਿੱਚ 'ਭਾਰਤ ਜੋੜੋ' ਯਾਤਰਾ ਦੌਰਾਨ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਸਿੰਘ ਨੇ ਕਿਹਾ ਕਿ ਸਰਕਾਰ ਨੇ ਸੀਆਰਪੀਐੱਫ ਦੀ ਉਸ ਦੇ ਅਮਲੇ ਨੂੰ ਸ੍ਰੀਨਗਰ ਤੋਂ ਦਿੱਲੀ ਹਵਾਈ ਰਸਤੇ ਭੇਜਣ ਦੀ ਗੁਜ਼ਾਰਿਸ਼ ਨਹੀਂ ਮੰਨੀ ਤੇ ਸਾਲ 2019 ਵਿੱਚ ਪੁਲਵਾਮਾ ਦਹਿਸ਼ਤੀ ਹਮਲੇ ਵਿੱਚ 40 ਸੁਰੱਖਿਆ ਬਲਾਂ ਨੇ ਆਪਣੀਆਂ ਜਾਨਾਂ ਵਾਰ ਦਿੱਤੀਆਂ। ਸਿੰਘ ਨੇ ਕਿਹਾ, 'ਉਹ ਸਰਜੀਕਲ ਹਮਲਿਆਂ ਦੀ ਗੱਲ ਕਰਦੇ ਹਨ। ਉਨ੍ਹਾਂ ਵੱਡੀ ਗਿਣਤੀ ਦਹਿਸ਼ਤਗਰਦਾਂ ਨੂੰ ਮਾਰਨ ਦਾ ਦਾਅਵਾ ਕੀਤਾ, ਪਰ ਇਸ ਦਾ ਕੋਈ ਸਬੂਤ ਨਹੀਂ ਦਿੱਤਾ ਗਿਆ। ਉਹ ਝੂਠਾਂ ਦੀ ਪੰਡ ਸਿਰ ਰਾਜ ਕਰ ਰਹੇ ਹਨ।



ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

25 ਤੋਂ 31 ਜਨਵਰੀ, 2023

## ਨਵੀਂ ਤਕਨਾਲੋਜੀ ਦੇ ਲੋਕਾਂ 'ਤੇ ਪੈਣ ਵਾਲੇ ਅਸਰ

ਕੰਪਿਊਟਰ ਤਕਨਾਲੋਜੀ ਵਿਚ ਹਰ ਰੋਜ਼ ਨਵੀਂ ਖੋਜ ਹੋ ਰਹੀ ਹੈ। ਹਰੇਕ ਖੋਜ ਕੁੱਝ ਖਾਸ ਧਿਰ ਦੇ ਚੋਣਵੇਂ ਮਨੁੱਖਾਂ ਦੀ ਸੌਖ ਨੂੰ ਵਧਾਉਣ ਲਈ ਜਾਂ ਫਿਰ ਨਵੀਂ ਤਕਨਾਲੋਜੀ ਨੂੰ ਦੁਨੀਆਂ ਨੂੰ ਵੇਚ ਕੇ ਪੈਸੇ ਕਮਾਉਣ ਲਈ ਹੋ ਰਹੀ ਹੈ। ਕਾਫੀ ਸਾਲਾਂ ਤੋਂ ਇਸ ਖੇਤਰ ਵਿਚ ਬਨਾਵਟੀ ਅਕਲ ਦੀ ਗੱਲ ਚੱਲ ਰਹੀ ਹੈ ਜਿਸ ਦੇ ਸਹਾਰੇ ਮਨੁੱਖਾਂ ਦੇ ਕਰਨ ਵਾਲੇ ਸਾਧਾਰਨ ਅਤੇ ਦੁਹਰਾਓ ਵਾਲੇ ਕੰਮਾਂ ਨੂੰ ਕੰਪਿਊਟਰ ਨੂੰ ਸਿਖਾ ਕੇ ਆਸਾਨ ਬਣਾ ਲਿਆ ਜਾਂਦਾ ਹੈ। ਪਰ ਤਕਨੀਕ ਸਿਰਫ ਇਥੇ ਹੀ ਨਹੀਂ ਰੁਕੀ, ਹੁਣ ਵਧੇਰੇ ਮੁਸ਼ਕਿਲ ਕਾਰਜ ਵੀ ਇਸ ਤਕਨੀਕ ਤੋਂ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਾਂ ਅਜਿਹੇ ਕੰਮ ਜੋ ਵੈਸੇ ਮਨੁੱਖ ਦੁਆਰਾ ਕਰਨੇ ਸੰਭਵ ਨਾ ਹੋਣ।

ਅਜਿਹੇ ਹੀ ਅਸੰਭਵ ਕੰਮ ਦਾ ਪ੍ਰਦਰਸ਼ਨ ਲਗਭਗ ਸੰਨ 2000 ਤੋਂ ਖੋਜ ਦੇ ਪੱਧਰ 'ਤੇ ਖੋਜ ਸੰਸਥਾਵਾਂ ਅਤੇ ਕੰਪਨੀਆਂ ਵਲੋਂ ਕੀਤਾ ਗਿਆ ਕਿ ਇਸ ਬਨਾਵਟੀ ਅਕਲ ਦੇ ਸਹਾਰੇ ਕਿਸੇ ਵੀ ਸ਼ਕਲ ਦੇ ਮਨੁੱਖ ਨੂੰ ਕਲਪਿਆ ਅਤੇ ਸੀਸ਼ੇ ਉਤੇ ਦਿਖਾਇਆ ਜਾ ਸਕੇਗਾ। ਹੁਣ ਇਹ ਤਕਨੀਕ ਕਾਫੀ ਵਿਕਸਤ ਹੋ ਗਈ ਹੈ।

ਇਸ ਬਨਾਵਟੀ ਅਕਲ ਨੂੰ ਉਸ ਮਨੁੱਖ ਦੀਆਂ ਤਸਵੀਰਾਂ ਦਿੱਤੀਆਂ ਜਾ ਸਕਦੀਆਂ ਹਨ, ਜਿਸਦੀ ਕਿ ਇਸ ਬਨਾਵਟੀ ਅਕਲ ਨੇ ਤਸਵੀਰ ਬਣਾਉਣੀ ਹੁੰਦੀ ਹੈ। ਇਸ ਤਕਨੀਕ ਨਾਲ ਮਨੁੱਖ ਨੂੰ ਹੱਸਦਿਆਂ, ਚਿਹਰੇ ਦੇ ਹਾਵ ਭਾਵ ਦਿੰਦਿਆਂ ਅਤੇ ਬੋਲਦਿਆਂ ਵੀ ਦਿਖਾਇਆ ਜਾ ਸਕਦਾ ਹੈ। ਅਜਿਹੀ ਤਕਨੀਕ ਦੀ ਵਰਤੋਂ ਨਾਲ ਮਰ ਚੁੱਕੇ ਅਦਾਕਾਰਾਂ ਨੂੰ ਫਿਲਮਾਂ ਵਿਚ ਜਿਉਂਦਿਆਂ ਕਰਕੇ ਉਨ੍ਹਾਂ ਨੂੰ ਸ਼ੀਸ਼ੇ ਉਪਰ ਚਿਹਰੇ ਦੇ ਹਾਵ ਭਾਵ ਦਿੰਦੇ ਜਾਂ ਬੋਲਦੇ ਦਿਖਾਇਆ ਜਾ ਸਕਦਾ ਹੈ।

ਅਜਿਹਾ ਸੰਭਵ ਉਸ ਇਨਸਾਨ ਦੀਆਂ ਤਸਵੀਰਾਂ ਦੇ ਜ਼ਰੀਏ ਹੁੰਦਾ ਹੈ। ਕਿਸੇ ਵੀ ਵੀਡੀਓ ਨੂੰ ਚੱਲਦੇ ਰੂਪ ਵਿਚ ਦਿਖਾਉਣ ਲਈ ਲਗਾਤਾਰ ਇੱਕ ਸਕਿੰਟ ਵਿਚ ਅੰਦਾਜ਼ਨ 30 ਤਸਵੀਰਾਂ ਦਿਖਾਈਆਂ ਜਾਂਦੀਆਂ ਹਨ। ਇਹੋ ਹੀ ਤਕਨੀਕ ਨਾਲ ਬਨਾਵਟੀ ਅਕਲ ਕਿਸੇ ਮਨੁੱਖ ਨੂੰ ਕੋਈ ਖਾਸ ਅੱਖਰ ਬੋਲਦੇ ਨੂੰ ਉਸਦੇ ਚਿਹਰੇ ਦੀਆਂ ਹਰਕਤਾਂ ਮੁਤਾਬਿਕ ਯਾਦ ਕਰਕੇ ਕੋਈ ਵੀ ਭਾਸ਼ਣ ਬੋਲਣ ਵਖਤ ਉਸਦੀਆਂ ਅੱਖਰ ਬੋਲਦੇ ਦੀਆਂ ਤਸਵੀਰਾਂ ਨੂੰ ਸ਼ੀਸ਼ੇ ਉਪਰ ਦਿਖਾਉਂਦੀ ਰਹਿੰਦੀ ਹੈ ਅਤੇ ਆਮ ਮਨੁੱਖ ਨੂੰ ਇਹ ਫ਼ਰਕ ਪਤਾ ਲਗਾਉਣਾ ਮੁਸ਼ਕਿਲ ਹੋ ਜਾਂਦਾ ਹੈ ਕਿ ਅਸਲ ਕੀ ਹੈ ਅਤੇ ਨਕਲ ਕੀ ਹੈ। ਇਸੇ ਤਰੀਕੇ ਨਾਲ ਆਵਾਜ਼ ਦੀ ਨਕਲ ਵੀ ਬਨਾਵਟੀ ਅਕਲ ਦੁਆਰਾ ਉਸਦੀ ਆਵਾਜ਼ ਦੀ ਤੀਬਰਤਾ, ਭਾਰਾਪਣ ਅਤੇ ਅੰਦਾਜ਼ ਦੇ ਮੁਤਾਬਕ ਜਾਣਕਾਰੀ ਹਾਸਲ ਕਰਕੇ ਕੀਤੀ ਜਾ ਸਕਦੀ ਹੈ। ਇਹੀ ਨਹੀਂ ਮਨੁੱਖ ਦੇ ਚੱਲਣ ਅਤੇ ਸਰੀਰ ਦੀਆਂ ਹਰਕਤਾਂ ਦੇ ਮੁਤਾਬਕ ਜਾਣਕਾਰੀ ਪ੍ਰਾਪਤ ਕਰਕੇ ਪੂਰਾ ਇੱਕ ਮਨੁੱਖ ਬਨਾਵਟੀ ਅਕਲ ਦੁਆਰਾ ਹੁਣ ਸ਼ੀਸ਼ੇ ਉਤੇ ਸਿਰਜਣ ਦੀ ਸਮਰੱਥਾ ਆ ਗਈ ਹੈ।

ਨਵੰਬਰ 2022 ਵਿੱਚ ਓਪਨ ਏ.ਆਈ. ਨਾਮ ਦੀ ਇੱਕ ਕੰਪਨੀ ਵਲੋਂ 'ਚੈਟਜੀਪੀਟੀ' ਨਾਮ ਹੇਠ ਆਪਣੀ ਨਵੀਂ ਖੋਜ ਜਾਰੀ ਕੀਤੀ ਗਈ ਹੈ। ਜੋ ਕਿ ਅੰਗਰੇਜ਼ੀ ਬੋਲੀ ਵਿਚ ਕੋਈ ਵੀ ਸਵਾਲ/ਜਵਾਬ, ਲਿਖਤ ਅਤੇ ਕੰਪਿਊਟਰ ਕੋਡ ਲਿਖ ਸਕਦੀ ਹੈ। ਤੁਸੀਂ ਇਸ ਨਾਲ ਗੱਲਬਾਤ ਕਰ ਸਕਦੇ ਹੋ ਅਤੇ ਲੇਖ ਲਿਖਣ ਤੋਂ ਲੈ ਕੇ ਕੋਡ ਕੰਪਿਊਟਰ ਪ੍ਰੋਗਰਾਮਾਂ ਤੱਕ ਸਭ ਕੁਝ ਕਰਨ ਲਈ ਕਹਿ ਸਕਦੇ ਹੋ। ਪਿਛਲੇ ਦਿਨੀਂ ਇੱਕ ਅੰਗ੍ਰੇਜ਼ੀ ਅਖਬਾਰ ਵਿੱਚ ਇਸੇ ਤਕਨੀਕ 'ਤੇ ਲੇਖ ਛਪਿਆ, ਲੇਖ ਦੇ ਅਖੀਰ ਵਿੱਚ ਲੇਖਕ ਦੀ ਜਾਣਕਾਰੀ ਦਿੱਤੀ ਹੋਈ ਸੀ। ਉਸ ਲੇਖ ਦਾ ਲੇਖਕ ਚੈਟਬੋਟ (Chatbot) ਸੀ, 'ਚੈਟਜੀਪੀਟੀ' ਰਾਹੀਂ ਇਹ ਲੇਖ ਲਿਖਣ ਲਈ ਇਸ ਤਕਨੀਕ ਨੂੰ ਕਿਹਾ ਗਿਆ ਸੀ ਅਤੇ ਨਾਲ ਹੀ ਅਮਰੀਕਾ ਦੇ ਇੱਕ ਲੇਖਕ ਦਾ ਨਾਮ ਦਿੱਤਾ ਗਿਆ ਸੀ ਕਿ ਲਿਖਤ ਉਸ ਦੀ ਤਰ੍ਹਾਂ ਲਿਖਣੀ ਹੈ। ਮਾੜੇ ਇਰਾਦੇ ਵਾਲਾ ਵਿਅਕਤੀ ਇਨ੍ਹਾਂ ਚਮਤਕਾਰੀ ਵਿਗਿਆਨਕ ਪ੍ਰਾਪਤੀਆਂ ਦੀ ਦੁਰਵਰਤੋਂ ਉਹ ਕੰਮ ਕਰਨ ਵਿੱਚ ਕਰ ਸਕਦਾ ਹੈ ਜੋ ਨੁਕਸਾਨ ਦਾ ਕਾਰਨ ਬਣ ਸਕਦੀਆਂ ਹਨ, ਜਿਸ ਦੇ ਲਈ ਇਹ ਬਨਾਵਟੀ ਅਕਲ ਪੂਰੀ ਤਰ੍ਹਾਂ ਕਾਰਗਰ ਸਾਬਤ ਹੋ ਸਕਦੀ ਹੈ। ਹੁਣ ਤਾਂ ਇਹ ਬਹੁਤੀ ਮਹਿੰਗੀ ਵੀ ਨਹੀਂ, ਸਗੋਂ ਬਿਲਕੁਲ ਮੁਫ਼ਤ ਹੀ ਮਿਲ ਜਾਂਦੀ ਹੈ। ਇਸ ਨੂੰ ਗਲਤ ਜਾਣਕਾਰੀ ਫੈਲਾਉਣ ਲਈ ਵੀ ਵਰਤਿਆ ਜਾ ਸਕੇਗਾ। ਗਲਤ ਜਾਣਕਾਰੀ ਨਾਲ ਆਮ ਰਾਏ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ, ਕਿਸੇ ਵੀ ਸੰਸਥਾ, ਕਿਸੇ ਵਿਅਕਤੀ ਜਾਂ ਕਿਸੇ ਵੀ ਨੀਤੀ ਪ੍ਰਤੀ ਸਮਰਥਨ ਜਾਂ ਵਿਰੋਧ ਖੜ੍ਹਾ ਕੀਤਾ ਜਾ ਸਕਦਾ ਹੈ। ਜਾਅਲੀ ਸੋਸ਼ਲ ਮੀਡੀਆ ਖਾਤੇ ਬਣਾ ਕੇ ਇਸ ਨਾਲ ਸੋਸ਼ਲ ਮੀਡੀਆ ਨੂੰ ਗਲਤ ਖ਼ਬਰਾਂ ਨਾਲ ਭਰਿਆ ਜਾ ਸਕਦਾ ਹੈ। ਜਿਸ ਨਾਲ ਸੱਚੀ ਖ਼ਬਰ ਲੱਭਣੀ ਵੀ ਮੁਸ਼ਕਿਲ ਹੋ ਜਾਵੇਗੀ, ਦੂਸਰਾ ਸੱਚ ਅਤੇ ਝੂਠ ਵਿਚ ਫ਼ਰਕ ਲੱਭਣਾ ਵੀ ਔਖਾ ਹੋ ਜਾਵੇਗਾ। ਬੇਸ਼ੱਕ ਅਜਿਹੀਆਂ ਖੋਜਾਂ ਖਾਸ ਧਿਰ ਦੇ ਮੁਨਾਫੇ ਲਈ ਹੀ ਕੀਤੀਆਂ ਜਾਂਦੀਆਂ ਹਨ ਅਤੇ ਖੋਜ ਕਰਨ ਵਾਲੀਆਂ ਸੰਸਥਾਵਾਂ ਆਪਣਾ ਮੁਨਾਫ਼ਾ ਖੋਜ ਵੇਚ ਕੇ ਕਮਾਉਂਦੀਆਂ ਹਨ ਪਰ ਤਕਨੀਕ ਦੀ ਵਰਤੋਂ ਕਰਨ ਜਾਂ ਖਰੀਦਣ ਵਾਲੀ ਹਰੇਕ ਧਿਰ ਅਜਿਹੀਆਂ ਖੋਜਾਂ ਦੀ ਸਿਰਫ ਆਪਣੇ ਫਾਇਦੇ ਲਈ ਵਰਤੋਂ ਕਰਦੀਆਂ ਹਨ ਚਾਹੇ ਉਸਦਾ ਦੂਜੀ ਧਿਰ ਨੂੰ ਨੁਕਸਾਨ ਹੋ ਕਿਉਂ ਨਾ ਹੁੰਦਾ ਹੋਵੇ। ਖੋਜ ਦੀ ਵਰਤੋਂ ਕਿਸ ਤਰ੍ਹਾਂ, ਕਿਨ੍ਹਾਂ ਦੁਆਰਾ ਅਤੇ ਕਿਨ੍ਹਾਂ ਖਿਲਾਫ ਕੀਤੀ ਜਾਂਦੀ ਹੈ, ਇਸ ਨੂੰ ਰੋਕਿਆ ਨਹੀਂ ਜਾ ਸਕਦਾ। ਬਨਾਵਟੀ ਅਕਲ ਦੀਆਂ ਖੋਜਾਂ ਮੂਲ ਰੂਪ ਵਿਚ ਅਸਲ ਵਸਤ ਦੀ ਨਕਲ ਹੈ। ਇੰਜੀਨੀਅਰਾਂ ਦੁਆਰਾ ਨਕਲ ਨੂੰ ਹੋਰ ਵਧੇਰੇ ਕਾਰਗਰ ਬਣਾਉਣ ਲਈ ਲਗਾਤਾਰ ਸੋਧ ਕਰਨ ਦੇ ਨਤੀਜੇ ਵਜੋਂ ਅਸਲ ਅਤੇ ਨਕਲ ਦਾ ਫ਼ਰਕ ਮਿਟ ਜਾਣਾ ਹੈ। ਜਿਥੋਂ ਆਮ ਲੋਕਾਂ ਲਈ ਸਮੱਸਿਆ ਦਾ ਰਾਹ ਖੁੱਲ੍ਹ ਰਿਹਾ ਹੈ।

ਅੰਕੜਿਆਂ ਅਨੁਸਾਰ ਇੰਟਰਨੈੱਟ 'ਤੇ ਖਬਰਾਂ ਵੇਖਣ ਵਾਲੇ ਲੋਕਾਂ ਦੀ ਪਹੁੰਚ ਲਗਾਤਾਰ ਘਟ ਰਹੀ ਹੈ ਅਤੇ ਸੋਸ਼ਲ ਮੀਡੀਆ ਅਤੇ ਹੋਰ ਮਨੋਰੰਜਨ ਵਾਲੇ ਪਾਸੇ ਵਾਧਾ ਹੋ ਰਿਹਾ ਹੈ। ਅਜਿਹੇ ਸਮੇਂ ਵਿੱਚ ਇਸ ਤਰ੍ਹਾਂ ਦੀਆਂ ਤਕਨੀਕਾਂ ਦੀ ਕਿਸ ਪਾਸੇ ਅਤੇ ਕਿਸ ਤਰ੍ਹਾਂ ਵਰਤੋਂ ਹੋਵੇਗੀ, ਇਹ ਕਿਆਸ ਲਗਾਉਣਾ ਔਖਾ ਨਹੀਂ ਹੈ। ਸਮਾਜ ਲਈ ਅਜਿਹੀਆਂ ਤਕਨੀਕਾਂ ਕਾਫੀ ਨੁਕਸਾਨਦਾਇਕ ਸਿੱਧ ਹੋ ਸਕਦੀਆਂ ਹਨ। ਅਜਿਹੇ ਵਿਚ ਨਵੀਆਂ ਤਕਨਾਲੋਜੀਆਂ ਨੂੰ ਵਰਤਣ ਅਤੇ ਤਕਨਾਲੋਜੀਆਂ ਦੁਆਰਾ ਵਰਤੇ ਜਾਣ ਦੀ ਸੂਰਤ ਵਿੱਚ ਆਮ ਲੋਕਾਂ ਦੁਆਰਾ ਆਪਣੇ ਬਚਾਅ ਲਈ ਕੀਤੇ ਜਾਣ ਵਾਲੇ ਕੰਮਾਂ ਦੀ ਜਾਣਕਾਰੀ ਬਹੁਤੀ ਨਹੀਂ ਹੈ। ਜਿੰਨੀ ਤੇਜ਼ ਰਫ਼ਤਾਰ ਨਾਲ ਤਕਨਾਲੋਜੀ ਆ ਰਹੀ ਹੈ, ਉਸਨੂੰ ਸਮਝ ਕੇ ਸਹੀ ਤਰ੍ਹਾਂ ਵਰਤ ਸਕਣ ਦੀ ਦੁਨੀਆ ਦੀ ਅਜੇ ਸਮਰੱਥਾ ਨਹੀਂ ਹੈ।

-ਸੰਪਾਦਕ

# ਭੂਖ ਹੈ ਤੋ ਸਬਰ ਕਰ ਰੋਟੀ ਨਹੀਂ ਤੋ ਕਿਆ ਹੂਆ



ਗੁਰਮੀਤ ਸਿੰਘ ਪਲਾਹੀ
ਮੋ. 9815802070

ਕੇਂਦਰ ਸਰਕਾਰ ਨੇ ਇੱਕ ਵੇਰ ਫਿਰ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਅਧੀਨ ਗਰੀਬ ਲੋਕਾਂ ਨੂੰ ਅਨਾਜ ਦੇਣਾ ਇੱਕ ਹੋਰ ਸਾਲ ਲਈ ਅੱਗੇ ਵਧਾ ਦਿੱਤਾ ਹੈ। ਇਸ ਯੋਜਨਾ ਅਧੀਨ ਦੇਸ਼ ਦੀ ਸਰਕਾਰ 81.35 ਕਰੋੜ ਲਾਭਪਾਤਰੀਆਂ ਨੂੰ ਮੁਫ਼ਤ ਅਨਾਜ ਮੁਹੱਈਆ ਕਰਵਾਏਗੀ।

ਦੇਸ਼ ਵਿੱਚ ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਦੇ ਜੋ ਇਸ ਵੇਲੇ ਹਾਲਾਤ ਹਨ, ਉਸ ਅਨੁਸਾਰ ਇਹ ਕਦਮ ਸ਼ਲਾਘਾ ਯੋਗ ਲਗਦਾ ਹੈ, ਪਰ ਪਿਛਲੇ ਇੱਕ ਦੋ ਸਾਲਾਂ ਤੋਂ ਇਹ ਵੇਖਣ 'ਚ ਆਇਆ ਹੈ ਕਿ ਇਸ ਅੰਨ ਯੋਜਨਾ ਤੋਂ ਲਾਭ ਸਿੱਧੇ-ਅਸਿੱਧੇ ਢੰਗ ਨਾਲ ਵੋਟਾਂ ਵਿਚ ਲਾਹਾ ਲੈਣ ਲਈ ਚੁੱਕਿਆ ਕਦਮ ਹੈ। ਸਾਲ 2023 ਵਿਚ ਦੇਸ਼ ਦੇ 9 ਸੂਬਿਆਂ 'ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ।

ਇਥੇ ਸਿੱਧਾ ਸਵਾਲ ਹੈ ਕਿ ਗਰੀਬ ਕਲਿਆਣ ਅੰਨ ਯੋਜਨਾ ਚੋਣਾਂ ਜਿੱਤਣ ਦਾ ਅਧਾਰ ਬਣ ਰਹੀ ਹੈ ਜਾਂ ਫਿਰ ਅਸਲ ਰੂਪ ਵਿੱਚ ਦੇਸ਼ ਮੁਫ਼ਤ ਅਨਾਜ ਦੀ ਲੋੜ ਵੱਲ ਅੱਗੇ ਵਧ ਰਿਹਾ ਹੈ?

ਸਵਾਲ ਇਹ ਵੀ ਹੈ ਕਿ 35 ਕਿਲੋ ਮੁਫ਼ਤ ਦੇ ਕੇ ਕੀ ਕੇਂਦਰ ਦੀ ਸਰਕਾਰ ਲੋਕਾਂ ਨੂੰ ਫੁਸਲਾ ਤਾਂ ਨਹੀਂ ਰਹੀ? ਕੀ ਇਹ ਕੇਂਦਰ ਸਰਕਾਰ ਦੀ ਦੋਗਲੀ ਨੀਤੀ ਤਾਂ ਨਹੀਂ? ਕਿਉਂਕਿ ਇੱਕ ਪਾਸੇ ਆਮ ਤੌਰ 'ਤੇ ਉਸ ਵਲੋਂ ਨਸੀਹਤ ਕੀਤੀ ਜਾਂਦੀ ਹੈ ਕਿ ਵਿਰੋਧੀ ਦਲ ਮੁਫ਼ਤ ਦੀ ਸਿਆਸਤ ਨਾ ਕਰਨ। ਫਿਰ ਕੀ ਚੋਣਾਂ ਦੇ ਵਰ੍ਹਿਆਂ ਵਿਚ ਮੁਫ਼ਤ ਅੰਨ ਸਕੀਮ, 'ਮੁਫ਼ਤ ਸਿਆਸਤ' ਨਹੀਂ ਹੈ? ਇਹ ਠੀਕ ਹੈ ਕਿ ਸੰਕਟ ਦੇ ਸਮੇਂ ਲੋਕਾਂ ਨੂੰ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ ਅਤੇ ਲੋਕਾਂ ਦੀ ਮਦਦ ਜ਼ਰੂਰੀ ਹੈ ਪਰ ਮੁਫ਼ਤ ਸਿਆਸਤ ਕਰਕੇ ਲੋਕਾਂ ਦਾ ਸਮਰਥਨ ਵੋਟ ਹਾਸਿਲ ਕਰਨਾ ਲੋਕਤੰਤਰ ਦਾ ਅਸਲੀ ਮਕਸਦ ਨਹੀਂ ਹੁੰਦਾ। ਲੋਕਤੰਤਰ ਵਿੱਚ ਤਾਂ ਲੋਕ ਹਿੱਤ ਪਹਿਲਾਂ ਆਉਣੇ ਚਾਹੀਦੇ ਹਨ।

**ਸਵਾਲ ਇਹ ਵੀ ਹੈ ਕਿ 35 ਕਿਲੋ ਮੁਫ਼ਤ ਦੇ ਕੇ ਕੀ ਕੇਂਦਰ ਦੀ ਸਰਕਾਰ ਲੋਕਾਂ ਨੂੰ ਫੁਸਲਾ ਤਾਂ ਨਹੀਂ ਰਹੀ? ਕੀ ਇਹ ਕੇਂਦਰ ਸਰਕਾਰ ਦੀ ਦੋਗਲੀ ਨੀਤੀ ਤਾਂ ਨਹੀਂ? ਕਿਉਂਕਿ ਇੱਕ ਪਾਸੇ ਆਮ ਤੌਰ 'ਤੇ ਉਸ ਵਲੋਂ ਨਸੀਹਤ ਕੀਤੀ ਜਾਂਦੀ ਹੈ ਕਿ ਵਿਰੋਧੀ ਦਲ ਮੁਫ਼ਤ ਦੀ ਸਿਆਸਤ ਨਾ ਕਰਨ। ਫਿਰ ਕੀ ਚੋਣਾਂ ਦੇ ਵਰ੍ਹਿਆਂ ਵਿਚ ਮੁਫ਼ਤ ਅੰਨ ਸਕੀਮ, 'ਮੁਫ਼ਤ ਸਿਆਸਤ' ਨਹੀਂ ਹੈ? ਇਹ ਠੀਕ ਹੈ ਕਿ ਸੰਕਟ ਦੇ ਸਮੇਂ ਲੋਕਾਂ ਨੂੰ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ ਅਤੇ ਲੋਕਾਂ ਦੀ ਮਦਦ ਜ਼ਰੂਰੀ ਹੈ ਪਰ ਮੁਫ਼ਤ ਸਿਆਸਤ ਕਰਕੇ ਲੋਕਾਂ ਦਾ ਸਮਰਥਨ ਵੋਟ ਹਾਸਿਲ ਕਰਨਾ ਲੋਕਤੰਤਰ ਦਾ ਅਸਲੀ ਮਕਸਦ ਨਹੀਂ ਹੁੰਦਾ। ਲੋਕਤੰਤਰ ਵਿੱਚ ਤਾਂ ਲੋਕ ਹਿੱਤ ਪਹਿਲਾਂ ਆਉਣੇ ਚਾਹੀਦੇ ਹਨ।**

ਪਿਛਲੇ ਦਿਨੀਂ ਜਦੋਂ ਵਿਧਾਨ ਸਭਾਵਾਂ ਦੀਆਂ ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ 'ਚ ਚੋਣਾਂ ਪੂਰੀਆਂ ਹੋਈਆਂ ਤਾਂ ਇਹ ਤੱਥ ਸਾਹਮਣੇ ਆਏ ਕਿ ਇਨ੍ਹਾਂ ਸੂਬਿਆਂ ਵਿਚ ਅੱਧੀ ਤੋਂ ਜਿਆਦਾ ਅਬਾਦੀ ਮੁਫ਼ਤ ਅੰਨ ਯੋਜਨਾ ਦੇ ਅਧੀਨ ਆਉਂਦੀ ਸੀ। ਅਸਲ ਵਿਚ ਹਰ ਸਿਆਸੀ ਧਿਰ ਲੋਕਾਂ 'ਚ ਮੁਫ਼ਤ ਸਹੂਲਤਾਂ ਵੰਡਕੇ ਆਪਣਾ ਅਕਸ ਸੁਧਾਰਨ ਅਤੇ ਵੋਟ ਬੈਂਕ ਪੱਕਾ ਤੇ ਵੱਡਾ ਕਰਨ ਦੇ ਰਾਹ ਹੈ। ਉਨ੍ਹਾਂ ਲਈ ਇਸ ਗੱਲ ਦਾ ਕੋਈ ਅਰਥ ਨਹੀਂ ਕਿ ਗਰੀਬ ਭੁੱਖੇ ਮਰਨ ਜਾਂ ਜਿਊਣ। ਉਨ੍ਹਾਂ ਦੀ ਪਹਿਲ ਤਾਂ ਵੋਟ ਹੈ, ਲੋਕ ਭਲਾਈ ਜਾਂ ਲੋਕ ਹਿੱਤ ਨਹੀਂ।

ਪ੍ਰਧਾਨ ਮੰਤਰੀ ਦਾ ਗੁਜਰਾਤ ਵੇਖ ਲਵੋ। ਗੁਜਰਾਤ ਮਾਡਲ ਵੇਖ ਲਵੋ। ਇਥੋਂ ਦੀ 53.5 ਫ਼ੀਸਦੀ ਅਬਾਦੀ ਗਰੀਬ ਕਲਿਆਣ ਅੰਨ ਯੋਜਨਾ ਅਧੀਨ ਹੈ। ਕੀ ਇਹੋ ਅੱਛੇ ਦਿਨ ਹਨ ਕਿ ਅੱਧੀ ਤੋਂ ਵੱਡੀ ਅਬਾਦੀ ਨੂੰ ਦੋ ਡੰਗ ਦੀ ਰੋਟੀ ਲਈ ਪ੍ਰਧਾਨ ਮੰਤਰੀ ਦੀ ਮੁਫ਼ਤ ਯੋਜਨਾ ਦੀ ਲੋੜ ਹੈ। ਜੇਕਰ ਗੁਜਰਾਤ ਵਰਗੇ ਚੁਣੇ ਵਿਕਾਸ ਮਾਡਲ ਸੂਬੇ ਵਿਚ ਲੋਕਾਂ ਦਾ ਇਹ ਹਾਲ ਹੈ, ਤਾਂ ਫਿਰ ਦੂਜੇ ਸੂਬਿਆਂ ਦਾ ਕੀ ਹਾਲ ਹੋਏਗਾ? ਉਤਰ ਪ੍ਰਦੇਸ਼ ਜਿਥੇ 'ਡਬਲ ਇੰਜਨ ਸਰਕਾਰ' ਹੈ, ਉਥੇ ਦੀ ਕੁਲ ਅਬਾਦੀ ਵਿਚੋਂ 15 ਕਰੋੜ ਲੋਕ ਮੁਫ਼ਤ ਦੀਆਂ ਯੋਜਨਾਵਾਂ ਦਾ ਲਾਭ ਲੈਂਦੇ ਹਨ। ਇੱਕ ਸਰਵੇ ਅਨੁਸਾਰ ਉੱਤਰ ਪ੍ਰਦੇਸ਼ ਦੇ 62 ਫ਼ੀਸਦੀ ਲੋਕ ਮੁਫ਼ਤ ਅੰਨ ਪ੍ਰਾਪਤ ਕਰਦੇ ਹਨ। ਉੱਤਰਾਖੰਡ 'ਚ ਹਰ 10 ਵਿਚੋਂ 7 ਪਰਿਵਾਰਾਂ ਨੂੰ ਮੁਫ਼ਤ ਅਨਾਜ ਮਿਲ ਰਿਹਾ ਹੈ। ਹਿਮਾਚਲ 'ਚ 38.4 ਫ਼ੀਸਦੀ ਲੋਕ ਮੁਫ਼ਤ ਅਨਾਜ ਲੈਂਦੇ ਹਨ ਤਾਂ ਸਵਾਲ ਉੱਠਦਾ ਹੈ ਕਿ ਉਨ੍ਹਾਂ ਦੀਆਂ ਜੀਵਨ ਦੀਆਂ ਹੋਰ ਮੁਢਲੀਆਂ ਲੋੜਾਂ ਕਿਵੇਂ ਪੂਰੀਆਂ ਹੁੰਦੀਆਂ ਹੋਣਗੀਆਂ? ਸਿਰਫ਼ ਅਨਾਜ ਨਾਲ ਤਾਂ ਜੀਵਨ ਨਹੀਂ ਚੱਲਦਾ। ਪਰਿਵਾਰ ਦਾ ਪੇਟ ਪਾਲਣ ਲਈ ਅੰਨ, ਸਿਰ ਢੱਕਣ ਲਈ ਮਕਾਨ ਜ਼ਰੂਰੀ ਲੋੜ ਹੈ ਪਰ ਸਿੱਖਿਆ, ਸਿਹਤ ਅਤੇ ਹੋਰ ਲੋੜਾਂ ਨੂੰ ਕਿਵੇਂ ਦਰ ਕਿਨਾਰਾ ਕਰਕੇ ਵੇਖਿਆ ਜਾ ਸਕਦਾ ਹੈ?

ਦੇਸ਼ ਦੀ ਮੌਜੂਦਾ ਹਾਲਤ ਬਾਰੇ ਕੁਝ ਗੱਲਾਂ ਵਿਚਾਰਨਯੋਗ ਹਨ। ਦੇਸ਼ ਵਿਚ ਬੇਰੁਜ਼ਗਾਰੀ, ਭੁੱਖਮਰੀ, ਮਹਿੰਗਾਈ ਪਿਛਲੇ ਸੱਤ ਦਹਾਕਿਆਂ 'ਚ ਲਗਾਤਾਰ ਵਧੀ ਹੈ। ਕੋਵਿਡ ਮਹਾਂਮਾਰੀ ਨੇ ਦੇਸ਼ ਦੀ ਅਰਥਵਿਵਸਥਾ ਨੂੰ ਹੋਰ ਖੋਰਾ ਲਾਇਆ। ਕਰੋਨਾ ਦੇ ਕਾਰਨ ਸਾਢੇ ਬਾਰਾਂ ਕਰੋੜ ਤੋਂ ਜਿਆਦਾ ਲੋਕ ਮੁੜ ਕੰਮ 'ਤੇ ਨਹੀਂ ਪਰਤੇ। ਦੇਸ਼ 'ਚ ਦੋ ਕਰੋੜ ਤੋਂ ਵੱਧ ਮੱਧ ਵਰਗੀ ਲੋਕ ਗਰੀਬੀ ਰੇਖਾ ਤੋਂ ਥੱਲੇ ਰਹਿਣ ਵਾਲੇ ਲੋਕਾਂ ਵਿਚ ਸ਼ਾਮਲ ਹੋ ਗਏ। ਗਰੀਬੀ ਦੀ ਰੇਖਾ ਜੋ ਸਰਕਾਰ ਨੇ ਸ਼ਹਿਰੀ ਅਤੇ ਗਰੀਬੀ ਖੇਤਰ ਦੀ ਤਹਿ ਕਰਕੇ ਰੱਖੀ ਹੈ, ਅਸਲ ਵਿੱਚ ਉਹ ਸਭਿਆ ਸਮਾਜ ਦੇ ਸਾਹਮਣੇ ਤਿੱਖੇ ਸਵਾਲ ਖੜ੍ਹੇ ਕਰ ਰਹੀ ਹੈ। ਖ਼ਾਸ ਕਰਕੇ ਉਸ ਵੇਲੇ ਜਦੋਂ ਦੇਸ਼ 'ਚ ਅਮੀਰਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੋਵੇ, ਦੇਸ਼ ਤੇ ਧੰਨ ਕੁਬੇਰ (ਕਾਰਪੋਰੇਟ) ਕਾਬਜ ਹੋ ਰਹੇ ਹੋਣ ਅਤੇ ਦੇਸ਼ ਦੀ ਨਿਆਂਪਾਲਿਕਾ, ਕਾਰਜਪਾਲਿਕਾ ਅਤੇ ਵਿਧਾਨਪਾਲਿਕਾ ਉਤੇ ਉਨ੍ਹਾਂ ਦਾ ਪ੍ਰਭਾਵ ਵੱਧ ਰਿਹਾ ਹੋਵੇ।

ਅੰਕੜੇ ਦੱਸਦੇ ਹਨ ਕਿ ਸੂਬਿਆਂ ਦੀਆਂ ਵੱਖ-ਵੱਖ ਯੋਜਨਾਵਾਂ, ਸਮਾਜਿਕ ਸੁਰੱਖਿਆ ਯੋਜਨਾਵਾਂ ਅਤੇ ਨਿੱਜੀ ਬੀਮਾ ਯੋਜਨਾਵਾਂ ਨੂੰ ਜੋੜਨ ਤੋਂ ਬਾਅਦ ਵੀ ਦੇਸ਼ ਦੀ ਆਬਾਦੀ ਦੇ ਲਗਭਗ 70 ਫ਼ੀਸਦੀ ਹਿੱਸੇ ਤੱਕ ਸਿਹਤ ਬੀਮੇ ਦੀ ਸੁਰੱਖਿਆ ਪਹੁੰਚ ਸਕੀ ਹੈ। ਇਸਦਾ ਸਿੱਧਾ ਅਰਥ ਇਹ ਹੈ ਕਿ ਸਰਕਾਰੀ ਕੋਸ਼ਿਸ਼ਾਂ ਦੇ ਬਾਅਦ ਵੀ ਤੀਹ ਫ਼ੀਸਦੀ ਲੋਕ ਇਹੋ ਜਿਹੇ ਹਨ ਜਿਨ੍ਹਾਂ ਨੂੰ ਕੋਈ ਵੀ ਸਿਹਤ ਸਹੂਲਤ ਨਹੀਂ ਮਿਲਦੀ। ਇਹੋ ਹਾਲ ਸਿੱਖਿਆ ਅਤੇ ਸਿਰ ਢੱਕਣ ਲਈ ਛੱਤ ਅਤੇ ਹੋਰ ਸੁਵਿਧਾਵਾਂ ਦਾ ਹੈ। ਕੁਪੋਸ਼ਣ ਤਾਂ ਦੇਸ਼ ਹਾਲੇ ਤੱਕ ਵੀ ਮਿਟਾ ਨਹੀਂ ਸਕਿਆ। ਇੱਕ ਅੰਕੜਾ ਇਹ ਵੀ ਹੈ ਕਿ ਬੀਮਾਰੀ ਦੀ ਹਾਲਤ 'ਚ ਦੁਆ ਦਾਰੂ ਅਤੇ ਸਿਹਤ ਸਹੂਲਤ ਲੈਣ ਲਈ ਛਿਆਸੀ ਫ਼ੀਸਦੀ ਲੋਕਾਂ ਨੂੰ ਆਪਣੀ ਜੇਬ ਵਿਚੋਂ ਹੀ ਖ਼ਰਚਾ ਕਰਨਾ ਪੈਂਦਾ ਹੈ।

ਦੇਸ਼ ਦਾ ਸਰਕਾਰੀ ਤੰਤਰ ਇਸ ਵੇਲੇ ਅਜ਼ਾਦੀ ਅੰਮ੍ਰਿਤ ਕਾਲ ਵਿੱਚ ਅੱਗੇ ਵੱਧ ਰਿਹਾ ਹੈ। ਕੀ ਅੰਮ੍ਰਿਤ ਕਾਲ ਦੇ ਇਸ ਸੁਨਹਿਰੀ ਯੁੱਗ 'ਚ 35 ਕਿਲੋ ਮੁਫ਼ਤ ਅਨਾਜ ਹੀ ਆਮ ਲੋਕਾਂ ਪੱਲੇ ਪਾਇਆ ਜਾਏਗਾ। ਉਸ ਨੂੰ ਮਕਾਨ ਨਹੀਂ ਮਿਲੇਗਾ, ਛੱਤ ਨਹੀਂ ਮਿਲੇਗੀ, ਰੁਜ਼ਗਾਰ ਨਹੀਂ ਮਿਲੇਗਾ, ਕੋਈ ਸਿਹਤ ਸਹੂਲਤ ਉਹਦੇ ਪੱਲੇ ਨਹੀਂ ਪਵੇਗੀ? ਜਾਪਦਾ ਹੈ ਦੇਸ਼ ਦਾ ਗਰੀਬ, ਗਰੀਬੀ 'ਚ ਉਲਝਾ ਦਿੱਤਾ ਗਿਆ ਹੈ। ਅਜ਼ਾਦੀ ਤੋਂ ਬਾਅਦ ਕਈ ਸਰਕਾਰਾਂ ਆਈਆਂ ਅਤੇ ਕਈ ਚਲੇ ਗਈਆਂ ਪਰ ਗਰੀਬ ਦਾ ਦਰਦ ਦੂਰ ਕਰਨ ਲਈ ਕਿਸੇ ਸਰਕਾਰ ਨੇ ਸਾਰਥਕ ਉਪਰਾਲਾ ਨਹੀਂ ਕੀਤਾ।

ਗਲੋਬਲ ਹੰਗਰ ਇੰਡੈਕਸ ਦੀ ਸਾਲ 2022 ਦੀ ਰਿਪੋਰਟ ਅਨੁਸਾਰ ਭਾਰਤ ਭੁੱਖਮਰੀ ਵਿੱਚ 121 ਦੇਸ਼ਾਂ ਵਿੱਚੋਂ 107ਵੇਂ ਨੰਬਰ 'ਤੇ ਹੈ, ਜਿਹੜਾ 2021 ਦੀ ਰਿਪੋਰਟ ਅਨੁਸਾਰ 116 ਦੇਸ਼ਾਂ ਵਿੱਚ 101ਵੇਂ ਨੰਬਰ 'ਤੇ ਸੀ। ਭਾਰਤ ਦੀ ਸਰਕਾਰ ਇਸ ਗੱਲੋਂ ਖ਼ੁਸ਼ ਹੋ ਗਈ ਹੈ ਕਿ ਉਹ ਭੁੱਖਮਰੀ ਤੇ ਕਾਬੂ ਪਾ ਰਹੀ ਹੈ, ਪਰ ਭਾਰਤ ਦੇ ਗੁਆਂਢੀ ਦੇਸ਼ ਅਫਗਾਨਿਸਤਾਨ ਨੂੰ ਛੱਡਕੇ ਭੁੱਖਮਰੀ ਦੇ ਮਾਮਲੇ ਵਿਚ ਚੰਗੀ ਸਥਿਤੀ ਅਤੇ ਰੈਂਕ 'ਤੇ ਹਨ। ਪਾਕਿਸਤਾਨ ਦਾ ਰੈਂਕ 99, ਬੰਗਲਾਦੇਸ਼ ਦਾ ਰੈਂਕ 84, ਨੈਪਾਲ ਦਾ ਰੈਂਕ 81 ਅਤੇ ਸ੍ਰੀਲੰਕਾ ਦਾ ਰੈਂਕ 64 ਰਿਹਾ। ਇਸ ਰਿਪੋਰਟ ਨੂੰ ਉਂਜ ਭਾਰਤ ਸਰਕਾਰ ਨੇ ਨਾਕਾਰਿਆ ਹੈ। ਪਰ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਜੇਕਰ ਭਾਰਤ 'ਚ ਭੁੱਖਮਰੀ ਨਹੀਂ, ਜਾਂ ਗਰੀਬੀ ਨਹੀਂ ਤਾਂ ਫਿਰ 81.35 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਵੰਡਣ ਦੀ ਕੀ ਤੁਕ ਹੈ?

ਭਾਰਤ 'ਚ ਗਰੀਬੀ ਰੇਖਾ 2014 ਵਿੱਚ ਆਮਦਨ 32 ਰੁਪਏ ਪ੍ਰਤੀ ਦਿਨ ਪੇਂਡੂ ਖੇਤਰ ਲਈ ਅਤੇ 47 ਰੁਪਏ ਪ੍ਰਤੀ ਦਿਨ ਸ਼ਹਿਰੀ ਖੇਤਰ ਲਈ ਨੀਅਤ ਕੀਤੀ ਗਈ ਸੀ। ਇਹ ਗਰੀਬੀ ਰੇਖਾ ਲਈ ਕਿਸੇ ਪਰਿਵਾਰ ਦੀਆਂ ਮੁਢਲੀਆਂ ਲੋੜਾਂ ਅਨਾਜ, ਕੱਪੜਾ ਅਤੇ ਛੱਤ ਪੂਰਿਆਂ ਕਰਨ ਲਈ ਕਾਫੀ ਹੈ? ਬਿਨ੍ਹਾਂ ਸ਼ੱਕ ਭਾਰਤ ਵੱਡੀ ਆਬਾਦੀ ਵਾਲਾ ਦੇਸ਼ ਹੈ। ਪਰ ਇਸਦੇ ਸਾਧਨਾਂ ਵਸੀਲਿਆਂ ਦੀ ਵੰਡ 'ਚ ਜੋ ਨੂੰਗਾ ਸਰਕਾਰਾਂ ਦੀ ਮਦਦ ਨਾਲ ਧੰਨ ਕੁਬੇਰਾਂ ਵਲੋਂ ਮਾਰਿਆ ਜਾ ਰਿਹਾ ਹੈ, ਉਹ ਗਰੀਬੀ-ਅਮੀਰੀ ਦੇ ਪਾੜੇ ਨੂੰ ਵਧਾ ਰਿਹਾ ਹੈ। ਇਹੋ ਕਾਰਨ ਹੈ ਕਿ ਸਭ ਲਈ ਇਕੋ ਜਿਹੀ ਸਿੱਖਿਆ ਨਹੀਂ। ਇਹੋ ਕਾਰਨ ਭ੍ਰਿਸ਼ਟਾਚਾਰ 'ਚ ਵਾਧੇ ਦਾ ਹੈ। ਪ੍ਰਬੰਧਕੀ ਢਾਂਚੇ ਵਿਚ ਵਿਗਾੜ ਅਤੇ ਸਿਆਸੀ ਤਿਕੜਮਵਾਜੀ ਅਤੇ ਸਿਆਸੀ ਤਾਕਤ ਦਾ ਕੇਂਦਰੀਕਰਨ ਆਮ ਲੋਕਾਂ ਲਈ ਵੱਡੀਆਂ ਮੁਸੀਬਤਾਂ ਖੜੀਆਂ ਕਰ ਰਿਹਾ ਹੈ। ਭਾਰਤ 'ਚ ਸਾਧਨਾਂ ਦੀ ਕਾਣੀ ਵੰਡ ਮੁੱਖ ਦੋਸ਼ ਹੈ। ਸਿੱਟੇ ਵਜੋਂ ਇਸ ਵੇਲੇ ਦੁਨੀਆ ਭਰ 'ਚ ਸਭ ਤੋਂ ਵੱਡੀ ਅਤੇ ਗਰੀਬਾਂ ਦੀ ਅਬਾਦੀ 22.8 ਕਰੋੜ ਭਾਰਤ ਵਿਚ ਹੈ।

21ਵੀਂ ਸਦੀ ਵਿੱਚ ਜਦੋਂ ਦੇਸ਼ ਅਰਥ ਵਿਵਸਥਾ ਦੇ ਮਾਮਲੇ 'ਚ ਵਿਸ਼ਵ ਗੁਰੂ ਬਨਣ ਦੇ ਸੁਪਨੇ ਲੈ ਰਿਹਾ ਹੈ, ਮੰਗਲ ਜਾਂ ਚੰਨ ਉਤੇ ਪਹੁੰਚਣ ਲਈ ਅੱਗੇ ਵੱਧ ਰਿਹਾ ਹੈ, ਕੀ ਦੇਸ਼ ਦੀ ਸਰਕਾਰ 81.35 ਕਰੋੜ ਮੁਫ਼ਤ ਅਨਾਜ ਦੇ ਕੇ ਆਪਣੇ ਕਰਤੱਵ ਦੀ ਪੂਰਤੀ ਹੋ ਗਈ ਸਮਝ ਰਹੀ ਹੈ। ਕੀ ਦੇਸ਼ ਵਾਸੀਆਂ ਲਈ ਉਸ ਕੋਲ ਕੋਈ ਹੋਰ ਸੁਪਨੇ ਨਹੀਂ ਰਹੇ?

ਕੀ ਸਰਕਾਰ ਸਮਝਦੀ ਹੈ ਕਿ ਕਿਸੇ ਵਿਅਕਤੀ ਦਾ ਜੀਵਨ-ਮਰਨ ਇਹ ਅੰਨ ਹੀ ਹੈ ਅਤੇ ਸਰਕਾਰੀ ਕਾਗਜਾਂ ਵਿੱਚ ਵਿਕਾਸ ਦੇ ਸੁਨਿਹਰੇ ਸੁਪਨੇ ਬਣਾਈ ਰੱਖਣਾ ਹੀ 'ਦੇਸ਼ ਦੇ ਨਾਗਰਿਕਾਂ ਦੀ ਅਸਲ ਭਲਾਈ' ਹੈ। ਕਵੀ ਦੁਸ਼ੰਯਤ ਕੁਮਾਰ ਦੀਆਂ ਕਾਵਿ ਪੰਗਤੀਆਂ, 'ਭੂਖ ਹੈ ਤੋ ਸਬਰ ਕਰ ਰੋਟੀ ਨਹੀਂ ਤੋ ਕਿਆ ਹੂਆ, ਆਜਕਲ ਦਿਲੀ ਮੇਂ ਹੈ ਜ਼ੇਰ-ਏ-ਬਹਿਸ ਜਹ ਮੁਦਾਹ'।

# ਹਰਿਆਣਾ 'ਚ ਜਥੇਦਾਰ ਜਗਦੀਸ਼ ਸਿੰਘ ਝੀਂਡਾ ਦੀ ਅਗਵਾਈ 'ਚ ਬਣੀ ਨਵੀਂ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

## ਸਿੱਖਾਂ ਨੂੰ ਆਪਸ ਵਿਚ ਲੜਾਉਣਾ ਚਾਹੁੰਦੀ ਹੈ ਹਰਿਆਣਾ ਸਰਕਾਰ: ਝੀਂਡਾ



ਸ੍ਰੀ ਅਨੰਦਪੁਰ ਸਾਹਿਬ-ਹਰਿਆਣਾ 'ਵਿਚ ਪਿਛਲੇ ਦਿਨੀਂ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਨੂੰ ਲੈ ਕੇ ਹਰਿਆਣਾ ਸਰਕਾਰ ਵਲੋਂ ਗਠਿਤ ਕੀਤੀ 38 ਮੈਂਬਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਖ਼ਿਲਾਫ਼ ਪੈਦਾ ਹੋਏ ਵਿਰੋਧ ਵਿਚੋਂ ਜਥੇਦਾਰ ਜਗਦੀਸ਼ ਸਿੰਘ ਝੀਂਡਾ ਦੀ ਅਗਵਾਈ 'ਵਿਚ ਨਵੀਂ 41 ਮੈਂਬਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ 'ਚ ਆ ਗਈ ਹੈ ।ਨਵੀਂ ਕਮੇਟੀ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਮੀਟਿੰਗ ਕਰਨ ਉਪਰੰਤ ਇਸ ਕਮੇਟੀ ਨੂੰ ਥਾਪੜਾ ਵੀ ਦਿੱਤਾ । ਜਥੇਦਾਰ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਕੋਈ ਵੀ ਸਿੱਖ ਇਹ ਨਹੀਂ ਚਾਹੁੰਦਾ ਕਿ ਸਿੱਖਾਂ ਦੇ ਗੁਰਧਾਮਾਂ ਦੇ ਪ੍ਰਬੰਧ ਵਿਚ ਕੋਈ ਸਰਕਾਰ ਦਖ਼ਲਅੰਦਾਜ਼ੀ ਕਰੇ । ਉਨ੍ਹਾਂ ਨੇ ਵੀ ਇਸੇ ਵਿਰੋਧ ਦੇ ਚੱਲਦਿਆਂ ਸਰਕਾਰ ਵਲੋਂ ਬਣਾਈ 38 ਮੈਂਬਰੀ ਕਮੇਟੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਜਥੇਦਾਰ ਝੀਂਡਾ ਨੇ ਦੋਸ਼ ਲਗਾਇਆ ਕਿ ਸਰਕਾਰ ਵਲੋਂ ਗਠਿਤ ਕਮੇਟੀ 'ਵਿਚ ਬਹੁਗਿਣਤੀ ਮੈਂਬਰ ਆਰ.ਐਸ.ਐਸ. ਅਤੇ ਭਾਜਪਾ ਪੱਖੀ ਹਨ ਅਤੇ ਸਰਕਾਰ ਇਨ੍ਹਾਂ ਮੈਂਬਰਾਂ ਦੇ ਸਹਾਰੇ ਗੁਰਧਾਮਾਂ 'ਤੇ ਕਬਜ਼ਾ ਕਰਨਾ ਚਾਹੁੰਦੀ ਹੈ। ਇਸੇ ਕਰਕੇ ਹਰਿਆਣਾ ਦੇ ਸਿੱਖਾਂ 'ਚ ਸਰਕਾਰ ਵਲੋਂ ਬਣਾਈ ਕਮੇਟੀ ਪ੍ਰਤੀ ਭਾਰੀ ਰੋਸ ਹੈ । ਉਨ੍ਹਾਂ ਕਿਹਾ ਕਿ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਦਿੱਤੀ ਸੇਧ ਅਨੁਸਾਰ ਉਨ੍ਹਾਂ ਨੇ ਹਰਿਆਣਾ ਦੇ ਸਾਰੇ ਜ਼ਿਲਿਆਂ 'ਵਿਚ ਸਿੱਖਾਂ ਨਾਲ ਰਾਬਤਾ ਬਣਾ ਕੇ ਅਤੇ ਸਮੂਹ ਸਿੱਖਾਂ ਦੀ ਰਾਏ ਨਾਲ ਸੰਗਤ ਦੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਜਥੇਦਾਰ ਸਾਹਿਬ ਨੂੰ ਬੇਨਤੀ ਕੀਤੀ ਕਿ ਸੰਗਤ ਵਲੋਂ ਬਣਾਈ 41 ਮੈਂਬਰੀ ਕਮੇਟੀ ਨੂੰ ਮਾਨਤਾ ਦਿੱਤੀ ਜਾਵੇ । ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਹਰ ਤਰ੍ਹਾਂ ਦੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ ।ਉਨ੍ਹਾਂ ਹਰਿਆਣਾ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਆਪਣੀ ਕਮੇਟੀ ਨੂੰ ਭੰਗ ਕਰੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਵਾਲੀ ਕਮੇਟੀ ਨੂੰ ਮਾਨਤਾ ਦੇਵੇ ।ਇਸ ਸਬੰਧੀ ਜਦੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਹੰਤ ਕਰਮਜੀਤ ਸਿੰਘ ਯਮੁਨਾਨਗਰ ਵਾਲਿਆਂ ਦੇ ਸਥਾਨਕ ਵਾਰਡ ਨੰ: 1 ਵਿਚਲੇ ਘਰ ਮੀਡੀਆ ਵਾਲੇ ਪਹੁੰਚੇ ਤਦ ਉਥਬੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵੀ ਹਾਜ਼ਰ ਸਨ, ਜੋ ਮੀਡੀਆ ਵਾਲਿਆਂ ਨੂੰ ਦੇਖ ਕੇ ਉਥਥੋਂ ਨਿਕਲ ਗਏ । ਉਪਰੰਤ ਮਹੰਤ ਕਰਮਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਧਾਰਮਿਕ ਸਮਾਗਮ 'ਚ ਸ਼ਾਮਲ ਹੋਣਾ ਜ਼ਰੂਰੀ ਹੈ ਬਾਕੀ ਸਭ ਬਾਅਦ ਵਿਚ ਦੇਖਣਗੇ ਅਤੇ ਉਹ ਵੀ ਸਮਾਗਮ ਵਾਲੇ ਸਥਾਨ ਲਈ ਚਲੇ ਗਏ ।

*ਮਾਮਲਾ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਦਾ*

# ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਵੱਲੋਂ ਸਰਕਾਰੀ ਭਰੋਸਾ ਕਮੇਟੀ ਦੇ ਚੇਅਰਮੈਨ ਦੇ ਅਹੁਦੇ ਤੋਂ ਅਸਤੀਫ਼ਾ



ਚੰਡੀਗੜ੍ਹ : ਬੇਅਦਬੀ ਮਾਮਲਿਆਂ ਵਿੱਚ ਇਨਸਾਫ਼ ਨਾ ਮਿਲਣ ਤੋਂ ਨਿਰਾਸ਼ ਆਮ ਆਦਮੀ ਪਾਰਟੀ ਦੇ ਅੰਮ੍ਰਿਤਸਰ ਉਥਤਰੀ ਤੋਂ ਵਿਧਾਇਕ ਅਤੇ ਸਾਬਕਾ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਪੰਜਾਬ ਵਿਧਾਨ ਸਭਾ ਦੀ ਸਰਕਾਰੀ ਭਰੋਸਾ ਕਮੇਟੀ ਦੇ ਚੇਅਰਮੈਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਆਪਣਾ ਅਸਤੀਫਾ ਈ-ਮੇਲ ਰਾਹੀਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਭੇਜ ਦਿੱਤਾ ਹੈ, ਹਾਲਾਂਕਿ ਉਨ੍ਹਾਂ ਦਾ ਅਸਤੀਫਾ ਅਜੇ ਪ੍ਰਵਾਨ ਨਹੀਂ ਕੀਤਾ ਗਿਆ ਹੈ। ਇਸ ਬਾਰੇ ਫੈਸਲਾ ਸਪੀਕਰ ਨੇ ਲੈਣਾ ਹੈ।

ਇਸ ਸਾਲ ਗਠਿਤ ਵਿਧਾਨ ਸਭਾ ਕਮੇਟੀਆਂ ਵਿੱਚ ਸਪੀਕਰ ਨੇ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਸਰਕਾਰੀ ਭਰੋਸਾ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਸੀ, ਜਿਸ ਦਾ ਕੰਮ ਵਿਧਾਨ ਸਭਾ ਵਿੱਚ ਲਾਗੂ ਵਿਧਾਇਕਾਂ ਨੂੰ ਮੰਤਰੀਆਂ ਵੱਲੋਂ ਦਿੱਤੇ ਭਰੋਸੇ ਕਰਵਾਉਣਾ ਹੈ। ਵਿਧਾਨ ਸਭਾ ਸੈਸ਼ਨ ਦੌਰਾਨ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਬੇਅਦਬੀ ਮਾਮਲਿਆਂ ਦੀ ਜਾਂਚ ਨੂੰ ਲੈ ਕੇ ਲੰਮੀ ਚਰਚਾ ਕੀਤੀ ਅਤੇ ਸਪੀਕਰ ਨੂੰ ਇਸ ਸਬੰਧੀ ਚਰਚਾ ਲਈ ਪੂਰਾ ਦਿਨ ਰੱਖਣ ਦੀ ਅਪੀਲ ਕੀਤੀ ਪਰ ਉਨ੍ਹਾਂ ਦੀ ਮੰਗ ਨਹੀਂ ਮੰਨੀ ਗਈ।

ਇਸ ਸਬੰਧੀ ਸਰਕਾਰੀ ਭਰੋਸਾ ਕਮੇਟੀ ਨੇ ਮੁੱਖ ਸਕੱਤਰ ਵੀ.ਕੇ ਜੰਜੂਆ ਅਤੇ ਡੀਜੀਪੀ ਗੌਰਵ ਯਾਦਵ ਨੂੰ ਜ਼ੁਬਾਨੀ ਸੁਣਵਾਈ ਲਈ ਤਲਬ ਕੀਤਾ ਸੀ ਪਰ ਉਸੇ ਦਿਨ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਾਰੀਆਂ ਕਮੇਟੀਆਂ ਦੇ ਚੇਅਰਪਰਸਨਾਂ ਦੀ ਮੀਟਿੰਗ ਬੁਲਾਈ ਸੀ, ਜਿਸ ਕਾਰਨ ਮੀਟਿੰਗ ਰੱਦ ਕਰਨੀ ਪਈ ਸੀ । ਇਸ ਤੋਂ ਨਾਰਾਜ਼ ਹੋ ਕੇ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਆਪਣਾ ਅਸਤੀਫਾ ਭੇਜ ਦਿੱਤਾ ਹੈ।ਧਿਆਨ ਯੋਗ ਹੈ ਕਿ ਮਾਰਚ 2021 ਵਿੱਚ ਹਾਈ ਕੋਰਟ ਦੇ ਇੱਕ ਫੈਸਲੇ ਤੋਂ ਬਾਅਦ, ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਆਈਪੀਐਸ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਕੁਝ ਸਮੇਂ ਬਾਅਦ ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ।

# ਬਲਾਤਕਾਰ ਅਤੇ ਬੱਚਿਆਂ ਨਾਲ ਅਪਰਾਧਕ ਮਾਮਲਿਆਂ ਦੀ ਜਾਂਚ ਵਿਚ ਪੰਜਾਬ ਬਾਕੀ ਰਾਜਾਂ ਤੋਂ ਪਛੜਿਆ

## ਪੰਜਾਬ ਨੂੰ ਕੇਂਦਰ ਤੋਂ ਪਈ ਝਾੜ, ਸੂਬਾ ਸਰਕਾਰ ਨੇ ਆਪਣੀ ਗ਼ਲਤੀ ਮੰਨਦੇ ਹੋਏ ਇਸ ਵਿਚ ਸੁਧਾਰ ਦਾ ਦਿੱਤਾ ਭਰੋਸਾ



ਚੰਡੀਗੜ੍ਹ/ਏ.ਟੀ.ਨਿਊਜ਼ :- ਜਬਰ ਜਨਾਹ ਅਤੇ ਬੱਚਿਆਂ ਨਾਲ ਸਬੰਧਤ ਪੋਕਸੋ (ਪ੍ਰੋਟੈਕਸ਼ਨ ਆਫ ਚਿਲਡਰਨ ਫਰਾਮ ਸੈਕਸੁਅਲ ਆਫੈਂਸ ਐਕਟ) ਅਪਰਾਧਕ ਮਾਮਲਿਆਂ ਦੀ ਜਾਂਚ ਮਾਮਲੇ ਵਿਚ ਪੰਜਾਬ ਦੀ ਕਾਰਗੁਜ਼ਾਰੀ ਹੋਰਨਾਂ ਰਾਜਾਂ ਨਾਲੋਂ ਬਹੁਤ ਪਛੜ ਚੁੱਕੀ ਹੈ। ਪੰਜਾਬ ਵਿਚ ਅਜਿਹੇ ਮਾਮਲਿਆਂ ਵਿਚੋਂ 50 ਫ਼ੀਸਦੀ ਦੀ ਵੀ ਜਾਂਚ ਪੂਰੀ ਨਹੀਂ ਹੋਈ ਹੈ । ਇਸ ਮਾਮਲੇ ਵਿਚ ਸੂਬੇ ਨੂੰ ਕੇਂਦਰ ਤੋਂ ਝਾੜ ਪਈ ਹੈ ਅਤੇ ਸਰਕਾਰ ਨੇ ਆਪਣੀ ਗ਼ਲਤੀ ਮੰਨਦੇ ਹੋਏ ਇਸ ਵਿਚ ਸੁਧਾਰ ਦਾ ਭਰੋਸਾ ਦਿੱਤਾ ਹੈ। ਇਹ ਖ਼ੁਲਾਸਾ ਉੱਤਰੀ ਜ਼ੋਨਲ ਕੌਂਸਲ ਵਿਚ ਚਰਚਾ ਲਈ ਰੱਖੇ ਮੁੱਦੇ ਮਗਰੋਂ ਹੋਇਆ ਹੈ। ਮੁੱਦਿਆਂ ਦੀ ਸੂਚੀ ਤਿਆਰ ਕਰਦੇ ਹੋਏ ਕੌਂਸਲ ਦੀ ਚੇਅਰਪਰਸਨ ਅਨੁਰਾਧਾ ਪ੍ਰਸਾਦ ਵਲੋਂ ਇਸ ਮੁੱਦੇ ਨੂੰ ਰਾਜਾਂ ਦੇ ਸਾਹਮਣੇ ਰੱਖਦਿਆਂ ਕਿਹਾ ਗਿਆ ਹੈ ਕਿ ਕੌਂਸਲ ਦੀ ਹਰ ਮੀਟਿੰਗ ਵਿਚ ਰਾਸ਼ਟਰੀ ਤਰਜ਼ੀਹ ਦੇ ਮਾਮਲਿਆਂ 'ਤੇ ਚਰਚਾ ਕੀਤੀ ਜਾਂਦੀ ਹੈ। ਉਨ੍ਹਾਂ ਨੇ ਸਾਰੇ ਰਾਜਾਂ ਦੇ ਕੇਸਾਂ ਦੇ ਨਿਪਟਾਰੇ ਦੇ ਤਾਜ਼ਾ ਅੰਕੜਿਆਂ ਬਾਰੇ ਚਰਚਾ ਕੀਤੀ, ਜਿਸ ਦੌਰਾਨ ਇਸ ਸੰਬੰਧੀ ਖ਼ੁਲਾਸਾ ਹੋਇਆ ਹੈ। ਪੰਜਾਬ ਦੇ ਗ੍ਰਹਿ ਸਕੱਤਰ ਅਨੁਰਾਗ ਵਰਮਾ ਨੇ ਕੌਂਸਲ ਨੂੰ ਦਿੱਤੇ ਆਪਣੇ ਜਵਾਬ ਵਿਚ ਮੰਨਿਆ ਹੈ ਕਿ ਅਜਿਹੇ ਮਾਮਲਿਆਂ ਵਿਚ ਪੰਜਾਬ ਦੀ ਕਾਰਗੁਜ਼ਾਰੀ ਨਿਰਧਾਰਿਤ ਪੱਧਰ ਤੋਂ ਹੇਠਾਂ ਹੈ । ਅਨੁਰਾਗ ਵਰਮਾ ਨੇ ਕੌਂਸਲ ਨੂੰ ਭਰੋਸਾ ਦਿੱਤਾ ਕਿ ਅਗਲੀ ਮੀਟਿੰਗ ਤੱਕ ਪੰਜਾਬ ਦੀ ਕਾਰਗੁਜ਼ਾਰੀ ਇਸ ਪੱਖੋਂ ਕਾਫ਼ੀ ਬਿਹਤਰ ਹੋ ਜਾਵੇਗੀ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਦੇ ਨਿਰਦੇਸ਼ਾਂ 'ਤੇ ਹਾਈਕੋਰਟ ਨੇ ਪੰਜਾਬ ਵਿਚ ਪੋਕਸੋ ਐਕਟ ਅਤੇ ਜਬਰ-ਜਨਾਹ ਦੇ ਮਾਮਲਿਆਂ ਦੀ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਦਾ ਗਠਨ ਕੀਤਾ ਹੈ । ਦੂਜੇ ਪਾਸੇ ਪੋਸਕੋ ਐਕਟ ਤਹਿਤ ਦਰਜ ਕੇਸਾਂ ਬਾਰੇ ਕੈਲਾਸ਼ ਸਤਿਆਰਥੀ ਚਿਲਡਰਨਜ਼ ਫਾਊਂਡੇਸ਼ਨ ਦੀ ਤਾਜ਼ਾ ਰਿਪੋਰਟ ਅਨੁਸਾਰ 31 ਜਨਵਰੀ, 2022 ਤੱਕ ਪੰਜਾਬ ਵਿਚ 2504 ਕੇਸ ਸੁਣਵਾਈ ਲਈ ਪੈਂਡਿੰਗ ਸੀ, ਜੋ ਜੂਨ 2022 'ਚ ਘੱਟ ਕੇ 1112 ਕੇਸ ਰਹਿ ਗਏ ਹਨ। 2018 ਤੋਂ 2022 ਦਰਮਿਆਨ ਪੰਜਾਬ ਵਿਚ ਪੋਸਕੋ ਐਕਟ ਨਾਲ ਸਬੰਧਤ ਸਿਰਫ਼ 37.4 ਫੀਸਦੀ ਕੇਸਾਂ ਦਾ ਨਿਪਟਾਰਾ ਕੀਤਾ ਜਾ ਸਕਿਆ ਹੈ।

# ਲਖੀਮਪੁਰ ਖੀਰੀ ਹਿੰਸਾ ਮਾਮਲੇ 'ਚ ਆਸ਼ੀਸ਼ ਮਿਸ਼ਰਾ ਨੂੰ ਸ਼ਰਤਾਂ ਨਾਲ ਸੁਪਰੀਮ ਕੋਰਟ ਵੱਲੋਂ ਅੰਤਰਿਮ ਜ਼ਮਾਨਤ



ਨਵੀਂ ਦਿੱਲੀ : ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਦੇ ਬੇਟੇ ਆਸ਼ੀਸ਼ ਮਿਸ਼ਰਾ ਨੂੰ ਬੁੱਧਵਾਰ ਨੂੰ ਵੱਡੀ ਰਾਹਤ ਮਿਲੀ ਹੈ। ਲਖੀਮਪੁਰ ਹਿੰਸਾ ਮਾਮਲੇ 'ਵਿਚ ਸੁਪਰੀਮ ਕੋਰਟ ਨੇ ਆਸ਼ੀਸ਼ ਮਿਸ਼ਰਾ ਨੂੰ ਸ਼ਰਤਾਂ ਦੇ ਨਾਲ ਅੰਤਰਿਮ ਜ਼ਮਾਨਤ ਦੇ ਦਿੱਤੀ ਹੈ। ਜਸਟਿਸ ਸੂਰਿਆਕਾਂਤ ਮਿਸ਼ਰਾ ਅਤੇ ਜਸਟਿਸ ਜੇਕੇ ਮਹੇਸ਼ਵਰੀ ਦੇ ਬੈਂਚ ਨੇ ਉਨ੍ਹਾਂ ਦੀ ਜ਼ਮਾਨਤ 'ਤੇ ਫੈਸਲਾ ਸੁਣਾਇਆ ਹੈ।

ਸੁਪਰੀਮ ਕੋਰਟ ਨੇ ਆਸ਼ੀਸ਼ ਮਿਸ਼ਰਾ ਨੂੰ ਸ਼ਰਤਾਂ ਦੇ ਨਾਲ 8 ਹਫ਼ਤਿਆਂ ਲਈ ਜ਼ਮਾਨਤ ਦੇ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਆਸ਼ੀਸ਼ ਮਿਸ਼ਰਾ ਨੂੰ ਆਪਣੇ ਟਿਕਾਣੇ ਬਾਰੇ ਅਦਾਲਤ ਨੂੰ ਜਾਣਕਾਰੀ ਦੇਣੀ ਹੋਵੇਗੀ। ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਆਸ਼ੀਸ਼ ਮਿਸ਼ਰਾ ਜਾਂ ਉਨ੍ਹਾਂ ਦੇ ਪਰਿਵਾਰ ਵੱਲੋਂ ਗਵਾਹਾਂ ਨੂੰ ਪ੍ਰਭਾਵਿਤ ਕਰਨ ਅਤੇ ਮੁਕੱਦਮੇ ਦੀ ਸੁਣਵਾਈ ਵਿੱਚ ਦੇਰੀ ਕਰਨ ਦੀ ਕੋਸ਼ਿਸ਼ ਉਨ੍ਹਾਂ ਦੀ ਜ਼ਮਾਨਤ ਰੱਦ ਕਰ ਸਕਦੀ ਹੈ।

ਸੁਪਰੀਮ ਕੋਰਟ ਨੇ ਆਸ਼ੀਸ਼ ਮਿਸ਼ਰਾ ਨੂੰ ਇਸ ਸ਼ਰਤ 'ਤੇ ਅੰਤਰਿਮ ਜ਼ਮਾਨਤ ਦੇ ਦਿੱਤੀ ਹੈ ਕਿ ਉਹ ਦਿੱਲੀ ਅਤੇ ਉਥਤਰ ਪ੍ਰਦੇਸ਼ 'ਵਿਚ ਨਹੀਂ ਰਹਿਣਗੇ। ਜ਼ਮਾਨਤ 'ਤੇ ਰਿਹਾਅ ਹੋਣ ਤੋਂ ਇਕ ਹਫਤੇ ਬਾਅਦ ਉਹ ਉਥਤਰ ਪ੍ਰਦੇਸ਼ ਛੱਡ ਜਾਵੇਗਾ।

# 51 ਕੈਦੀਆਂ ਦੀ ਰਿਹਾਈ 26 ਜਨਵਰੀ ਨੂੰ ਸਿਰੇ ਨਾ ਚੜ੍ਹੀ, ਨਵਜੋਤ ਸਿੰਘ ਸਿੱਧੂ ਵੀ ਰਿਹਾਅ ਨਹੀਂ ਹੋਣਗੇ



ਚੰਡੀਗੜ੍ਹ-ਭਾਰਤ ਸਰਕਾਰ ਵਲੋਂ ਦੇਸ਼ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਮੌਕੇ 'ਆਜ਼ਾਦੀ ਕਾ ਅੰਮ੍ਰਿਤ ਮਹੋਤਸਵ' ਪ੍ਰੋਗਰਾਮ ਅਧੀਨ ਰਾਜਾਂ ਨੂੰ 15 ਅਗਸਤ, 2022 ਅਤੇ 26 ਜਨਵਰੀ 2023 ਤੇ 15 ਅਗਸਤ, 2023 ਨੂੰ ਜੇਲ੍ਹਾਂ ਵਿਚਲੇ ਕੈਦੀਆਂ ਨੂੰ ਸਜ਼ਾ ਵਿਚ ਛੋਟ ਦੀ ਸਕੀਮ ਸੰਬੰਧੀ ਰਾਜਾਂ ਨੂੰ 10 ਜੂਨ, 2022 ਨੂੰ ਜੋ ਦਿਸ਼ਾ ਨਿਰਦੇਸ਼ ਤੇ ਸਕੀਮ ਜਾਰੀ ਕੀਤੀ ਸੀ ਉਸ ਅਧੀਨ ਪੰਜਾਬ ਦੀਆਂ ਜੇਲ੍ਹਾਂ ਵਿਚਲੇ ਨਜ਼ਰਬੰਦਾਂ ਨੂੰ ਹੁਣ ਤੱਕ ਕੋਈ ਲਾਭ ਨਹੀਂ ਮਿਲ ਸਕਿਆ। ਇਸ ਤੋਂ ਪਹਿਲਾਂ 15 ਅਗਸਤ, 2022 ਨੂੰ ਰਾਜ ਸਰਕਾਰ ਵਲੋਂ ਰਾਜਪਾਲ ਨੂੰ ਮੰਤਰੀ ਮੰਡਲ ਦੀ ਪ੍ਰਵਾਨਗੀ ਤੋਂ ਬਿਨਾਂ ਹੀ ਸਜ਼ਾ ਮੁਆਫ਼ੀ ਦਾ ਫ਼ਾਇਦਾ ਪਾਉਣ ਵਾਲੇ ਕੈਦੀਆਂ ਦੀ ਸੂਚੀ ਭੇਜੇ ਜਾਣ ਕਾਰਨ ਸੂਚੀ ਰਾਜ ਸਰਕਾਰ ਨੂੰ ਇਹ ਕਹਿ ਕੇ ਵਾਪਸ ਭੇਜ ਦਿੱਤੀ ਸੀ ਕਿ ਸਜ਼ਾ ਮੁਆਫ਼ੀ ਦੇ ਲਾਭਪਾਤਰੀਆਂ ਲਈ ਮੰਤਰੀ ਮੰਡਲ ਦੀ ਪ੍ਰਵਾਨਗੀ ਜ਼ਰੂਰੀ ਹੈ ਅਤੇ ਨਿਯਮਾਂ ਅਨੁਸਾਰ ਸਜ਼ਾ ਮੁਆਫ਼ੀ ਦਾ ਫ਼ਾਇਦਾ ਲੈਣ ਵਾਲੇ ਹਰੇਕ ਕੈਦੀ ਸੰਬੰਧੀ ਬਕਾਇਦਾ ਪੂਰੀ ਵੱਖਰੀ ਫਾਈਲ ਬਣਾ ਕੇ ਭੇਜੀ ਜਾਵੇ। ਲੇਕਿਨ ਸਰਕਾਰ ਵਲੋਂ ਦੁਬਾਰਾ ਰਾਜਪਾਲ ਦੀ ਪ੍ਰਵਾਨਗੀ ਲਈ ਨਿਰਧਾਰਿਤ ਸਮੇਂ ਵਿਚ ਕਾਰਵਾਈ ਨਾ ਹੋ ਸਕਣ ਕਾਰਨ 15 ਅਗਸਤ, 2022 ਨੂੰ ਕੋਈ ਰਿਹਾਈ ਨਹੀਂ ਹੋ ਸਕੀ ਸੀ। ਇਸੇ ਤਰ੍ਹਾਂ ਇਸ ਵਾਰ ਵੀ 26 ਜਨਵਰੀ, 2023 ਲਈ ਜੇਲ੍ਹ ਵਿਭਾਗ ਵਲੋਂ ਸੂਬਾ ਸਰਕਾਰ ਨੂੰ 51 ਕੈਦੀਆਂ ਦੀ ਸੂਚੀ ਭੇਜੀ ਗਈ ਸੀ ਜੋ ਭਾਰਤ ਸਰਕਾਰ ਦੀਆਂ ਸ਼ਰਤਾਂ ਅਨੁਸਾਰ ਸਜ਼ਾ ਮੁਆਫ਼ੀ ਪ੍ਰਾਪਤ ਕਰ ਸਕਦੇ ਸਨ। ਭਾਰਤ ਸਰਕਾਰ ਦੀਆਂ ਸ਼ਰਤਾਂ ਅਨੁਸਾਰ 50 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਤੇ ਟਰਾਂਸਜੈਂਡਰ ਅਤੇ 60 ਸਾਲ ਤੋਂ ਵੱਧ ਉਮਰ ਦੇ ਮਰਦ ਜੋ 50 ਫ਼ੀਸਦੀ ਸਜ਼ਾ ਪੂਰੀ ਕਰ ਚੁੱਕੇ ਹੋਣ ਅਤੇ 18 ਤੋਂ 21 ਸਾਲ ਦੀ ਉਮਰ ਵਿਚ ਜੁਰਮ ਕਰਨ ਵਾਲੇ ਦੋਸ਼ੀ, ਜਿਨ੍ਹਾਂ 50 ਫ਼ੀਸਦੀ ਸਜ਼ਾ ਪੂਰੀ ਕੀਤੀ ਹੋਵੇ ਤੇ ਇਸ ਤੋਂ (ਬਾਕੀ ਸਫ਼ਾ 30 'ਤੇ)

# ਭਾਰਤ ਦੇ 30 ਸੂਬੇ ਕਰਜ਼ੇ ਦੀ ਦਲਦਲ ਵਿਚ ਫਸੇ, ਵਿਕਾਸ ਦੇ ਨਾਂ 'ਤੇ ਧੜਾਧੜ ਲੈ ਰਹੇ ਕਰਜ਼

## ਰਿਜ਼ਰਵ ਬੈਂਕ ਦੀ ਰਿਪੋਰਟ ਵਿਚ ਤੱਥ ਆਏ ਸਾਹਮਣੇ

ਨਵੀਂ ਦਿੱਲੀ/ਏ.ਟੀ.ਨਿਊਜ਼ :- ਵਿਕਾਸ ਦੇ ਨਾਂ 'ਤੇ ਦੇਸ਼ ਦੇ ਸੂਬੇ ਕਰਜ਼ੇ ਦੀ ਦਲਦਲ ਵਿੱਚ ਡੁੱਬ ਰਹੇ ਹਨ। ਦੇਸ਼ ਦੇ 30 ਸੂਬਿਆਂ ਨੇ ਅਪ੍ਰੈਲ ਤੋਂ ਦਸੰਬਰ 2022 ਦੌਰਾਨ ਕੁੱਲ 2.28 ਲੱਖ ਕਰੋੜ ਰੁਪਏ ਦਾ ਕਰਜ਼ਾ ਲਿਆ ਹੈ ਅਤੇ ਜਨਵਰੀ-ਮਾਰਚ 2023 ਵਿੱਚ 3.40 ਲੱਖ ਕਰੋੜ ਰੁਪਏ ਦਾ ਕਰਜ਼ਾ ਲੈਣ ਦੀ ਤਿਆਰੀ ਵਿਚ ਹਨ। ਕਰਨਾਟਕ ਸਭ ਤੋਂ ਵੱਧ 36 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲਵੇਗਾ। ਇਹ ਤੱਥ ਰਿਜ਼ਰਵ ਬੈਂਕ ਦੀ ਰਿਪੋਰਟ ਵਿਚ ਸਾਹਮਣੇ ਆਏ ਹਨ।ਸਭ ਤੋਂ ਵਧ ਕਰਜ਼ਾ ਦੇਸ਼ ਦੇ ਸੂਬੇ ਪੰਜਾਬ ਦਾ ਹੈ। ਇਸ ਨੇ ਆਪਣੀ ਜੀਡੀਪੀ ਦੇ 53.3% ਤੱਕ ਕਰਜ਼ਾ ਲਿਆ ਹੈ। ਰਿਜ਼ਰਵ ਬੈਂਕ ਅਨੁਸਾਰ ਕਿਸੇ ਵੀ ਰਾਜ 'ਤੇ ਕਰਜ਼ਾ ਉਸ ਦੇ ਜੀਡੀਪੀ ਦੇ 30% ਤੋਂ ਵੱਧ ਨਹੀਂ ਹੋਣਾ ਚਾਹੀਦਾ ਹੈ। ਨਤੀਜੇ ਵਜੋਂ ਸੂਬਿਆਂ ਦੀ ਆਮਦਨ ਦਾ ਵੱਡਾ ਹਿੱਸਾ ਵਿਆਜ ਅਦਾ ਕਰਨ ਵਿੱਚ ਖਰਚ ਹੋ ਰਿਹਾ ਹੈ। ਪੰਜਾਬ ਅਤੇ ਹਰਿਆਣਾ ਆਪਣੀ ਕਮਾਈ ਦਾ 21% ਵਿਆਜ ਦੇ ਰੂਪ ਵਿੱਚ ਅਦਾ ਕਰ ਰਹੇ ਹਨ, ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹੈ।

ਸੂਬਿਆਂ ਨੂੰ ਜੀਡੀਪੀ ਦਾ ਸਿਰਫ 1% ਖਰਚ ਕਰਨਾ ਚਾਹੀਦਾ ਹੈ। ਪਰ ਪੰਜਾਬ 2.7%, ਆਂਧਰਾ 2.1% ਅਤੇ ਮੱਧ ਪ੍ਰਦੇਸ਼-ਝਾਰਖੰਡ 1.5% ਤੱਕ ਕਰ ਵਿਆਜ ਭੁਗਤਾਨ ਲਈ ਖ਼ਰਚ ਕਰ ਰਿਹਾ ਹੈ।

**ਸੂਬਿਆਂ ਦਾ ਖਰਚ :**

ਦਿੱਲੀ (20.5%), ਅਸਾਮ (20%), ਬਿਹਾਰ (17%) ਸਿੱਖਿਆ 'ਤੇ ਸਭ ਤੋਂ ਵੱਧ ਖਰਚ ਕਰਦੇ ਹਨ। ਤੇਲੰਗਾਨਾ (6%) ਅਤੇ ਮਨੀਪੁਰ (10%) ਸਭ ਤੋਂ ਘੱਟ ਰਾਜਸਥਾਨ 17%, ਮੱਧ ਪ੍ਰਦੇਸ਼ ਮਹਾਰਾਸ਼ਟਰ 14.7%, ਝਾਰਖੰਡ 14%, ਗੁਜਰਾਤ 12.7%, ਯੂਪੀ 12.4% ਅਤੇ ਪੰਜਾਬ-ਛੱਤੀਸਗੜ੍ਹ 12% ਖਰਚ ਕਰਦੇ ਹਨ।

# ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ 'ਤੇ ਹਮਲਾ ਕਿਉਂ ਹੋਇਆ ?

## ਪੰਥਕ ਜਥੇਬੰਦੀਆਂ ਤੇ ਸਿੱਖ ਵਿਦਵਾਨਾਂ ਦੀ ਵੱਖੋ-ਵੱਖਰੀ ਰਾਏ



ਬਘੇਲ ਸਿੰਘ ਧਾਲੀਵਾਲ
99142-58142

➤ **ਅਸੀਂ ਮੋਰਚੇ ਵਿਚ ਧਾਮੀ ਨੂੰ ਨਹੀਂ ਬੁਲਾਇਆ, ਪਰ ਉਨ੍ਹਾਂ ਕੋਲੋਂ 323 ਸਰੂਪਾਂ ਬਾਰੇ ਜਾਣਕਾਰੀ ਮੰਗੀ ਸੀ : ਗੁਰਦੀਪ ਸਿੰਘ**

➤ **ਭਵਿੱਖ ਵਿੱਚ ਪੱਕੇ ਮੋਰਚੇ ਦੇ ਮੰਚ ਤੋਂ ਕਿਸੇ ਵੀ ਵਿਵਾਦਤ ਤੇ ਸਿਆਸੀ ਆਗੂ ਨੂੰ ਬੋਲਣ ਨਹੀਂ ਦਿੱਤਾ ਜਾਵੇਗਾ : ਬਾਪੂ ਗੁਰਚਰਨ ਸਿੰਘ**





ਮੋਹਾਲੀ-ਚੰਡੀਗੜ੍ਹ ਬਾਰਡਰ 'ਤੇ ਕੌਮੀ ਇਨਸਾਫ਼ ਮੋਰਚਾ ਵੱਲੋਂ ਦਿੱਤੇ ਜਾ ਰਹੇ ਧਰਨੇ ਦੇ 12ਵੇਂ ਦਿਨ ਬੰਦੀ ਸਿੰਘਾਂ ਦੀ ਰਿਹਾਈ ਦਾ ਸਮਰਥਨ ਕਰਨ ਲਈ ਗਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ 'ਤੇ ਹੋਏ ਹਮਲੇ ਬਾਰੇ ਪੰਥਕ ਜਥੇਬੰਦੀਆਂ ਤੇ ਪੰਥਕ ਵਿਦਵਾਨਾਂ ਦੀ ਵੱਖੋ-ਵੱਖਰੀ ਰਾਏ ਹੈ। ਸੂਤਰਾਂ ਮੁਤਾਬਕ ਉਨ੍ਹਾਂ ਦੇ ਭਾਸ਼ਨ ਉਪਰੰਤ ਇਕ ਸਿੱਖ ਨੌਜਵਾਨ ਵਲੋਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਬਾਦਲ 'ਤੇ ਤਿੱਖੇ ਸ਼ਬਦੀ ਹਮਲੇ ਕੀਤੇ ਗਏ ਸਨ, ਇਸ ਦੌਰਾਨ ਕੁਝ ਵਿਅਕਤੀਆਂ ਵਲੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ ਗਈ ਸੀ ।ਇਸ ਤੋਂ ਬਾਅਦ ਮਾਹੌਲ ਤਣਾਅਪੂਰਨ ਹੁੰਦਿਆਂ ਦੇਖ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਮੋਰਚੇ ਵਿਚੋਂ ਚੱਲ ਪਏ ਸਨ ਅਤੇ ਬਾਹਰ ਨਿਕਲਣ 'ਤੇ ਉਨ੍ਹਾਂ ਨੂੰ ਕੁਝ ਪੱਤਰਕਾਰਾਂ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਾਦਲ ਪਰਿਵਾਰ ਪ੍ਰਤੀ ਸਿੱਖਾਂ ਦੀ ਨਾਰਾਜ਼ਗੀ ਬਾਰੇ ਸੁਆਲ ਪੁੱਛਣ ਦੀ ਵੀ ਕੋਸ਼ਿਸ਼ ਕੀਤੀ ਗਈ ਪਰ ਉਨ੍ਹਾਂ ਕੋਈ ਜਵਾਬ ਨਾ ਦਿੰਦਿਆਂ ਆਪਣੀ ਇਨੋਵਾ ਕਾਰ ਵਿਚ ਬੈਠਣ ਲਈ ਅੱਗੇ ਵਧ ਗਏ। ਇਸ ਦੌਰਾਨ ਕੁਝ ਸਿੱਖਾਂ ਵਲੋਂ ਉਨ੍ਹਾਂ ਨੂੰ ਸੁਆਲ ਕਰਨ ਦੇ ਨਾਲ-ਨਾਲ ਧੱਕੇ ਮੁੱਕੀ ਸ਼ੁਰੂ ਕਰ ਦਿੱਤੀ। ਇਸ ਦੌਰਾਨ 2 ਸਿੱਖ ਨੌਜਵਾਨ ਗੱਡੀ ਅੱਗੇ ਬੈਠ ਗਏ ਅਤੇ ਗੱਡੀ ਨੂੰ ਅੱਗੇ ਜਾਣ ਤੋਂ ਰੋਕ ਦਿੱਤਾ। ਇਸ ਦੌਰਾਨ ਹਰਜਿੰਦਰ ਸਿੰਘ ਧਾਮੀ ਸੰਗਤਾਂ ਨੂੰ ਸਮਝਾਉਣ ਲਈ ਗੱਡੀ ਵਿਚੋਂ ਥੱਲੇ ਵੀ ਉਤਰੇ ਪਰ ਧੱਕਾ ਮੁੱਕੀ ਨੂੰ ਦੇਖਦਿਆਂ ਵਾਪਸ ਗੱਡੀ ਵਿਚ ਬੈਠ ਕੇ ਜਾਣ ਲੱਗੇ ਤਾਂ ਕੁਝ ਨੌਜਵਾਨਾਂ ਨੇ ਗੱਡੀ ਦਾ ਅਗਲਾ ਤੇ ਪਿਛਲਾ ਸ਼ੀਸ਼ਾ ਤੋੜ ਦਿੱਤਾ। ਇਸ ਦੌਰਾਨ ਪ੍ਰਬੰਧਕਾਂ ਦੀ ਕੋਸ਼ਿਸ਼ ਨਾਲ ਪ੍ਰਧਾਨ ਧਾਮੀ ਤੇਜ਼ੀ ਨਾਲ ਅੱਗੇ ਨਿਕਲ ਗਏ। ਇਸ ਮੌਕੇ ਉਨ੍ਹਾਂ ਨਾਲ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਅਮਰਜੀਤ ਸਿੰਘ ਚਾਵਲਾ, ਸੁਖਵਿੰਦਰ ਸਿੰਘ ਅਗਵਾਨ ਆਦਿ ਵੀ ਹਾਜ਼ਰ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ, ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ, ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਭਾਈ ਜਸਵੀਰ ਸਿੰਘ ਖ਼ਾਲਸਾ ਨੇ ਮੋਹਾਲੀ ਵਿਖੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ 'ਤੇ ਹੋਏ ਹਮਲੇ ਅਤੇ ਉਨ੍ਹਾਂ ਦੀ ਕਾਰ ਦੀ ਭੰਨ ਤੋੜ ਕਰਨ ਦੀ ਵਾਪਰੀ ਘਟਨਾ ਨੂੰ ਮੰਦਭਾਗਾ ਕਰਾਰ ਦਿੱਤਾ ਸੀ। ਭਾਈ ਧਾਮੀ ਦਾ ਮੰਨਣਾ ਹੈ ਕਿ ਉਸ ਉਪਰ ਕਾਂਗਰਸ ਪੱਖੀਆਂ ਨੇ ਹਮਲਾ ਕੀਤਾ ਹੈ।

ਜਥੇਦਾਰ ਭਾਈ ਹਵਾਰਾ ਕਮੇਟੀ ਦੇ ਸੀਨੀਅਰ ਮੈਂਬਰ ਤੇ ਸਿੱਖ ਚਿੰਤਕ ਪ੍ਰੋ: ਬਲਜਿੰਦਰ ਸਿੰਘ ਨੇ ਹਮਲੇ ਨੂੰ ਮੰਦਭਾਗਾ ਕਰਾਰ ਦਿੰਦੇ ਹੋਏ ਕਿਹਾ ਸੀ ਕਿ ਆਪਸੀ ਵਿਚਾਰਾਂ ਦੇ ਮਤਭੇਦ ਅਤੇ ਨਾਰਾਜ਼ਗੀਆਂ ਨੂੰ ਕਿਸੇ 'ਤੇ ਹਮਲਾ ਕਰਕੇ ਸੁਲਝਾਇਆ ਨਹੀਂ ਜਾ ਸਕਦਾ। ਮੋਰਚੇ ਵਿਚ ਸ਼ਾਮਲ ਸੰਗਤਾਂ ਨੇ ਦੱਸਿਆ ਕਿ ਜਥੇਦਾਰ ਜਗਤਾਰ ਸਿੰਘ ਹਵਾਰਾ ਵਲੋਂ ਮੋਰਚੇ ਦੇ ਪ੍ਰਬੰਧਕਾਂ ਨੂੰ ਲਿਖਤੀ ਹੁਕਮਨਾਮੇ ਜਾਰੀ ਕਰਦਿਆਂ ਮੋਰਚੇ ਵਿਚ ਸ਼ਮੂਲੀਅਤ ਕਰਨ ਵਾਲੇ ਹਰ ਇਕ ਵਿਅਕਤੀ ਦਾ ਸਤਿਕਾਰ ਕਰਨ ਦੀ ਹਦਾਇਤ ਕੀਤੀ ਗਈ ਹੈ ਪਰ ਮੋਰਚੇ ਵਿਚ ਸ਼ਾਮਿਲ ਇਕ ਦੋ ਵਿਅਕਤੀਆਂ ਵਲੋਂ ਮੋਰਚੇ ਦੇ ਵੱਡੇ ਆਗੂ ਬਣਨ ਦੀ ਕੋਸ਼ਿਸ਼ ਵਿਚ ਸੰਗਤਾਂ ਵਿਚ ਕੀਤੀ ਗ਼ਲਤ ਬਿਆਨਬਾਜ਼ੀ ਕਾਰਨ ਮਾਹੌਲ ਤਣਾਅਪੂਰਨ ਹੋ ਗਿਆ ਤੇ ਇਹ ਮੰਦਭਾਗੀ ਘਟਨਾ ਵਾਪਰ ਗਈ।

ਪੰਥਕ ਵਿਦਵਾਨਾਂ ਦਾ ਮੰਨਣਾ ਹੈ ਕਿ ਭਾਵੇਂ ਇਹ ਹਮਲਾ ਗਲਤ ਹੈ ਪਰ ਇਹ ਘਟਨਾ ਸਿੱਖਾਂ ਦੀ ਵਾਹਿਦ ਧਾਰਮਿਕ ਸੰਸਥਾ ਸ਼੍ਰੋਮਣੀ ਕਮੇਟੀ ਨਾਲ ਸਿੱਖ ਨੌਜਵਾਨ ਵਰਗ ਦੀ ਨਾਰਾਜ਼ਗੀ ਦਾ ਨਤੀਜਾ ਹੈ ਤੇ ਇਸ ਤਰ੍ਹਾਂ ਦਾ ਹਮਲਾ ਜਦ ਉਚ ਸਿੱਖ ਸੰਸਥਾਵਾਂ 'ਤੇ ਹੁੰਦਾ ਹੈ ਤਾਂ ਸਾਰੀ ਕੌਮ ਨੂੰ ਦਰਦ ਹੁੰਦਾ ਹੈ।

ਜਥੇਦਾਰ ਪਰਮਿੰਦਰ ਪਾਲ ਸਿੰਘ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਜਾਪਦਾ ਕਿ ਸਿੱਖ ਨੌਜਵਾਨ ਭਗਵਿਆਂ ਤੇ ਬਾਦਲਕਿਆਂ ਦੇ ਹਮਾਇਤੀ ਸਿੱਖਾਂ ਨੂੰ ਪੰਥਕ ਸਟੇਜਾਂ ਉਪਰ ਦੇਖਣ ਨੂੰ ਰਾਜੀ ਨਹੀਂ ਹਨ। ਬੀਤੇ ਦਿਨੀਂ ਬਾਦਲ ਦਲ ਦੇ ਵਿਰੋਧੀ ਤੇ ਭਾਜਪਾ ਦੇ ਹਮਾਇਤੀ ਸਮਝੇ ਜਾਂਦੇ ਬਾਬਾ ਬਲਜੀਤ ਸਿੰਘ ਦਾਦੂਵਾਲ ਜਿਹੇ ਆਗੂਆਂ ਨੂੰ ਵੀ ਤਿੱਖੇ ਸਵਾਲ ਕੀਤੇ ਸਨ ਤੇ ਰਾਧਾ ਸਵਾਮੀ ਗੁਰੂ ਡੰਮ ਦਾ ਹਮਾਇਤੀ ਦੱਸਿਆ ਸੀ। ਪਰ ਬਾਬਾ ਬਲਜੀਤ ਸਿੰਘ ਦਾਦੂਵਾਲ ਸਿੱਖ ਨੌਜਵਾਨਾਂ ਦੇ ਸੁਆਲਾਂ ਦੇ ਜਵਾਬ ਨਹੀਂ ਸਨ ਦੇ ਸਕੇ।

ਵਿਦਵਾਨ ਬਲਜਿੰਦਰ ਸਿੰਘ ਦਾ ਕਹਿਣਾ ਹੈ ਕਿ ਜਦੋਂ ਸ਼੍ਰੋਮਣੀ ਕਮੇਟੀ ਤੇ ਕੌਮੀ ਇਨਸਾਫ਼ ਮੋਰਚਾ ਦੇ ਮੰਤਵ ਇੱਕੋ ਜਿਹੇ ਹਨ ਤਦ ਇਹ ਹਮਲਾ ਨਹੀਂ ਹੋਣਾ ਚਾਹੀਦਾ ਸੀ। ਇਹ ਸਵਾਲ ਹੁਣ ਸਾਧਾਰਨ ਸਿੱਖਾਂ ਨੂੰ ਪ੍ਰੇਸ਼ਾਨ ਕਰ ਰਿਹਾ ਹੈ, ਜੇਕਰ ਪੰਥ ਵਿਚ ਅਜਿਹੀਆਂ ਘਟਨਾਵਾਂ ਵਾਪਰਨਗੀਆਂ ਮੋਰਚਾ ਕਿਵੇਂ ਜਿੱਤਿਆ ਜਾਵੇਗਾ ?

ਇੱਥੇ ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਨੇ ਬਹੁਤ ਵਾਰ ਬੰਦੀ ਸਿੱਖਾਂ ਦੀ ਰਿਹਾਈ ਦਾ ਮੁੱਦਾ ਚੁੱਕਿਆ ਹੈ ਅਤੇ ਐਡਵੋਕੇਟ ਧਾਮੀ ਨੇ ਤਾਂ ਇਸ ਮਾਮਲੇ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਮਿਲਣ ਦਾ ਸਮਾਂ ਮੰਗਿਆ ਸੀ ਪਰ ਮੋਦੀ ਨੇ ਹਾਲੇ ਤੱਕ ਸਮਾਂ ਨਹੀਂ ਦਿਤਾ। ਮੋਰਚਾ ਪ੍ਰਬੰਧਕਾਂ ਵਲੋਂ ਗੁਰਦੀਪ ਸਿੰਘ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਾਪਤਾ 323 ਸਰੂਪਾਂ ਦੇ ਵਿਵਾਦ ਵਿਚ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ। ਹਾਲੇ ਤੱਕ ਗੁਆਚੇ ਸਰੂਪਾਂ ਦਾ ਜਵਾਬ ਪੰਥ ਨੂੰ ਨਹੀਂ ਦਿੱਤਾ ਗਿਆ। ਸੰਗਤ ਵਿਚ ਸ਼੍ਰੋਮਣੀ ਕਮੇਟੀ ਬਾਰੇ ਨਾਰਾਜ਼ਗੀ ਪਾਈ ਜਾ ਰਹੀ ਹੈ। ਅਸੀਂ ਮੋਰਚੇ ਵਿਚ ਧਾਮੀ ਨੂੰ ਨਹੀਂ ਸੱਦਿਆ ਸੀ। ਪਰ ਉਨ੍ਹਾਂ ਕੋਲੋਂ 323 ਸਰੂਪਾਂ ਬਾਰੇ ਜਾਣਕਾਰੀ ਮੰਗੀ ਸੀ, ਜਿਸ ਲਈ ਸ਼੍ਰੋਮਣੀ ਕਮੇਟੀ ਦੋਸ਼ੀ ਹੈ। ਪਰ ਉਹ ਹਾਲੇ ਤੱਕ ਇਸ ਮਾਮਲੇ ਬਾਰੇ ਜੁਆਬ ਨਹੀਂ ਦੇ ਸਕੇ। ਅਸੀਂ ਇਸ ਹਮਲੇ ਦੇ ਹੱਕ ਵਿਚ ਨਹੀਂ ਹਾਂ। ਜਥੇਦਾਰ ਸੁਖਦੇਵ ਸਿੰਘ ਭੌਰ ਸਾਬਕਾ ਜਨਰਲ ਸਕੱਤਰ ਵਲੋਂ ਇਸ ਹਮਲੇ ਬਾਰੇ ਦਿਲਚਸਪ ਟਿਪਣੀ ਕੀਤੀ ਹੈ ਕਿ ਬਾਦਲ, ਪਹਿਲਾਂ ਪੰਥ ਦੀ ਨਬਜ ਪਛਾਨਣ ਲਈ ਮਲੂਕੇ ਨੂੰ ਭੇਜਿਆ ਕਰਦੇ ਸਨ, ਹੁਣ ਧਾਮੀ ਨੂੰ ਭੇਜਿਆ ਜਾਣਾ ਸ਼ੁਰੂ ਹੋ ਗਿਆ ਹੈ । ਖਾਣ ਪੀਣ ਨੂੰ ਬਾਂਦਰੀ ਛਿੱਤਰ ਖਾਣ ਨੂੰ ਰਿੱਛ।' ਜਥੇਦਾਰ ਭੌਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਭਾਵੇਂ ਇਸ ਧਾਮੀ ਉਪਰ ਹਮਲੇ ਨੂੰ ਪ੍ਰਸ਼ਾਸਨਿਕ ਨਾਕਾਮੀ ਵੀ ਕਰਾਰ ਦਿੱਤਾ ਹੈ ਪਰ ਜੇ ਪਿਛਲੇ ਵਰ੍ਹੇ ਦੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਤੇ ਝਾਤ ਪਾਉਂਦਿਆਂ ਉਸ ਦੇ ਨਤੀਜਿਆਂ ਦਾ ਮੁਲਾਂਕਣ ਕੀਤਾ ਜਾਵੇ ਤਾਂ ਅਕਾਲੀ ਦਲ ਪ੍ਰਤੀ ਸੰਗਤ ਰੋਹ ਦੇ ਸਾਰੇ ਕਾਰਨ ਸਮਝ ਆ ਜਾਣਗੇ। ਪੰਜਾਬ ਵਿਚ ਅਨੇਕ ਵਾਰ ਸਰਕਾਰ ਬਣਾ ਚੁੱਕੇ ਤੇ ਕਈ ਵਾਰ ਆਪਣੇ ਦਮ 'ਤੇ ਬਹੁਮਤ ਹਾਸਲ ਕਰ ਚੁੱਕਿਆ ਸ਼੍ਰੋਮਣੀ ਅਕਾਲੀ ਦਲ ਆਖ਼ਰ ਇਸ ਵਾਰ ਸਿਰਫ਼ ਤਿੰਨ ਸੀਟਾਂ ਤਕ ਹੀ ਸੁੰਗੜ ਕੇ ਰਹਿ ਗਿਆ ਹੈ। ਸਾਲ 2015 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਿਨਾਉਣੀ ਘਟਨਾ ਨੂੰ ਹੁਣ ਕਾਫੀ ਸਮਾਂ ਹੋ ਗਿਆ ਹੈ। ਬੇਅਦਬੀ ਕਾਂਡ ਵੇਲੇ ਅਕਾਲੀ ਦਲ ਦੀ ਹੀ ਸਰਕਾਰ ਸੀ। ਇਸ ਦੇ ਨਾਲ ਹੀ ਡੇਰਾ ਸੱਚਾ ਸੌਦਾ, ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣ ਵਿਚ ਮੁੱਖ ਭੂਮਿਕਾ ਨਿਭਾਉਣ ਜਿਹੀਆਂ ਘਟਨਾਵਾਂ ਵਾਪਰਨ ਕਾਰਨ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਹੁਣ ਅਜਿਹੇ ਦਿਨ ਵੇਖਣੇ ਪੈ ਰਹੇ ਹਨ। ਉਹ ਰੋਹ ਤੇ ਰੋਸ ਹਾਲੇ ਸੰਗਤ ਦੇ ਮਨਾਂ ਵਿਚੋਂ ਨਿਕਲਿਆ ਨਹੀਂ ਹੈ। ਉਨ੍ਹਾਂ ਨੇ ਚੋਣਾਂ ਵਿਚ ਅਕਾਲੀ ਦਲ ਨੂੰ ਸ਼ੀਸ਼ਾ ਵੀ ਵਿਖਾਇਆ ਤੇ ਸਜ਼ਾ ਵੀ ਦੇ ਦਿੱਤੀ। ਬਾਦਲ ਪਰਿਵਾਰ ਦੀ ਅਗਵਾਈ ਵਿਚ ਅਕਾਲੀ ਦਲ ਦਾ ਪੰਥਕ ਸਮਰਥਨ ਪ੍ਰਾਪਤ ਕਰਨਾ ਅਸੰਭਵ ਹੈ।ਭੌਰ ਦਾ ਕਹਿਣਾ ਹੈ ਕਿ ਜੇ ਅਸਲ ਵਿਚ ਸਿੱਖ ਮਸਲਿਆਂ ਦੀ ਪੈਰਵੀ ਸ਼੍ਰੋਮਣੀ ਕਮੇਟੀ ਦਾ ਟੀਚਾ ਹੁੰਦਾ ਤਾਂ ਪਹਿਲਾਂ ਤਾਂ ਉਹ ਪੀ.ਟੀ.ਸੀ. ਤੇ ਗੁਰਬਾਣੀ ਪ੍ਰਸਾਰਣ ਦਾ ਏਕਾਧਿਕਾਰ ਖ਼ਤਮ ਕਰਦੇ ਤੇ ਫਿਰ ਸੱਚ ਸਾਹਮਣੇ ਲਿਆਉਂਦੇ ਕਿ ਹੱਥ ਲਿਖਤ ਗ੍ਰੰਥਾਂ ਨੂੰ ਕਿਸ ਨੇ ਚੋਰੀ ਕੀਤਾ, 323 ਸਰੂਪਾਂ ਬਾਰੇ ਜਾਂਚ ਪੂਰੀ ਕਰਦੇ ਅਤੇ ਸੌਦਾ ਸਾਧ ਦੀ ਮਾਫ਼ੀ ਤੋਂ ਲੈ ਕੇ ਬਰਗਾੜੀ ਵਿਚ ਦੋ ਨਿਹੱਥੇ ਸਿੰਘਾਂ ਦੀ ਮੌਤ ਬਾਰੇ ਫ਼ਤਵੇ ਨੂੰ ਲੈ ਕੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਗੱਲ ਕਰਦੇ। ਪਰ ਉਨ੍ਹਾਂ ਆਪਣੇ ਕਿਰਦਾਰ ਨੂੰ ਸਿਆਸੀ ਪਾਰਟੀ ਦੀ ਕਿਸਮਤ ਨਾਲ ਜੋੜ ਕੇ ਸਿੱਖ ਸੰਸਥਾਵਾਂ ਤੇ ਪੜ੍ਹੇ ਲਿਖੇ ਸਿਆਣੇ ਵਰਗ ਨੂੰ ਆਪਣੇ ਤੋਂ ਦੂਰ ਕਰਨ ਦੀ ਵੱਡੀ ਗ਼ਲਤੀ ਕੀਤੀ ਹੈ। ਫਿਰ ਵੀ ਮੋਰਚੇ ਵਿਚ ਜੋ ਧਾਮੀ ਨਾਲ ਵਾਪਰਿਆ ਉਹ ਠੀਕ ਨਹੀਂ ਸੀ।

ਪ੍ਰਸਿੱਧ ਬੁੱਧੀਜੀਵੀ ਗੁਰਬਚਨ ਸਿੰਘ ਦਾ ਕਹਿਣਾ ਹੈ ਕਿ ਇਸ ਹਮਲੇ ਦਾ ਅਰਥ ਇਹੀ ਹੈ ਕਿ ਸੰਗਤ ਵਿਚ ਬਾਦਲਕਿਆਂ ਪ੍ਰਤੀ ਬਹੁਤ ਰੋਸ ਹੈ। ਸ਼੍ਰੋਮਣੀ ਅਕਾਲੀ ਦਲ ਸਿੱਖ ਪੰਥ ਦਾ ਵਿਸ਼ਵਾਸ ਗੁਆ ਬੈਠਾ। ਜੇਕਰ ਲੋਕ ਸਭਾ ਚੋਣਾਂ ਦੀ ਗੱਲ ਕਰੀਏ ਤਾਂ 2014 ਦੀਆਂ ਲੋਕ ਸਭਾ ਚੋਣਾਂ ਵਿਚ ਵੀ ਅਕਾਲੀ ਦਲ ਨੂੰ ਵਧੇਰੇ ਸਫਲਤਾ ਹਾਸਲ ਨਹੀਂ ਹੋਈ। ਇਸ ਨੇ ਸਿਰਫ਼ 4 ਸੀਟਾਂ ਜਿੱਤੀਆਂ ਸਨ ਅਤੇ 2019 ਦੀਆਂ ਲੋਕ ਸਭਾ ਚੋਣਾਂ ਵਿਚ ਵੀ ਅਕਾਲੀ ਦਲ ਦੀ ਸਥਿਤੀ ਮਾੜੀ ਰਹੀ ਅਤੇ ਇਹ ਦੋ ਸੀਟਾਂ ਹੀ ਜਿੱਤ ਸਕਿਆ। 2022 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਵੀ ਅਕਾਲੀ ਦਲ ਨੂੰ ਨਮੋਸ਼ੀਜਨਕ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਇਹ ਸਿਰਫ਼ 3 ਸੀਟਾਂ ਹੀ ਜਿੱਤ ਸਕਿਆ।

ਉਨ੍ਹਾਂ ਕਿਹਾ ਕਿ ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸਥਿਤੀ ਬੇਹੱਦ ਕਮਜ਼ੋਰ ਨਜ਼ਰ ਆ ਰਹੀ ਹੈ। ਰਾਜ ਵਿਚ ਉਸ ਦੀ ਦੂਜੇ ਨੰਬਰ ਦੀ ਭਾਈਵਾਲ ਰਹੀ ਭਾਰਤੀ ਜਨਤਾ ਪਾਰਟੀ ਗੱਜ-ਵੱਜ ਕੇ ਇਹ ਐਲਾਨ ਕਰ ਰਹੀ ਹੈ ਕਿ ਭਵਿੱਖ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਲ ਉਹ ਕਈ ਵੀ ਗੱਠਜੋੜ ਨਹੀਂ ਕਰੇਗੀ। ਇਸ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ (ਬਾਦਲ) ਦਾ ਇਹ ਯਤਨ ਹੈ ਕਿ ਕਿਸੇ ਨਾ ਕਿਸੇ ਢੰਗ ਨਾਲ ਉਸ ਦਾ ਭਾਜਪਾ ਨਾਲ ਗੱਠਜੋੜ ਹੋ ਜਾਵੇ। ਦਿਲਚਸਪ ਗੱਲ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਵਿਰੋਧੀ ਅਕਾਲੀ ਦਲ ਜਿਹੜੇ ਕਿ ਉਸ 'ਤੇ ਦੋਸ਼ ਲਾ ਰਹੇ ਹਨ ਕਿ ਉਸ ਨੇ ਪੰਥਕ ਏਜੰਡਾ ਛੱਡ ਦਿੱਤਾ ਹੈ, ਉਹ ਵੀ ਭਵਿੱਖ ਦੀ ਰਾਜਨੀਤੀ ਕਰਨ ਲਈ ਜਾਂ ਚੋਣ ਸਮਝੌਤਾ ਕਰਨ ਲਈ ਭਾਜਪਾ ਵੱਲ ਹੀ ਦੇਖ ਰਹੇ ਹਨ। ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਜੋ ਸ਼੍ਰੋਮਣੀ ਅਕਾਲੀ ਦਲ ਬਾਦਲ ਵਲੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਜਿੱਤੇ ਸਨ, ਨੇ ਬਗ਼ਾਵਤ ਕਰ ਕੇ ਆਪਣਾ ਵੱਖਰਾ ਸ਼੍ਰੋਮਣੀ ਅਕਾਲੀ ਦਲ (ਦਿੱਲੀ ਸਟੇਟ) ਬਣਾ ਲਿਆ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਨੇਤਾਵਾਂ ਨਾਲੋਂ ਆਪਣਾ ਨਾਤਾ ਤੋੜ ਲਿਆ ਹੈ, ਪਰ ਇਨ੍ਹਾਂ ਨੂੰ ਪਰਦੇ ਦੇ ਪਿੱਛੇ ਤੋਂ ਭਾਜਪਾ ਆਗੂ ਚਲਾਉਂਦੇ ਨਜ਼ਰ ਆ ਰਹੇ ਹਨ। ਇਸ ਦੇ ਪ੍ਰਤੀਕਰਮ ਵਜੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਆਪਣੇ ਵਿਰੋਧੀ ਰਹੇ ਸਰਨਾ ਭਰਾਵਾਂ ਨੂੰ ਆਪਣੇ ਦਿੱਲੀ ਯੂਨਿਟ ਦੀ ਅਗਵਾਈ ਸੌਂਪ ਦਿੱਤੀ। ਹਰਿਆਣਾ ਵਿਚ ਸੁਪਰੀਮ ਕੋਰਟ ਵਲੋਂ ਵੱਖਰੀ ਗੁਰਦੁਆਰਾ ਕਮੇਟੀ ਬਣਾਏ ਜਾਣ ਦੇ ਹੱਕ ਵਿਚ ਫ਼ੈਸਲਾ ਦੇਣ ਨਾਲ ਵੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਵੱਡੀ ਢਾਹ ਲੱਗੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਸਿੱਖਾਂ ਦੀ ਕੋਈ ਮਜਬੂਤ ਰਾਜਨੀਤਕ ਧਿਰ ਨਹੀਂ, ਜਿਸ ਕਾਰਨ ਸ਼੍ਰੋਮਣੀ ਅਕਾਲੀ ਦਲ ਦੇ ਵੱਖ-ਵੱਖ ਧੜਿਆਂ ਅਤੇ ਹੋਰ ਪੰਥਕ ਸੰਗਠਨਾਂ ਵਲੋਂ ਉਠਾਏ ਬੰਦੀ ਸਿੱਖ ਤੇ ਹੋਰ ਮੁੱਦਿਆਂ ਵੱਲ ਨਾ ਤਾਂ ਕੇਂਦਰੀ ਸਰਕਾਰ ਕੋਈ ਵਿਸ਼ੇਸ਼ ਧਿਆਨ ਦਿੰਦੀ ਹੈ ਤੇ ਨਾ ਹੀ ਪੰਜਾਬ ਸਰਕਾਰ ਕੋਈ ਪ੍ਰਵਾਹ ਕਰਦੀ ਹੈ। ਇਸ ਨੂੰ ਸਮੇਂ ਦੀ ਸਿਤਮਜ਼ਰੀਫੀ ਹੀ ਕਿਹਾ ਜਾ ਸਕਦਾ ਹੈ ਕਿ ਖਾੜਕੂਵਾਦ ਦੇ ਦੌਰ ਦੌਰਾਨ ਵੱਖ-ਵੱਖ ਕੇਸਾਂ ਵਿਚ ਅਦਾਲਤਾਂ ਵਲੋਂ ਦੋਸ਼ੀ ਕਰਾਰ ਦਿੱਤੇ ਗਏ ਅਤੇ ਹੁਣ ਤੱਕ ਆਪਣੀਆਂ ਸਾਰੀਆਂ ਸਜ਼ਾਵਾਂ ਭੁਗਤ ਚੁੱਕੇ ਬਹੁਤ ਸਾਰੇ ਸਿੱਖ ਕੈਦੀਆਂ ਨੂੰ ਵੀ ਸਰਕਾਰਾਂ ਵਲੋਂ ਰਿਹਾਅ ਨਹੀਂ ਕੀਤਾ ਜਾ ਰਿਹਾ। ਇਹ ਸਰਾਸਰ ਦੇਸ਼ ਦੀ ਨਿਆਂਇਕ ਵਿਵਸਥਾ ਦੀ ਉਲੰਘਣਾ ਹੈ। ਹੁਣ ਚੰਡੀਗੜ੍ਹ, ਮੁਹਾਲੀ ਸਰਹੱਦ 'ਤੇ ਕੁਝ ਹੋਰ ਪੰਥਕ ਸੰਗਠਨਾਂ ਨੇ ਵੀ ਇਸ ਸੰਬੰਧ ਵਿਚ ਪੱਕਾ ਧਰਨਾ ਲਗਾਇਆ ਹੋਇਆ ਹੈ। ਇਸ ਦੇ ਬਾਵਜੂਦ ਅਜੇ ਤੱਕ ਸਰਕਾਰਾਂ 'ਤੇ ਇਸ ਧਰਨੇ ਦਾ ਕੋਈ ਬਹੁਤਾ ਅਸਰ ਹੁੰਦਾ ਨਜ਼ਰ ਨਹੀਂ ਆ ਰਿਹਾ। ਲੋੜ ਇਸ ਗੱਲ ਦੀ ਹੈ ਕਿ ਸਿੱਖ ਆਪਣੀ ਮਜਬੂਤ ਸਿਆਸੀ ਧਿਰ ਸਿਰਜਣ।

ਦੂਜੇ ਪਾਸੇ ਬਾਪੂ ਗੁਰਚਰਨ ਸਿੰਘ ਤੇ ਭਾਈ ਜਸਵਿੰਦਰ ਸਿੰਘ ਨੇ ਕਿਹਾ ਕਿ ਜਦੋਂ ਤੱਕ ਬੰਦੀ ਸਿੰਘਾਂ ਦੀ ਰਿਹਾਈ ਤੇ ਬੇਅਦਬੀ ਮਾਮਲਿਆਂ ਦੇ ਮੁਲਜ਼ਮਾਂ ਨੂੰ ਸਜ਼ਾਵਾਂ ਨਹੀਂ ਮਿਲਦੀਆਂ, ਉਦੋਂ ਤੱਕ ਪੱਕਾ ਮੋਰਚਾ ਜਾਰੀ ਰਹੇਗਾ। ਇਹ ਵੀ ਫ਼ੈਸਲਾ ਲਿਆ ਗਿਆ ਕਿ ਭਵਿੱਖ ਵਿੱਚ ਪੱਕੇ ਮੋਰਚੇ ਦੇ ਮੰਚ ਤੋਂ ਕਿਸੇ ਵੀ ਵਿਵਾਦਤ ਤੇ ਸਿਆਸੀ ਆਗੂ ਨੂੰ ਬੋਲਣ ਨਹੀਂ ਦਿੱਤਾ ਜਾਵੇਗਾ। ਬੁਲਾਰਿਆਂ ਨੇ ਕਿਹਾ ਕਿ ਉਨ੍ਹਾਂ ਦਾ ਕਿਸੇ ਵੀ ਧਰਮ ਜਾਂ ਫ਼ਿਰਕੇ ਨਾਲ ਕੋਈ ਨਿੱਜੀ ਵਿਰੋਧ ਨਹੀਂ ਹੈ, ਉਹ ਸਾਰੇ ਧਰਮਾਂ ਦਾ ਪੂਰਾ ਸਤਿਕਾਰ ਕਰਦੇ ਹਨ। ਧਾਮੀ ਉਪਰ ਹਮਲੇ ਦੀ ਘਟਨਾ ਤੋਂ ਬਾਅਦ ਕੇਂਦਰ ਅਤੇ ਪੰਜਾਬ ਦੀਆਂ ਖ਼ੁਫ਼ੀਆ ਏਜੰਸੀਆਂ ਵੱਲੋਂ ਪ੍ਰਦਰਸ਼ਨਕਾਰੀ ਸਿੱਖਾਂ ਦੀਆਂ ਗਤੀਵਿਧੀਆਂ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ।

ਨਿਰਸੰਦੇਹ ਬਾਦਲ ਦਲ ਲਈ ਸਿੱਖ ਸਫਾਂ ਵਿੱਚ ਵਿਸ਼ਵਾਸ਼ ਦਾ ਸੰਕਟ ਬਣਿਆ ਹੋਇਆ ਹੈ। ਕੋਈ ਵੀ ਸੱਚਾ ਸਿੱਖ਼ ਉਨ੍ਹਾਂ 'ਤੇ ਵਿਸ਼ਵਾਸ਼ ਕਰਨ ਨੂੰ ਰਾਜ਼ੀ ਨਹੀਂ ਹੈ। ਸੱਚ ਇਹ ਵੀ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਇਸ ਮਸਲੇ ਨੂੰ ਉਸ ਸਮੇਂ ਹੀ ਉਭਾਰਦਾ ਹੈ ਜਦ ਉਹ 'ਸੱਤਾ' ਤੋਂ ਬਾਹਰ ਹੁੰਦਾ ਹੈ। ਇਹ ਤੱਥ ਹੈ ਕਿ ਸਜ਼ਾ ਮੁਆਫੀ ਦਾ ਮਾਮਲਾ ਕਾਫੀ ਹੱਦ ਤੱਕ ਸੂਬਾ ਸਰਕਾਰ ਦੇ ਹੱਥ ਹੁੰਦਾ ਹੈ। ਜਦ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਦੀ ਸਰਕਾਰ ਸੀ ਤੇ ਕੇਂਦਰ ਵਿਚ ਵੀ ਭਾਜਪਾ ਦੀ ਸਰਕਾਰ ਸੀ, ਉਸ ਸਮੇਂ ਸੂਬਾ ਸਰਕਾਰ ਚਾਹੁੰਦੀ ਤਾਂ ਬੰਦੀ ਸਿੱਖਾਂ ਦੀ ਰਿਹਾਈ ਦੇ ਮਾਮਲੇ ਵਿਚ ਕੋਈ ਠੋਸ ਕਦਮ ਉਠਾ ਸਕਦੀ ਸੀ ਪਰ ਇਹ ਸੱਚ ਹੈ ਕਿ ਬਾਦਲ ਪਰਿਵਾਰ ਸਮੇਤ ਅਕਾਲੀ ਆਗੂਆਂ ਨੇ ਉਸ ਸਮੇਂ ਬੰਦੀ ਸਿੱਖਾਂ ਦੀ ਰਿਹਾਈ ਦਾ ਮਸਲਾ ਗੰਭੀਰਤਾ ਨਾਲ ਨਹੀਂ ਉਠਾਇਆ ਅਤੇ ਹੁਣ ਆਪਣੀ ਸਿਆਸੀ ਜ਼ਮੀਨ ਬਚਾਉਣ ਖਾਤਰ ਅਕਾਲੀ ਦਲ ਇਹ ਮਸਲਾ ਉਠਾ ਰਿਹਾ ਹੈ।

ਸੰਵਿਧਾਨਕ ਅਤੇ ਮਨੁੱਖੀ ਆਧਾਰ 'ਤੇ ਮੋਦੀ ਸਰਕਾਰ ਨੂੰ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਨੂੰ ਤੁਰੰਤ ਰਿਹਾਅ ਕਰੇ ਪਰ ਭਾਰਤ ਵਿਚ ਸਾਰੇ ਕੈਦੀਆਂ ਲਈ ਬਰਾਬਰ ਮਾਪਦੰਡ ਨਜ਼ਰ ਨਹੀਂ ਆ ਰਹੇ। ਇੱਕ ਪਾਸੇ ਤਾਂ ਰਸੂਖਵਾਨ ਸੌਦਾ ਸਾਧ ਵਰਗਿਆਂ ਨੂੰ ਸਜ਼ਾ ਪੂਰੀ ਕਰਨ ਤੋਂ ਪਹਿਲਾਂ ਹੀ ਘੜੀ ਮੁੜੀ ਪੈਰੋਲ ਦਿੱਤੀ ਜਾਂਦੀ ਹੈ। ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀ ਰਿਹਾਅ ਕੀਤੇ ਜਾਂਦੇ ਹਨ ਪਰ ਦੂਜੇ ਪਾਸੇ ਧਾਰਮਿਕ ਘੱਟਗਿਣਤੀਆਂ, ਦਲਿਤਾਂ, ਆਦਿਵਾਸੀਆਂ, ਇਨਕਲਾਬੀ ਜਮਹੂਰੀ ਕਾਰਕੁਨਾ ਨੂੰ ਸਜ਼ਾ ਪੂਰੀ ਹੋਣ ਦੇ ਬਾਵਜੂਦ ਜੇਲ੍ਹਾਂ ਵਿਚੋਂ ਰਿਹਾਅ ਨਹੀਂ ਕੀਤਾ ਜਾ ਰਿਹਾ। ਗੁਜਰਾਤ ਸਰਕਾਰ ਨੇ 15 ਅਗਸਤ ਮੌਕੇ ਬਿਲਕੀਸ ਬਾਨੋ ਸਮੂਹਿਕ ਬਲਾਤਕਾਰ ਕੇਸ ਦੇ ਸਾਰੇ ਦੋਸ਼ੀਆਂ ਦੀ ਸਜ਼ਾ ਮੁਆਫ ਕਰਕੇ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਹੈ। ਚਰਚਿਤ ਪੁਲਿਸ ਕੈਟ ਪਿੰਕੀ ਦੀ ਉਮਰ ਕੈਦ ਦੀ ਸਜ਼ਾ ਸਰਕਾਰ ਦੀ ਸਿਫਾਰਸ਼ 'ਤੇ ਰਾਜਪਾਲ ਨੇ ਮੁਆਫ ਕਰ ਦਿੱਤੀ ਸੀ ਅਤੇ ਉਸ ਨੂੰ ਸਿਰਫ 7 ਸਾਲ 7 ਮਹੀਨੇ ਅਤੇ 14 ਦਿਨ ਦੀ ਕੈਦ ਹੀ ਕੱਟਣੀ ਪਈ ਸੀ।

# ਠੰਢ ਖ਼ਤਮ ਹੋਣ ਤੋਂ ਬਾਅਦ ਪੁਤਿਨ ਦੀ ਯੋਜਨਾ ਨਵੇਂ ਸਿਰੇ ਤੋਂ ਹਮਲੇ ਲਈ ਫ਼ੌਜ ਨੂੰ ਤਿਆਰ ਕਰਨ ਦੀ

**➢ ਕੀ ਯੁਕਰੇਨ-ਰੂਸ ਜੰਗ 2024 ਤੱਕ ਵੀ ਚੱਲੇਗੀ ? ➢ ਵਿਸ਼ਵ ਮਾਹਿਰਾਂ ਦਾ ਕਹਿਣਾ ਏ ਜੰਗ ਦਾ ਕੋਈ ਅੰਤ ਨਹੀਂ ➢ 'ਦਿ ਸਨ' ਦੀ ਰਿਪੋਰਟ ਵਿੱਚ ਦਾਅਵਾ ਕਿ ਇਸ ਜੰਗ ਵਿੱਚ 1 ਲੱਖ ਤੋਂ ਵੱਧ ਰੂਸੀ ਫ਼ੌਜੀ ਮਾਰੇ ਗਏ ➢ ਸੀ.ਐਨ.ਐਨ. ਦੀ ਰਿਪੋਟ ਮੁਤਾਬਕ ਅਮਰੀਕਾ, ਯੂਰਪ ਅਤੇ ਸਹਿਯੋਗੀ ਦੇਸ਼ਾਂ ਲਈ ਇੱਕ ਟੈਸਟਿੰਗ ਲੈਬ ਬਣਿਆ ਯੂਕਰੇਨ ➢ ਨਿਊਯਾਰਕ ਟਾਈਮਜ਼ ਦੀ ਰਿਪੋਰਟ ਅਨੁਸਾਰ ਰੂਸ ਨੇ ਮਾਰੂ ਮਿਜ਼ਾਈਲਾਂ ਨਾਲ ਯੂਕਰੇਨ ਦੀ ਵਿਰਾਸਤ ਨੂੰ ਕੀਤਾ ਤਬਾਹ**

ਪ੍ਰੋ. ਬਲਵਿੰਦਰ ਪਾਲ ਸਿੰਘ
9815700916





ਬ੍ਰਿਟੇਨ ਦੇ ਐਕਸੇਟਰ ਵਿੱਚ ਸਟ੍ਰੇਟੇਜਿਕ ਸਟੱਡੀਜ਼ ਦੇ ਅਸੋਸੀਏਟ ਡਾਇਰੈਕਟਰ ਮਾਇਕਲ ਕਲਾਰਕ ਅਨੁਸਾਰ ਠੰਢ ਦਾ ਮੌਸਮ ਉਨ੍ਹਾਂ ਸਭ ਲਈ ਸਰਾਪ ਸਾਬਤ ਹੋਇਆ ਜਿਨ੍ਹਾਂ ਨੇ ਬਰਫੀਲੇ ਇਲਾਕਿਆਂ ਵਿਚ ਜਾਕੇ ਠੰਡ ਦੇ ਮੌਸਮ ਦੌਰਾਨ ਕਿਸੇ ਵੀ ਦੂਜੇ ਦੇਸ਼ ਉੱਤੇ ਹਮਲੇ ਦੀ ਕੋਸ਼ਿਸ਼ ਕੀਤੀ। ਨੇਪੋਲੀਅਨ ਤੋਂ ਲੈ ਕੇ ਹਿਟਲਰ ਨੇ ਅਜਿਹੀ ਕੋਸ਼ਿਸ਼ ਕੀਤੀ ਜਿਸ ਦਾ ਉਨ੍ਹਾਂ ਨੂੰ ਨੁਕਸਾਨ ਉਠਾਉਣਾ ਪਿਆ। ਹੁਣ ਵਲਾਦੀਮੀਰ ਪੁਤਿਨ ਮੈਦਾਨ-ਏ-ਜੰਗ ਵਿੱਚ ਆਪਣੇ ਫੌਜੀਆਂ ਨੂੰ ਅੱਗੇ ਨਹੀਂ ਵਧਾ ਰਹੇ, ਕਿਉਂਕਿ ਇਸ ਦੀ ਵਜ੍ਹਾ ਇਹ ਬਰਫੀਲੀ ਠੰਢ ਹੀ ਹੈ। ਪੁਤਿਨ ਦੀ ਯੋਜਨਾ ਠੰਢ ਖ਼ਤਮ ਹੋਣ ਤੋਂ ਬਾਅਦ ਨਵੇਂ ਸਿਰੇ ਤੋਂ ਹਮਲੇ ਲਈ ਫੌਜ ਨੂੰ ਤਿਆਰ ਕਰਨ ਦੀ ਹੈ। ਜੰਗ ਦੀ ਪੂਰੀ ਦਸ਼ਾ ਅਤੇ ਦਿਸ਼ਾ ਠੰਢ ਤੋਂ ਬਾਅਦ ਰੂਸ ਵੱਲੋਂ ਹੋਣ ਵਾਲੇ ਹਮਲਿਆਂ ਉੱਤੇ ਨਿਰਭਰ ਕਰੇਗੀ। ਕੁਝ ਦਿਨ ਪਹਿਲਾਂ ਹੀ ਰਾਸ਼ਟਰਪਤੀ ਪੁਤਿਨ ਇਹ ਕਹਿ ਚੁੱਕੇ ਹਨ ਉਨ੍ਹਾਂ ਦੇ 50 ਹਜ਼ਾਰ ਤੋਂ ਜ਼ਿਆਦਾ ਫੌਜੀ ਵਾਰ ਫਰੰਟ ਉੱਤੇ ਤਾਇਨਾਤ ਹਨ, ਜਦਕਿ ਢਾਈ ਲੱਖ ਫੌਜੀਆਂ ਨੂੰ ਅਗਲੇ ਸਾਲ ਹਮਲੇ ਲਈ ਤਿਆਰ ਕੀਤਾ ਜਾ ਰਿਹਾ ਹੈ। ਇਸ ਲਈ ਜਦੋਂ ਤੱਕ ਰੂਸ ਦੇ ਇਨ੍ਹਾਂ ਨਵੇਂ ਫੌਜੀਆਂ ਦੀ ਤਾਇਨਾਤੀ ਨੂੰ ਲੈ ਕੇ ਹਾਲਾਤ ਸਾਫ਼ ਨਹੀਂ ਹੋ ਜਾਂਦੇ ਉਦੋਂ ਤੱਕ ਜੰਗ ਤੋਂ ਇਲਾਵਾ ਕਿਸੇ ਹੋਰ ਸਥਿਤੀ ਦੀ ਗੁੰਜਾਇਸ਼ ਬਣਦੀ ਨਹੀਂ ਦਿਖ ਰਹੀ। ਇਸ ਲਈ ਥੋੜ੍ਹੀ ਦੇਰ ਲਈ ਯੁੱਧ ਭਿਅੰਕਰ ਰੂਪ ਨਹੀਂ ਧਾਰ ਰਿਹਾ ਪਰ ਇਹ ਸਥਿਤੀ ਲੰਬੇ ਸਮੇਂ ਤੱਕ ਰਹਿਣ ਵਾਲੀ ਨਹੀਂ ਹੈ।ਪੁਤਿਨ ਇਹ ਸਾਫ਼ ਕਰ ਚੁੱਕੇ ਹਨ ਕਿ ਜਿੱਤ ਤੋਂ ਘੱਟ ਉਨ੍ਹਾਂ ਨੂੰ ਕੁਝ ਵੀ ਮਨਜ਼ੂਰ ਨਹੀਂ ਹੈ ਅਤੇ ਦੂਸਰੇ ਪਾਸੇ ਯੂਕਰੇਨ ਇਸ ਗੱਲ ਦਾ ਐਲਾਨ ਕਰ ਚੁੱਕਾ ਹੈ ਕਿ ਉਸ ਦੇ ਫੌਜੀ ਆਖਰੀ ਸਾਹ ਤੱਕ ਪਿੱਛੇ ਨਹੀਂ ਹਟਣਗੇ।

ਦੱਸਿਆ ਜਾ ਰਿਹਾ ਹੈ ਕਿ ਸਰਦੀਆਂ ਤੋਂ ਬਾਅਦ ਲਗਭਗ 7 ਲੱਖ ਫੌਜੀ ਯੂਕਰੇਨ 'ਤੇ ਹਮਲਾ ਕਰਨ ਜਾ ਰਹੇ ਹਨ। ਦਿ ਸਨ ਦੀ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਸ ਲੜਾਈ ਵਿੱਚ 1 ਲੱਖ ਤੋਂ ਵੱਧ ਰੂਸੀ ਸੈਨਿਕ ਮਾਰੇ ਗਏ ਹਨ। ਯੂਕਰੇਨ ਦੀ ਫੌਜ ਪੱਛਮੀ ਦੇਸ਼ਾਂ ਦੇ ਹਥਿਆਰਾਂ ਦੇ ਜ਼ੋਰ 'ਤੇ ਰੂਸ 'ਤੇ ਲਗਾਤਾਰ ਹਮਲੇ ਕਰ ਰਹੀ ਹੈ। ਇੰਨੇ ਨੁਕਸਾਨ ਤੋਂ ਬਾਅਦ ਵੀ ਪੁਤਿਨ ਹਾਰ ਨਹੀਂ ਮੰਨ ਰਹੇ ਹਨ। ਰੂਸੀ ਫੌਜ ਵਿੱਚ 10 ਲੱਖ ਫੌਜੀ ਹਨ ਅਤੇ 20 ਲੱਖ ਰਿਜ਼ਰਵ ਫੌਜੀਆਂ ਨੂੰ ਬੁਲਾਇਆ ਜਾ ਰਿਹਾ ਹੈ।

ਵਾਸ਼ਿੰਗਟਨ ਡੀਸੀ ਤੋਂ ਵਿਗਿਆਨੀ ਅਤੇ ਵਾਰ ਐਨਾਲਿਸਟ ਏਂਡ੍ਰੇਈ ਪਿਯੰਟਕੋਵਸਕੀ ਇਸ ਬਾਰੇ ਆਖਦੇ ਹਨ ਕਿ ਮੇਰੀ ਨਜ਼ਰ ਵਿੱਚ ਯੂਕਰੇਨ 2023 ਦੇ ਬਸੰਤ ਆਉਣ ਤੱਕ ਰੂਸ ਦੇ ਕਬਜ਼ੇ ਵਿੱਚ ਗਏ ਆਪਣੇ ਸਾਰੇ ਇਲਾਕੇ ਦੁਬਾਰਾ ਵਾਪਸ ਹਾਸਲ ਕਰ ਲਏਗਾ। ਇਸ ਨਤੀਜੇ ਉੱਤੇ ਪਹੁੰਚਣ ਦੇ ਦੋ ਕਾਰਨ ਬੇਹੱਦ ਸਾਫ਼ ਹਨ। ਇਸ ਵਿਚ ਸਭ ਤੋਂ ਪਹਿਲਾ ਅਤੇ ਅਹਿਮ ਕਾਰਨ ਹੈ ਯੂਕਰੇਨੀ ਫੌਜ ਦਾ ਹੌਸਲਾ ਅਤੇ ਦ੍ਰਿੜਤਾ ਅਤੇ ਇੱਕ ਦੇਸ਼ ਦੇ ਰੂਪ ਵਿੱਚ ਯੂਕਰੇਨ ਇੱਕ ਜੁੱਟ ਹੋ ਕੇ ਜੰਗ ਵਿੱਚ ਡਟੇ ਰਹਿਣਾ। ਅਜਿਹੀ ਮਿਸਾਲ ਜੰਗ ਦੇ ਪੂਰੇ ਆਧੁਨਿਕ ਇਤਿਹਾਸ ਵਿੱਚ ਪਹਿਲਾਂ ਕਦੇ ਨਹੀਂ ਦੇਖੀ ਗਈ।

ਦੂਜਾ ਕਾਰਨ ਹੈ ਪੱਛਮੀ ਦੇਸ਼ਾਂ ਨੂੰ ਹੋਇਆ ਜ਼ਬਰਦਸਤ ਅਹਿਸਾਸ। ਸਾਲਾਂ ਤੱਕ ਰੂਸੀ ਤਾਨਾਸ਼ਾਹ ਦੇ ਵਿਹਾਰ ਤੋਂ ਬਾਅਦ ਪੱਛਮੀ ਦੇਸਾਂ ਨੇ ਜਿਨ੍ਹਾਂ (ਬਾਕੀ ਸ਼ਫ਼ਾ 31 'ਤੇ)

## ਯੂਕਰੇਨ ਨੂੰ ਰੂਸ ਖ਼ਿਲਾਫ਼ ਜੰਗ ਵਿੱਚ ਮਦਦ ਦੀ ਲੋੜ : ਨਾਟੋ ਮੁਖੀ



ਨਾਟੋ ਦੇ ਸਕੱਤਰ ਜਨਰਲ ਜੀਨਸ ਸਟੋਲਟੇਨਬਰਗ ਨੇ ਕਿਹਾ ਕਿ ਯੂਕਰੇਨ ਦੀ ਹਮਾਇਤ ਕਰਨ ਵਾਲੇ ਦੇਸ਼ਾਂ ਨੂੰ ਨਾ ਸਿਰਫ ਕੀਵ ਨੂੰ ਨਵੇਂ ਹਥਿਆਰ ਭੇਜਣ 'ਤੇ ਧਿਆਨ ਦੇਣ ਦੀ ਲੋੜ ਹੈ, ਸਗੋਂ ਪੁਰਾਣੀ ਤਕਨੀਕ ਵਾਲੇ ਹਥਿਆਰਾਂ ਦੀ ਸਾਂਭ-ਸੰਭਾਲ ਵਿੱਚ ਮਦਦ ਕਰਨ ਦੀ ਲੋੜ ਹੈ। ਨਾਟੋ ਅਤੇ ਕਰੀਬ 50 ਦੇਸ਼ਾਂ ਦੇ ਰੱਖਿਆ ਨੇਤਾ ਇੱਥੇ ਰਾਮਸਟੇਨ ਏਅਰ ਬੇਸ 'ਤੇ ਮੀਟਿੰਗ ਕਰ ਰਹੇ ਸਨ। ਮੀਟਿੰਗ ਮਗਰੋਂ ਸਟੋਲਟੇਨਬਰਗ ਨੇ ਕਿਹਾ, 'ਸਾਨੂੰ ਇਹ ਵੀ ਯਾਦ ਰੱਖਣ ਦੀ ਲੋੜ ਹੈ ਕਿ ਅਸੀਂ ਸਿਰਫ਼ ਨਵੀਂ ਮੁਹਿੰਮ 'ਤੇ ਧਿਆਨ ਨਹੀਂ ਦੇਣਾ, ਸਗੋਂ ਇਹ ਵੀ ਯਕੀਨੀ ਬਣਾਉਣਾ ਹੈ ਕਿ ਉੱਥੇ ਪਹਿਲਾਂ ਤੋਂ ਚੱਲ ਰਹੀ ਮੁਹਿੰਮ ਜਾਰੀ ਰਹਿ ਸਕੇ।' ਉਨ੍ਹਾਂ ਕਿਹਾ, 'ਸਾਨੂੰ ਗੋਲਾ-ਬਾਰੂਦ ਦੀ ਲੋੜ ਹੈ। ਸਾਨੂੰ ਪੁਰਜ਼ਿਆਂ ਦੀ ਲੋੜ ਹੈ। ਸਾਨੂੰ ਮੁਰੰਮਤ ਅਤੇ ਸਿਖਲਾਈ ਦੀ ਵੀ ਲੋੜ ਹੈ।' ਸੰਯੁਕਤ ਰਾਸ਼ਟਰ ਨੇ ਬੀਤੇ ਦਿਨ ਯੂਕਰੇਨ ਨੂੰ 2.5 ਬਿਲੀਅਨ ਅਮਰੀਕੀ ਡਾਲਰ ਦੀ ਮਿਲਟਰੀ ਮਦਦ ਦੇਣ ਦਾ ਐਲਾਨ ਕੀਤਾ ਹੈ, ਜਿਸ ਵਿੱਚ ਫ਼ੌਜੀ ਵਾਹਨ ਅਤੇ ਗੋਲਾ-ਬਾਰੂਦ ਸ਼ਾਮਲ ਹਨ।

# ਅਮਰੀਕਾ ਵਿਚ ਆਰਥਿਕ ਮੰਦੀ ਦਾ ਹੋਣ ਲੱਗਾ ਅਸਰ

**➢ ਤਕਨੀਕੀ ਕੰਪਨੀਆਂ ਤੋਂ ਬਾਅਦ ਸ਼ੁਰੂ ਹੋਈ ਮੀਡੀਆ ਸੰਸਥਾਵਾਂ ਵਿਚ ਛਾਂਟੀ ➢ ਸੀ.ਐਨ.ਐਨ., ਵੌਕਸ ਅਤੇ ਵਾਸ਼ਿੰਗਟਨ ਪੋਸਟ ਸੰਸਥਾਵਾਂ ਵਲੋਂ ਵੀ ਛਾਂਟੀ ਦਾ ਐਲਾਨ ➢ ਮਾਈਕ੍ਰੋਸਾਫ਼ਟ ਇਸ ਸਾਲ ਆਪਣੇ 10,000 ਕਰਮਚਾਰੀਆਂ ਦੀ ਛਾਂਟੀ ਕਰੇਗੀ**




ਵਸ਼ਿੰਗਟਨ/ਏ.ਟੀ.ਨਿਊਜ਼ :- ਯੂਐਸ ਮੀਡੀਆ 2023 ਵਿੱਚ ਛਾਂਟੀ ਅਮਰੀਕਾ ਵਿੱਚ ਆਰਥਿਕ ਮੰਦੀ ਦੀ ਸੰਭਾਵਨਾ ਹੈ, ਜਿਸ ਕਾਰਨ ਕਈ ਵੱਡੀਆਂ ਕੰਪਨੀਆਂ ਛਾਂਟੀ ਕਰ ਰਹੀਆਂ ਹਨ। ਹੁਣ ਅਮਰੀਕੀ ਵੱਡੀਆਂ ਮੀਡੀਆ ਸੰਸਥਾਵਾਂ ਨੇ ਵੀ ਛਾਂਟੀ ਦਾ ਐਲਾਨ ਕੀਤਾ ਹੈ, ਜਿਸ ਵਿੱਚ ਸੀਐਨਐਨ, ਵੌਕਸ ਅਤੇ ਵਾਸ਼ਿੰਗਟਨ ਪੋਸਟ ਸ਼ਾਮਲ ਹਨ। ਇਕ ਮੀਡੀਆ ਰਿਪੋਰਟ ਮੁਤਾਬਕ ਵੌਕਸ ਮੀਡੀਆ, ਨਿਊਯਾਰਕ ਟਾਈਮਜ਼ ਮੈਗਜ਼ੀਨ ਅਤੇ ਆਨਲਾਈਨ ਪਲੇਟਫਾਰਮ ਨੇ ਲੰਘੇ ਸ਼ੁੱਕਰਵਾਰ ਨੂੰ ਆਪਣੇ ਕਰਮਚਾਰੀਆਂ ਦੀ ਸੱਤ ਫੀਸਦੀ ਦੀ ਕਟੌਤੀ ਦਾ ਐਲਾਨ ਕੀਤਾ। ਇਸ ਤੋਂ ਪਹਿਲਾਂ ਸੀਐਨਐਨ, ਐਨਬੀਸੀ, ਐਮ ਐਸ ਐਨਬੀਸੀ ਅਤੇ ਬਜਫੀਡ ਅਤੇ ਹੋਰ ਮੀਡੀਆ ਆਉਟਲੈਟਾਂ ਨੇ ਛਾਂਟੀ ਦਾ ਐਲਾਨ ਕੀਤਾ ਹੈ।

ਵੌਕਸ ਮੀਡੀਆ ਦੇ ਸੀਈਓ ਜਿਮ ਬੈਂਕੋਫ ਨੇ ਇੱਕ ਦਫਤਰ ਦੇ ਮੀਮੋ ਵਿੱਚ ਕਿਹਾ ਕਿ ਮੌਜੂਦਾ ਸਮੇਂ ਦੀਆਂ ਸਖ਼ਤ ਚੁਣੌਤੀਆਂ ਦੇ ਕਾਰਨ, ਕੰਪਨੀ ਨੇ ਸਾਰੇ ਵਿਭਾਗਾਂ ਵਿੱਚ ਕਰਮਚਾਰੀਆਂ ਦੀ ਗਿਣਤੀ 7 ਪ੍ਰਤੀਸ਼ਤ ਘਟਾਉਣ ਦਾ ਫੈਸਲਾ ਕੀਤਾ ਹੈ। ਵੌਕਸ ਇਸ ਸਮੇਂ ਲਗਭਗ 1,900 ਕਰਮਚਾਰੀ ਹਨ ਅਤੇ ਇਸ ਫੈਸਲੇ ਨਾਲ 130 ਕਰਮਚਾਰੀ ਪ੍ਰਭਾਵਿਤ ਹੋਣਗੇ। ਇਸ ਦੇ ਨਾਲ ਹੀ ਵੌਕਸ ਮੀਡੀਆ ਦੇ ਬੁਲਾਰੇ ਨੇ ਇਸ 'ਤੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ ਪਰ ਕਿਹਾ ਕਿ ਕੁਝ ਲੋਕਾਂ ਨੂੰ ਵਿਸ਼ੇਸ਼ ਪੈਕੇਜ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਵਿੱਚ ਉਨ੍ਹਾਂ ਲੋਕਾਂ ਦੇ ਨਾਮ ਵੀ ਸ਼ਾਮਲ ਹਨ ਜੋ ਮਾਪਿਆਂ ਦੀ ਛੁੱਟੀ ਲਈ ਛੁੱਟੀ ਦੀ ਮੰਗ ਕਰ ਰਹੇ ਹਨ।

ਇਸ ਦੇ ਨਾਲ ਹੀ ਇੱਕ ਹੋਰ ਵੱਡੀ ਮੀਡੀਆ ਸੰਸਥਾ ਸੀਐਨਐਨ ਨੇ ਵੀ ਕੁਝ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ। ਹਾਲਾਂਕਿ ਅਜੇ ਤੱਕ ਸਹੀ ਗਿਣਤੀ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ। ਇਸ ਦੇ ਨਾਲ ਹੀ ਐਨਬੀਸੀ ਅਤੇ ਐਮ ਐਸ ਐਨਬੀਸੀ ਤੋਂ ਕਈ ਪੱਤਰਕਾਰਾਂ ਦੀ ਛਾਂਟੀ ਦੀਆਂ ਖਬਰਾਂ ਹਨ।

ਦੁਨੀਆ ਦੀਆਂ ਸਭ ਤੋਂ ਵੱਡੀਆਂ ਤਕਨੀਕੀ ਕੰਪਨੀਆਂ ਵਿੱਚੋਂ ਇੱਕ ਮਾਈਕ੍ਰੋਸਾਫਟ ਵੱਲੋਂ ਕਰਮਚਾਰੀਆਂ ਦੀ ਛਾਂਟੀ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ। ਮਿਲੀ ਜਾਣਕਾਰੀ ਦੇ ਮੁਤਾਬਕ ਮਾਈਕ੍ਰੋਸਾਫਟ ਇਸ ਸਾਲ ਆਪਣੇ 10,000 ਕਰਮਚਾਰੀਆਂ ਦੀ ਛਾਂਟੀ ਕਰ ਦੇਵੇਗੀ। ਕੰਪਨੀ ਦੇ ਭਾਰਤੀ ਮੂਲ ਦੇ ਸੀਈਓ ਸੱਤਿਆ ਨਡੇਲਾ ਨੇ ਕੰਪਨੀ ਦੇ ਕਰਮਚਾਰੀਆਂ ਨੂੰ ਲਿਖੀ ਚਿੱਠੀ ਦੇ ਵਿੱਚ ਇਸ ਗੱਲ ਦੀ ਜਾਣਕਾਰੀ ਦਿੱਤੀ ਹੈ। ਮਾਈਕ੍ਰੋਸਾਫਟ ਵੱਲੋਂ ਇਹ ਐਲਾਨ ਅਜਿਹੇ ਸਮੇਂ ਕੀਤਾ ਗਿਆ ਹੈ ਜਦੋਂ ਕਈ ਹੋਰ ਤਕਨੀਕੀ ਕੰਪਨੀਆਂ ਦੇ ਵੱਲੋਂ ਪਹਿਲਾਂ ਹੀ ਕਰਮਚਾਰੀਆਂ ਦੀ ਛਾਂਟੀ ਕੀਤੀ ਜਾ ਰਹੀ ਹੈ। ਦਰਅਸਲ ਇਸ ਸਬੰਧੀ ਸੱਤਿਆ ਨਡੇਲਾ ਦੇ ਵੱਲੋਂ ਕਰਮਚਾਰੀਆਂ ਲਈ ਲਿਖੀ ਇੱਕ ਬਲਾਗਪੋਸਟ ਵਿੱਚ ਇਹ ਕਿਹਾ ਗਿਆ ਹੈ ਕਿ ਇਹ ਕੰਪਨੀ ਦੀ ਆਰਥਿਕ ਸਥਿਤੀ ਅਤੇ ਉਪਭੋਗਤਾਵਾਂ ਦੀਆਂ ਬਦਲਦੀਆਂ ਤਰਜੀਹਾਂ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਇਹ ਵੀ ਕਿਹਾ ਕਿ ਕੰਪਨੀ ਦੇ ਵੱਲੋਂ ਲੰਬੇ ਸਮੇਂ ਦੇ ਟੀਚਿਆਂ 'ਤੇ ਕੇਂਦਰਿਤ ਕਦਮ ਚੁੱਕੇ ਜਾ ਰਹੇ ਹਨ। ਨਡੇਲਾ ਨੇ ਕਿਹਾ ਕਿ ਅਸੀਂ ਬਹੁਤ ਬਦਲਾਅ ਦੇ ਸਮੇਂ ਵਿੱਚ ਹਾਂ ਅਤੇ ਜਿਵੇਂ ਕਿ ਮੈਂ ਗਾਹਕਾਂ ਅਤੇ (ਬਾਕੀ ਸ਼ਫ਼ਾ 30 'ਤੇ)

## ਗੂਗਲ 12,000 ਮੁਲਾਜ਼ਮ ਨੌਕਰੀ ਤੋਂ ਕੱਢੇਗਾ

ਨਿਊਯਾਰਕ: ਗੂਗਲ ਦੇ ਸੀਈਓ ਸੁੰਦਰ ਪਿਚਾਈ ਨੇ ਇੱਥੇ ਐਲਾਨ ਕੀਤਾ ਕਿ ਵਿਸ਼ਵਵਿਆਪੀ ਆਰਥਿਕ ਮੰਦੀ ਕਾਰਨ ਕੰਪਨੀ ਸਟਾਫ਼ ਦੀ ਛਾਂਟੀ ਕਰਦਿਆਂ ਦੁਨੀਆ ਭਰ ਵਿੱਚੋਂ 12,000 ਮੁਲਾਜ਼ਮਾਂ ਦੀ ਨੌਕਰੀ ਖ਼ਤਮ ਕਰੇਗੀ। ਕਰਮਚਾਰੀਆਂ ਨੂੰ ਭੇਜੀ ਗਈ ਈਮੇਲ ਵਿੱਚ ਭਾਰਤੀ ਮੂਲ ਦੇ ਸੀਈਓ ਨੇ ਕਿਹਾ, 'ਮੇਰੇ ਕੋਲ ਸਾਂਝਾ ਕਰਨ ਲਈ ਕੁੱਝ ਬੁਰੀਆਂ ਖ਼ਬਰਾਂ ਹਨ। ਅਸੀਂ ਤਕਰਬੀਨ 12,000 ਕਰਮਚਾਰੀਆਂ ਨੂੰ ਨੌਕਰੀ ਤੋਂ ਹਟਾਉਣ ਦਾ ਫ਼ੈਸਲਾ ਕੀਤਾ ਹੈ।' ਪਿਚਾਈ ਨੇ ਕਿਹਾ, 'ਅਸੀਂ ਅਮਰੀਕਾ ਵਿੱਚ ਪ੍ਰਭਾਵਿਤ ਹੋਣ ਵਾਲੇ ਕਰਮਚਾਰੀਆਂ ਨੂੰ ਪਹਿਲਾਂ ਹੀ ਇੱਕ ਵੱਖਰੀ ਈਮੇਲ ਭੇਜ ਦਿੱਤੀ ਹੈ। ਬਾਕੀ ਦੇਸ਼ਾਂ ਵਿੱਚ ਸਥਾਨਕ ਕਾਨੂੰਨਾਂ ਅਤੇ ਅਭਿਆਸਾਂ ਅਨੁਸਾਰ ਇਸ ਪ੍ਰਕਿਰਿਆ ਵਿੱਚ ਥੋੜਾ ਵੱਧ ਸਮਾਂ ਲੱਗੇਗਾ। ਇਸੇ ਹਫ਼ਤੇ ਮਾਈਕਰੋਸਾਫਟ ਨੇ 10,000 ਨੌਕਰੀਆਂ ਖ਼ਤਮ ਕਰਨ ਦਾ ਐਲਾਨ ਕੀਤਾ ਸੀ। ਐਮਾਜ਼ੋਨ 18,000 ਨੌਕਰੀਆਂ ਅਤੇ ਫੇਸਬੁੱਕ/ਮੈਟਾ 11,000 ਨੌਕਰੀਆਂ ਖ਼ਤਮ ਕਰ ਰਿਹਾ ਹੈ।

# ਘੱਲੂਘਾਰਿਆਂ ਦੇ ਬਾਵਜੂਦ ਕਾਇਮ ਹੈ ਦਰਬਾਰ ਸਾਹਿਬ ਦੀ ਸ਼ਾਨ



ਡਾ. ਸਤਿੰਦਰਪਾਲ ਸਿੰਘ



ਸ੍ਰੀ ਦਰਬਾਰ ਸਾਹਿਬ ਪਾਵਨ ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਵਿਚ ਪ੍ਰਕਾਸ਼ਮਾਨ ਹੋ ਰਿਹਾ ਉਹ ਸਦਾ ਉਦੈ ਰਹਿਣ ਵਾਲਾ ਸੱਚ ਦਾ ਸੂਰਜ ਹੈ ਜੋ ਹਰ ਨਿਮਾਣੇ ਨੂੰ ਮਾਣ, ਹਰ ਨਿਤਾਣੇ ਨੂੰ ਤਾਣ, ਹਰ ਨਿਰ ਆਸਰੇ ਨੂੰ ਆਸਰਾ ਬਖਸ਼ਣ ਦਾ ਬਿਰਦ ਰੱਖਦਾ ਹੈ। ਗੁਰਸਿੱਖ ਲਈ ਸ੍ਰੀ ਦਰਬਾਰ ਸਾਹਿਬ ਸਿੱਖੀ ਦਾ ਹਿਰਦਾ ਹੈ। ਇਤਿਹਾਸਕ ਸਰੋਤਾਂ ਅਨੁਸਾਰ ਅੰਮ੍ਰਿਤਸਰ ਨਗਰ ਵਸਾਉਣ ਲਈ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਪ੍ਰੇਰਿਆ ਸੀ। ਬਿਕ੍ਰਮੀ ਸੰਮਤ 1627 ਵਿਚ ਗੁਰੂ ਰਾਮਦਾਸ ਜੀ ਇਸ ਪ੍ਰੇਰਨਾ ਨੂੰ ਹੁਕਮ ਮੰਨ ਕੇ ਗੁਰੂ ਅਮਰਦਾਸ ਜੀ ਦੇ ਦੱਸੇ ਅਸਥਾਨ ’ਤੇ ਨਗਰ ਵਸਾਉਣ ਲਈ ਪਿੰਡ ਤੁੰਗ, ਗੁਮਟਾਲਾ, ਸੁਲਤਾਨਵਿੰਡ ਤੇ ਗਿਲਵਾਲੀ ਦੀ ਜੂਹ ਵਿਚ ਆ ਕੇ ਟਿਕੇ ਸਨ। ਇਹ ਅਸਥਾਨ ਉਸ ਸਮੇਂ ਬੀਆਬਾਨ ਜੰਗਲ ਸੀ। ਗੁਰੂ ਰਾਮਦਾਸ ਜੀ ਨੇ ਪਹਿਲਾ ਕਾਰਜ ਸੰਤੋਖਸਰ ਤਿਆਰ ਕਰਾਉਣ ਦਾ ਕੀਤਾ। ਇਸ ਤੋਂ ਬਾਅਦ ਬਿਕ੍ਰਮੀ ਸੰਮਤ 1628 ਵਿਚ ਰਹਿਣ ਲਈ ਨਿਵਾਸ ਬਣਿਆ ਜਿਸ ਨੂੰ ਗੁਰੂ ਕੇ ਮਹਿਲ ਰੂਪ ਵਿਚ ਜਾਣਿਆ ਜਾਂਦਾ ਹੈ। ਇਹ ਅੰਮ੍ਰਿਤਸਰ ਦੀ ਸਭ ਤੋਂ ਪੁਰਾਤਨ ਇਮਾਰਤ ਹੈ। ਸੰਮਤ 1634 ’ਚ ਗੁਰੂ ਰਾਮਦਾਸ ਜੀ ਨੇ ਦੂਜੇ ਸਰੋਵਰ ਦੀ ਉਸਾਰੀ ਕਰਾਈ ਜਿਸ ਦਾ ਨਾਂ ਅੰਮ੍ਰਿਤਸਰ ਜਾਂ ਅੰਮ੍ਰਿਤ ਸਰੋਵਰ ਪਿਆ।

ਗੁਰੂ ਅਰਜਨ ਦੇਵ ਜੀ ਨੇ ਗੁਰਤਾਗੱਦੀ ’ਤੇ ਬਿਰਾਜਮਾਨ ਹੋਣ ਤੋਂ ਤੁਰੰਤ ਬਾਅਦ ਆਪਣੇ ਪਿਤਾ ਗੁਰੂ ਰਾਮਦਾਸ ਜੀ ਦੁਆਰਾ ਆਰੰਭੇ ਕਾਰਜਾਂ ’ਤੇ ਧਿਆਨ ਦਿੱਤਾ ਤੇ ਆਪ ਨੇ ਸੰਤੋਖਸਰ ਤੇ ਅੰਮ੍ਰਿਤ ਸਰੋਵਰ ਪੱਕੇ ਕਰਵਾਏ। ਇੱਧਰ ਅੰਮ੍ਰਿਤਸਰ ਨਗਰ ਵਸ ਚੁੱਕਿਆ ਸੀ। ਅੰਮ੍ਰਿਤ ਸਰੋਵਰ ਪੱਕਾ ਹੋ ਗਿਆ ਤਾਂ ਗੁਰੂ ਅਰਜਨ ਸਾਹਿਬ ਦੇ ਮਨ ਵਿਚ ਸਰੋਵਰ ਦੇ ਵਿੱਚੋ-ਵਿੱਚ ਧਰਮ ਅਸਥਾਨ ਦੀ ਉਸਾਰੀ ਦਾ ਵਿਚਾਰ ਆਇਆ। ਕਤਕ ਸੁਦੀ 5, ਬਿਕ੍ਰਮੀ ਸੰਮਤ 1645 ਭਾਵ ਸੰਨ 1588 ਵਿਚ ਸ੍ਰੀ ਦਰਬਾਰ ਸਾਹਿਬ ਦੀ ਉਸਾਰੀ ਦਾ ਕਾਰਜ ਆਰੰਭ ਹੋਇਆ ਸੀ। ਇਸ ਅਉਸਰ ’ਤੇ ਗੁਰੂ ਸਾਹਿਬ ਨੇ ਸੂਫ਼ੀ ਮੁਸਲਿਮ ਪੀਰ ਸਾਈਂ ਮੀਆਂ ਮੀਰ ਨੂੰ ਖ਼ਾਸ ਤੌਰ ’ਤੇ ਲਾਹੌਰ ਤੋਂ ਸੱਦਿਆ ਤੇ ਸ੍ਰੀ ਦਰਬਾਰ ਸਾਹਿਬ ਦੀ ਨੀਂਹ ਦੀ ਪਹਿਲੀ ਇੱਟ ਉਨ੍ਹਾਂ ਤੋਂ ਰਖਵਾਈ ਸੀ। ਇਸ ਤੋਂ ਪਹਿਲਾਂ ਤਕ ਸਿੱਖ ਪੰਥ ਦਾ ਕੋਈ ਧਾਰਮਿਕ ਅਸਥਾਨ ਨਹੀਂ ਸੀ। ਹੋਰ ਸਾਰੇ ਧਰਮਾਂ ਦੇ ਆਪਣੇ ਧਰਮ ਅਸਥਾਨ ਸਨ। ਇਨ੍ਹਾਂ ਵਿਚ ਪ੍ਰਵੇਸ਼ ਤੇ ਪੂਜਾ ਦੇ ਆਪਣੇ ਨਿਯਮ ਸਨ। ਬਹੁਤ ਸਾਰੀਆਂ ਰੋਕਾਂ ਵੀ ਇਨ੍ਹਾਂ ਅਸਥਾਨਾਂ ’ਤੇ ਲਾਗੂ ਹੁੰਦੀਆਂ ਸਨ। ਹਾਸ਼ੀਆਗਤ ਮੰਨੀਆਂ ਜਾਣ ਵਾਲਿਆਂ ਜਾਤਾਂ, ਇਸਤਰੀਆਂ ਆਦਿਕ ’ਤੇ ਕਈ ਪਾਬੰਦੀਆਂ ਸਨ। ਗੁਰਬਾਣੀ ਨੇ ਉਸ ਅਸਥਾਨ ਨੂੰ ਭਗਤੀ ਦਾ ਸੱਚਾ ਅਸਥਾਨ ਮੰਨਿਆ ਸੀ ਜਿੱਥੇ ਸੱਚ ਦੀ ਸਵੀਕਾਰਤਾ ਤੇ ਪ੍ਰਧਾਨਤਾ ਹੋਵੇ। ਗੁਰੂ ਸਾਹਿਬਾਨ ਦਾ ਪਰਗਟ ਕੀਤਾ ਸੱਚ ਇਹ ਸੀ ਕਿ ਇਕ ਰੱਬ ਹੀ ਸੰਸਾਰ ਦੀ ਸੱਚੀ ਸੱਤਾ ਹੈ ਜਿਸ ਨੇ ਸਾਰੀ ਸ੍ਰਿਸ਼ਟੀ ਦੀ ਸਿਰਜਣਾ ਕੀਤੀ ਹੈ ਤੇ ਜਿਸ ਦੇ ਹੁਕਮ ਅੰਦਰ ਸਾਰੀ ਸ੍ਰਿਸ਼ਟੀ ਚੱਲ ਰਹੀ ਹੈ। ਗੁਰੂ ਨਾਨਕ ਸਾਹਿਬ ਨੇ ਮੁੱਢਲੇ ਤੌਰ ’ਤੇ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਕੋਈ ਵੀ ਪਰਮਾਤਮਾ ਦੇ ਹੁਕਮ ਤੋਂ ਬਾਹਰ ਨਹੀਂ ਹੈ। ਇਹ ਸੱਚ ਸਮਾਜ ਅੰਦਰ ਕਿਸੇ ਵੀ ਵੰਡ, ਵਿਤਕਰੇ ਨੂੰ ਸਿਰੇ ਤੋਂ ਖ਼ਾਰਜ ਕਰਨ ਵਾਲਾ ਤੇ ਸਮਾਨਤਾ ਦਾ ਸਿਧਾਂਤ ਕਾਇਮ ਕਰਨ ਵਾਲਾ ਸੀ।

ਰੱਬ ਦੀ ਸ਼ਰਨ ਪ੍ਰੇਮ-ਭਾਵਨਾ ਨਾਲ ਪ੍ਰਾਪਤ ਹੁੰਦੀ ਹੈ। ਗੁਰੂ ਸਾਹਿਬਾਨ ਦਾ ਸਾਧ-ਸੰਗਤ ਦਾ ਸਿਧਾਂਤ ਮਨੁੱਖੀ ਜੀਵਨ ਦੇ ਹਰ ਪੱਖ ਨੂੰ ਪ੍ਰਭਾਵਿਤ ਕਰਨ ਵਾਲਾ ਤੇ ਨਿਵੇਕਲੀ ਵਿਵਸਥਾ ਸਥਾਪਤ ਕਰਨ ਵਾਲਾ ਸਾਬਿਤ ਹੋਇਆ ਸੀ। ਸ੍ਰੀ ਦਰਬਾਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਗੁਰੂ ਅਰਜਨ ਸਾਹਿਬ ਨੇ ਆਪ ਨਾ ਕਰ ਕੇ ਬਾਬਾ ਬੁੱਢਾ ਜੀ ਪਾਸੋਂ ਕਰਵਾਇਆ ਸੀ। ਗੁਰੂ ਸਾਹਿਬ ਆਪ ਸੰਗਤ ਦਾ ਹਿੱਸਾ ਬਣ ਕੇ ਨਾਲ ਬੈਠੇ। ਗੁਰੂ ਤੇ ਸਿੱਖ ਦਾ ਕੋਈ ਭੇਦ ਨਾ ਰਿਹਾ। ਸਾਰੇ ਸਿੱਖ ਬਿਨਾਂ ਕਿਸੇ ਵਿਤਕਰੇ ਦੇ ਨਾਲ ਬੈਠੇ, ਨਾਲ ਗੁਰਬਾਣੀ ਸਰਵਣ ਕੀਤੀ। ਰਬ ਦੇ ਪ੍ਰੇਮ, ਗੁਰੂ ਦੇ ਪ੍ਰੇਮ ਤੇ ਗੁਰਬਾਣੀ ਦੇ ਪ੍ਰੇਮ ਵਿਚ ਸਮੂਹਿਕ ਚੇਤਨਾ ਦਾ ਵਿਕਾਸ ਹੋਇਆ। ਇਸ ਸਮੂਹਿਕ ਚੇਤਨਾ ਦੇ ਕੋਈ ਬੰਧ ਨਹੀਂ ਰੱਖੇ ਗਏ। ਕਿਸੇ ਵੀ ਧਰਮ, ਜਾਤ, ਵਰਣ, ਵਰਗ ਦਾ ਵਿਅਕਤੀ ਸ੍ਰੀ ਹਰਿਮੰਦਰ ਸਾਹਿਬ ਵਿਚ ਆ ਸਕਦਾ ਸੀ। ਸਾਧ-ਸੰਗਤ ਵਿਚ ਬੈਠ ਕੇ ਪ੍ਰਮਾਤਮਾ ਦਾ ਜਸ ਸੁਣ ਸਕਦਾ ਸੀ। ਸ੍ਰੀ ਦਰਬਾਰ ਸਾਹਿਬ ਮਨੁੱਖੀ ਸੱਭਿਅਤਾ ਦਾ ਪਹਿਲਾ ਧਰਮ ਅਸਥਾਨ ਬਣ ਕੇ ਉੱਭਰਿਆ ਜਿੱਥੇ ਉਸ ਪਰਮਾਤਮਾ ਦੀ ਭਗਤੀ ਹੁੰਦੀ ਜੋ ਹਰ ਜੀਵ ਦਾ ਪਿਤਾ, ਮਾਤਾ, ਸਖਾ, ਭ੍ਰਾਤਾ ਹੀ ਨਹੀਂ, ਸਾਰਿਆਂ ਦਾ ਦਾਤਾ, ਪ੍ਰਤਿਪਾਲਕ ਵਜੋਂ ਜਾਣਿਆ ਗਿਆ ਸੀ। ਸ੍ਰੀ ਦਰਬਾਰ ਸਾਹਿਬ ਦੀ ਸਥਾਪਨਾ ਨੇ ਧਰਮ ਅਸਥਾਨ ਦੀ ਮਹੱਤਤਾ ਨੂੰ ਨਵੀਂ ਦ੍ਰਿਸ਼ਟੀ ਪ੍ਰਦਾਨ ਕੀਤੀ। ਇਤਿਹਾਸਕ ਸਰੋਤ ਦੱਸਦੇ ਹਨ ਕਿ ਸ੍ਰੀ ਦਰਬਾਰ ਸਾਹਿਬ ਵਿਚ ਗੁਰੂ ਅਰਜਨ ਸਾਹਿਬ ਨੇ ਆਪ ਸਿਰੰਦੇ ਨਾਲ ਕੀਰਤਨ ਕੀਤਾ ਸੀ ਅਤੇ ਸਿੱਖਾਂ ਨੂੰ ਵੀ ਕੀਰਤਨ ਕਰਨਾ ਸਿਖਾਇਆ ਸੀ। ਇਕ ਵਾਰ ਜਦੋਂ ਰਬਾਬੀ ਸੱਤਾ ਤੇ ਬਲਵੰਡ ਜੋ ਨਿਤ ਕੀਰਤਨ ਕਰਿਆ ਕਰਦੇ ਸਨ, ਨਾਰਾਜ਼ ਹੋ ਕੇ ਗੁਰੂ ਘਰ ਤੋਂ ਬੇਮੁੱਖ ਹੋ ਗਏ ਤਾਂ ਗੁਰੂ ਸਾਹਿਬ ਨੇ ਭਾਈ ਹਰੀ ਰਾਮ, ਭਾਈ ਗੁਰਸ਼ਰਨ ਤੇ ਭਾਈ ਸਾਧੂ ਰਾਮ ਤੋਂ ਕੀਰਤਨ ਕਰਵਾਇਆ ਸੀ। ਸ੍ਰੀ ਦਰਬਾਰ ਸਾਹਿਬ ਦੀ ਭੌਤਿਕ ਉਸਾਰੀ ਭਾਵੇਂ ਗੁਰੂ ਅਰਜਨ ਸਾਹਿਬ ਦੀ ਕ੍ਰਿਪਾ ਦਾ ਫ਼ਲ ਸੀ ਪਰ ਸ੍ਰੀ ਹਰਿਮੰਦਰ ਸਾਹਿਬ ਦਾ ਅਧਿਆਤਮਕ ਰੂਪ ਗੁਰੂ ਨਾਨਕ ਸਾਹਿਬ ਦੇ ਕਾਲ ਵਿਚ ਹੀ ਗੁਰਬਾਣੀ ਦੇ ਰੂਪ ’ਚ ਗੁਰਸਿੱਖ ਦੇ ਜੀਵਨ ਦਾ ਅੰਗ ਬਣ ਕੇ ਹੋਂਦ ਵਿਚ ਆ ਗਿਆ ਸੀ। ਧਰਮ ਅਸਥਾਨ ਆਪਣੇ ਇਸ਼ਟ ਦੀ ਥਾਪਨਾ ਕਰ ਕੇ ਪੂਜਾ ਕਰਨ ਲਈ ਬਣਾਏ ਜਾਂਦੇ ਸਨ।

ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਮਨੁੱਖ ਦਾ ਮਨ ਪਰਮਾਤਮਾ ਦਾ ਨਿਵਾਸ ਅਸਥਾਨ ਹੈ। ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ॥ ਗੁਰੂ ਨਾਨਕ ਸਾਹਿਬ ਨੇ ਉਪਰੋਕਤ ਵਚਨ ਵਿਚ ਪ੍ਰਮਾਤਮਾ ਭਗਤੀ ਦਾ ਸੰਪੂਰਨ ਢੰਗ ਪਰਗਟ ਕਰ ਦਿੱਤਾ। ਆਪ ਨੇ ਕਿਹਾ ਕਿ ਜੇ ਮਨੁੱਖ ਮਨ ਅੰਦਰ ਪਰਮਾਤਮਾ ਨੂੰ ਵਸਾ ਲਵੇ ਤਾਂ ਇਹ ਮਨ ਹਰਿਮੰਦਰ ਬਣ ਜਾਵੇਗਾ। ਗੁਰਸਿੱਖ ਸਾਧ-ਸੰਗਤ ਅੰਦਰ ਉਸ ਦਾ ਨਾਮ ਜਪੇ, ਇਹ ਉਸ ਦੇ ਇਸ਼ਟ ਦਾ ਇਸ਼ਨਾਨ ਹੋਵੇਗਾ। ਹੋਰਨਾਂ ਵਾਂਗੂੰ ਇਸ਼ਟ ਦੇ ਜਲ ਇਸ਼ਨਾਨ ਦੀ ਲੋੜ ਨਹੀਂ ਰਹੇਗੀ। ਮਨ ਵਿਚ ਵਸੇ ਰਬ ਲਈ ਸ਼ਰਧਾ, ਭਾਵਨਾ ਹੀ ਫੁੱਲ, ਪੱਤਰ ਬਣ ਜਾਂਦੀ ਹੈ। ਇਹ ਭਗਤੀ ਰਬ ਦੀ ਕਿਰਪਾ ਪ੍ਰਾਪਤ ਕਰਨ ਵਿਚ ਸਹਾਈ ਹੈ। ਗੁਰੂ ਅਮਰਦਾਸ ਜੀ ਨੇ ਮਨੁੱਖ ਦੇ ਸਰੀਰ ਨੂੰ ਹਰਿਮੰਦਰ ਕਿਹਾ ਜੋ ਗੁਰ ਸ਼ਬਦ ਅਨੁਸਾਰ ਜੀਵਨ ਢਾਲਣ ’ਤੇ ਲੱਭਦਾ ਹੈ। ਇਸ ਦੀ ਸੰਭਾਲ ਨਾਮ ਜਪ ਕੇ ਹੁੰਦੀ ਹੈ। ਗੁਰੂ ਅਮਰਦਾਸ ਜੀ ਨੇ ਕਿਹਾ ਕਿ ਇਸ ਹਰਿਮੰਦਰ ਵਿਚ ਬਸ ਨਾਮ ਦੀ ਦਾਤ ਹੀ ਪ੍ਰਾਪਤ ਹੁੰਦੀ ਹੈ ਜਿਸ ਨਾਲ ਜੀਵਨ ਸਫਲ ਹੋ ਜਾਂਦਾ ਹੈ। ਗੁਰੂ ਅਰਜਨ ਸਾਹਿਬ ਨੇ ਮਨ ਦੇ ਹਰਿਮੰਦਰ ਨੂੰ ਸ੍ਰੀ ਅੰਮ੍ਰਿਤਸਰ ਦੀ ਪਾਵਨ ਧਰਤੀ ’ਤੇ ਸਾਕਾਰ ਰੂਪ ਦਿੱਤਾ। ਸ੍ਰੀ ਦਰਬਾਰ ਸਾਹਿਬ ਦੀ ਉਸਾਰੀ ਨੇ ਆਤਮਿਕ ਤੇ ਸੰਸਾਰਕ ਜੀਵਨ ਨੂੰ ਇਕਰੂਪ ਕਰ ਦਿੱਤਾ। ਸ੍ਰੀ ਦਰਬਾਰ ਸਾਹਿਬ ਦੀਆਂ ਨੀਹਾਂ ਸਿੱਖੀ ਸਿਧਾਂਤਾਂ ’ਤੇ ਰੱਖੀਆਂ ਗਈਆਂ। ਨੀਹਾਂ ਦੀ ਸਿਧਾਂਤਕ ਮਜ਼ਬੂਤੀ ਨੇ ਹੀ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਦੀ ਸ਼ਾਨ ਲਗਾਤਾਰ ਹੋਏ ਖ਼ੂਨੀ ਹਮਲਿਆਂ, ਘੱਲੂਘਾਰਿਆਂ ਦੇ ਬਾਵਜੂਦ ਕਾਇਮ ਰੱਖੀ ਹੈ।

# ਖ਼ਤਰਨਾਕ ਅਪਰਾਧੀ ਸੌਦਾ ਸਾਧ ਨੂੰ ਵਾਰ-ਵਾਰ ਪੈਰੋਲ ਕਿਉਂ ਮਿਲ ਰਹੀ ਏ, ਜਦਕਿ ਸਜ਼ਾ ਭੁਗਤਣ ਦੇ ਬਾਵਜੂਦ ਬੰਦੀ ਸਿੱਖਾਂ ਦੀ ਰਿਹਾਈ ਕਿਉਂ ਨਹੀਂ?

ਰਜਿੰਦਰ ਸਿੰਘ ਪੁਰੇਵਾਲ

ਖਤਰਨਾਕ ਅਪਰਾਧੀ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਬੀਤੇ ਹਫਤੇ ਸਿਆਸੀ ਪ੍ਰਭਾਵ ਅਧੀਨ ਮੁੜ ਜੇਲ੍ਹ ਤੋਂ ਬਾਹਰ ਆ ਗਿਆ ਹੈ। ਡੇਰਾ ਮੁਖੀ ਨੂੰ ਬੀਤੇ ਦਿਨ ਹੀ 40 ਦਿਨਾਂ ਲਈ ਪੈਰੋਲ ਮਿਲੀ ਸੀ। ਉਹ ਪਿਛਲੇ 54 ਦਿਨਾਂ ਵਿਚ ਦੂਜੀ ਵਾਰ ਰੋਹਤਕ ਦੀ ਸੁਨਾਰੀਆ ਜੇਲ੍ਹ ਤੋਂ ਬਾਹਰ ਆਇਆ ਹੈ। ਇਸ ਸਮੇਂ ਉਹ ਯੂ.ਪੀ. ਦੇ ਬਾਗਪਤ ਸਥਿਤ ਬਰਨਾਵਾ ਆਸ਼ਰਮ ਠਹਿਰਿਆ ਹੋਇਆ ਹੈ। ਯਾਦ ਰਹੇ ਕਿ 2019-20 ਵਿਚ ਸੌਦਾ ਸਾਧ ਦੀਆਂ 6 ਪੈਰੋਲ ਅਰਜ਼ੀਆਂ ਰੱਦ ਕੀਤੀਆਂ ਗਈਆਂ ਸਨ, 2020 ਵਿਚ ਗੁੜਗਾਓਂ ਦੇ ਇੱਕ ਹਸਪਤਾਲ ਵਿੱਚ ਦਾਖਲ ਉਸਦੀ ਬੀਮਾਰ ਮਾਂ ਨੂੰ ਮਿਲਣ ਲਈ 24 ਅਕਤੂਬਰ ਨੂੰ ਇੱਕ ਦਿਨ ਦੀ ਪੈਰੋਲ ਦਿੱਤੀ ਗਈ ਸੀ। 2021 ਵਿਚ ਉਸਦੀ ਬੀਮਾਰ ਮਾਂ ਨੂੰ ਮਿਲਣ ਲਈ 21 ਮਈ ਨੂੰ ਇੱਕ ਦਿਨ ਦੀ ਪੈਰੋਲ ਦਿੱਤੀ ਗਈ ਸੀ। ਸਾਲ 2022 ਵਿਚ ਤਿੰਨ ਵਾਰ ਪੈਰੋਲ ਮਿਲੀ ਸੀ ਅਤੇ ਉਹ 91 ਦਿਨਾਂ ਲਈ ਜੇਲ੍ਹ ਤੋਂ ਬਾਹਰ ਰਿਹਾ ਸੀ। ਫਰਵਰੀ ਵਿੱਚ 21 ਦਿਨ (ਪੰਜਾਬ ਵਿਧਾਨ ਸਭਾ ਚੋਣਾਂ), ਜੂਨ ਵਿੱਚ 30 ਦਿਨ (ਹਰਿਆਣਾ ਮਿਉਂਸਪਲ ਚੋਣਾਂ) ਅਤੇ ਅਕਤੂਬਰ ਵਿੱਚ 40 ਦਿਨ (ਆਦਮਪੁਰ, ਹਰਿਆਣਾ ਅਤੇ ਹਿਮਾਚਲ ਵਿਧਾਨ ਸਭਾ ਚੋਣਾਂ) ਪੈਰੋਲ ਮਿਲੀ ਸੀ।

2023: 21 ਜਨਵਰੀ ਤੋਂ 40 ਦਿਨਾਂ ਦੀ ਪੈਰੋਲ ਸ਼ੁਰੂ ਹੋਈ ਹੈ। ਉਹ 25 ਜਨਵਰੀ ਨੂੰ ਸਾਬਕਾ ਡੇਰਾ ਮੁਖੀ ਦੀ ਬਰਸੀ ਸਮਾਗਮ ਵਿੱਚ ਸ਼ਾਮਲ ਹੋਣ ਲਈ ਸਿਰਸਾ ਜਾਵੇਗਾ।

ਇਸ ਦੌਰਾਨ ਰਾਮਚੰਦਰ ਛਤਰਪਤੀ ਦੇ ਬੇਟੇ ਅੰਸ਼ੁਲ ਛਤਰਪਤੀ ਨੇ ਡੇਰਾ ਮੁਖੀ ਦੀ ਪੈਰੋਲ ਨੂੰ ਲੈ ਕੇ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਸੀ ਕਿ ਸਰਕਾਰ ਸਿਆਸੀ ਲਾਭ ਲੈਣ ਲਈ ਵਾਰ-ਵਾਰ ਸੌਦੇ ਸਾਧ ਨੂੰ ਪੈਰੋਲ ਦੇ ਕੇ ਡੇਰੇ ਅੱਗੇ ਝੁਕ ਰਹੀ ਹੈ। ਸਰਕਾਰੀ ਤੰਤਰ ਉਸ ਦੇ ਸਾਹਮਣੇ ਦੱਬਿਆ ਹੋਇਆ ਹੈ। ਉਸਦੇ ਕਾਰਨ ਜਾਂਚ ਅਤੇ ਮੁਕੱਦਮੇ ਪ੍ਰਭਾਵਿਤ ਹੋ ਰਹੇ ਹਨ। ਨਿਆਂਪਾਲਿਕਾ ਉਸਨੂੰ 4 ਮਾਮਲਿਆਂ ਵਿਚ ਸਜ਼ਾ ਦੇ ਚੁਕੀ ਹੈ, ਉਹ ਖਤਰਨਾਕ ਵਹਿਸ਼ੀ ਅਪਰਾਧੀ ਹੈ। ਸਾਧੂਆਂ ਨੂੰ ਨਿਪੁੰਸਕ ਬਣਾਉਣ ਦਾ ਮਾਮਲਾ ਅਦਾਲਤ ਵਿਚ ਵਿਚਾਰ ਅਧੀਨ ਹੈ। ਦੂਜੇ ਪਾਸੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਦਾ ਕਹਿਣਾ ਹੈ ਕਿ ਪੈਰੋਲ ਨਿਯਮਾਂ ਅਨੁਸਾਰ ਦਿੱਤੀ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੱਖੋ-ਵੱਖ ਬਿਆਨਾਂ ਰਾਹੀਂ ਡੇਰਾ ਮੁਖੀ ਨੂੰ ਇਕ ਵਾਰ ਮੁੜ ਪੈਰੋਲ ਦੇਣ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਡੇਰਾ ਮੁਖੀ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾ ਰਹੀ ਹੈ ਜਦਕਿ ਆਪਣੀਆਂ ਸਜ਼ਾਵਾਂ ਪੂਰੀਆਂ ਕਰਨ ਮਗਰੋਂ ਵੀ ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘਾਂ ਨੂੰ ਇਨਸਾਫ ਨਹੀਂ ਦਿੱਤਾ ਜਾ ਰਿਹਾ।

ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਹੈ ਕਿ ਬੇਅਦਬੀ ਦੇ ਮਾਮਲਿਆਂ ਦੀ ਜਾਂਚ ਲਈ ਸੌਦਾ ਸਾਧ ਨੂੰ ਪ੍ਰੋਡਕਸ਼ਨ ਵਰੰਟ ’ਤੇ ਪੰਜਾਬ ਲਿਆਂਦਾ ਜਾਵੇ।ਉਨ੍ਹਾਂ ਕਿਹਾ ਕਿ ਆਪ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿੱਚ ਸੱਤਾ ਵਿਚ ਆਉਣ ’ਤੇ ਬੇਅਦਬੀ ਦੇ ਮਾਮਲੇ ਨੂੰ 24 ਘੰਟਿਆਂ ਵਿੱਚ ਹੱਲ ਕਰਨ ਦਾ ਦਾਅਵਾ ਵੀ ਕੀਤਾ ਸੀ।

ਅਸਲ ਗੱਲ ਇਹ ਹੈ ਕਿ ਕੇਂਦਰ ਸਰਕਾਰ ਸੌਦਾ ਸਾਧ ਨੂੰ ਆਪਣੇ ਵੋਟ ਬੈਂਕ ਲਈ ਵਰਤ ਕੇ ਖਤਰਨਾਕ ਅਪਰਾਧੀ ਸੌਦਾ ਸਾਧ ਦੀ ਪੁਸ਼ਤ ਪਨਾਹੀ ਕਰ ਰਹੀ ਹੈ। ਜੇਕਰ ਕਤਲ ਅਤੇ ਜਬਰ-ਜਨਾਹ ਵਰਗੇ ਸੰਗੀਨ ਮਾਮਲਿਆਂ ਦੇ ਦੋਸ਼ੀ ਪੈਰੋਲ ’ਤੇ ਛੱਡੇ ਜਾ ਸਕਦੇ ਹਨ ਤਾਂ ਕੌਮੀ ਹੱਕਾਂ ਅਤੇ ਹਿੱਤਾਂ ਲਈ ਸੰਘਰਸ਼ ਕਰਨ ਵਾਲੇ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਵਿੱਚ ਪ੍ਰਧਾਨ ਮੰਤਰੀ ਦੀ ਕੀ ਮੁਸ਼ਕਲ ਹੈ? ਮੋਦੀ ਸਰਕਾਰ ਦੀ ਇਹ ਦੋਗਲੀ ਨੀਤੀ ਸਿੱਖਾਂ ਵਿੱਚ ਬੇਵਿਸਾਹੀ ਪੈਦਾ ਕਰ ਰਹੀ ਹੈ। ਬੰਦੀ ਸਿੰਘਾਂ ਨੂੰ ਤਿੰਨ-ਤਿੰਨ ਦਹਾਕੇ ਦੀਆਂ ਸਜ਼ਾਵਾਂ ਮਗਰੋਂ ਵੀ ਪੈਰੋਲ ਨਹੀਂ ਦਿੱਤੀ ਜਾ ਰਹੀ ਪਰ ਡੇਰਾ ਮੁਖੀ ਨੂੰ ਸਾਲ ਵਿੱਚ ਚੌਥੀ ਵਾਰ ਪੈਰੋਲ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਾਹੀਦਾ ਹੈ ਕਿ ਉਹ ਸਿੱਖ ਪੰਥ ਪ੍ਰਤੀ ਪੱਖਪਾਤੀ ਰਵੱਈਆ ਨਾ ਅਪਣਾਉਣ ਅਤੇ ਸਿੱਖ ਹੱਕਾਂ ਤੇ ਅਧਿਕਾਰਾਂ ਦੀ ਰਾਖੀ ਯਕੀਨੀ ਬਣਾਉਣ।



# ਐਮ.ਐਸ.ਪੀ. ਮੁਹੱਈਆ ਕਰਾਉਣਾ ਹੀ ਕਿਸਾਨਾਂ ਦੀ ਅਸਲੀ ਲੋੜ

**ਦੇਵਿੰਦਰ ਸ਼ਰਮਾ**

ਪੰਜਾਬ, ਭਾਰਤ ਦਾ ਅੰਨ ਭੰਡਾਰ ਹੈ। ਇੱਥੇ ਵੀ ਖੇਤੀਬਾੜੀ ਭਾਰੀ ਸੰਕਟ ਵਿਚ ਹੈ। ਕਣਕ ਤੇ ਝੋਨੇ ਦਾ ਰਿਕਾਰਡ ਝਾੜ-ਪ੍ਰਤੀ ਹੈਕਟੇਅਰ 11 ਟਨ ਤੋਂ ਵੱਧ ਸਾਲਾਨਾ-ਹਾਸਲ ਕਰਨ ਦੇ ਬਾਵਜੂਦ ਪੰਜਾਬ ਦੇ ਕਿਸਾਨਾਂ ਦੇ ਸਿਰ ਇਕ ਖਰਬ ਰੁਪਏ ਤੋਂ ਵੱਧ ਦਾ ਕਰਜ਼ਾ ਖੜ੍ਹਾ ਹੈ ਜਿਹੜਾ ਉਨ੍ਹਾਂ ਨੂੰ ਗੰਭੀਰ ਸੰਕਟ ਵਿਚ ਧੱਕ ਰਿਹਾ ਹੈ। ਹਰੇਕ ਕਿਸਾਨ ਪਰਿਵਾਰ ਉੱਤੇ 2 ਲੱਖ ਰੁਪਏ ਦਾ ਕਰਜ਼ ਖੜ੍ਹਾ ਹੋਣ ਨਾਲ ਉਹੋ ਕੁਝ ਦਿਖਾਈ ਦਿੰਦਾ ਹੈ ਜਿਹੜਾ ਹਮੇਸ਼ਾ ਤੋਂ ਹੀ ਪਤਾ ਸੀ - ਖੇਤੀ ਤੋਂ ਹੋਣ ਵਾਲੀ ਆਮਦਨ ਇੰਨੀ ਕੁ ਵੀ ਨਹੀਂ ਹੈ ਕਿ ਉਸ ਨਾਲ ਪੈਦਾਵਾਰ ਦੀਆਂ ਲਾਗਤਾਂ ਪੂਰੀਆਂ ਹੋ ਸਕਣ।

ਭਾਵੇਂ ਭਾਰਤ ਹੋਵੇ, ਯੂਰਪੀ ਯੂਨੀਅਨ ਹੋਵੇ ਜਾਂ ਅਮਰੀਕਾ, ਖੇਤੀਬਾੜੀ ਲਗਾਤਾਰ ਭਾਰੀ ਸੰਕਟ ਵਿਚ ਜਕੜੀ ਜਾ ਰਹੀ ਹੈ। ਕਿਸਾਨਾਂ ਉੱਤੇ ਆਲਮੀ ਪੱਧਰ 'ਤੇ ਸੰਕਟ ਦੇ ਜਿਹੜੇ ਬੱਦਲ ਛਾਏ ਹੋਏ ਹਨ, ਉਨ੍ਹਾਂ ਦਾ ਸਾਰ ਇਕ ਬਰਤਾਨਵੀ ਕਿਸਾਨ ਦੀ ਮੀਡੀਆ ਵਿਚ ਨਸ਼ਰ ਹੋਈ ਇਸ ਟਿੱਪਣੀ ਤੋਂ ਮਿਲ ਜਾਂਦਾ ਹੈ: 'ਹਰੇਕ ਅਸਲੀ ਕਿਸਾਨ ਹੁਣ ਗ਼ਲਤ ਢੰਗ ਨਾਲ ਇਕ ਚੱਕੀ ਵਿਚ ਪਿਸ ਰਿਹਾ ਹੈ, ਜਦੋਂ ਤੱਕ ਕਿ ਉਹ ਦੀਵਾਲੀਆ ਨਾ ਹੋ ਜਾਵੇ, ਖ਼ੁਦਕੁਸ਼ੀ ਨਾ ਕਰ ਲਵੇ ਜਾਂ ਆਮਦਨ ਦਾ ਕੋਈ ਹੋਰ ਜ਼ਰੀਆ ਨਾ ਲੱਭ ਲਵੇ।' ਇਸ ਦੇ ਬਾਵਜੂਦ ਜਦੋਂ ਵੀ ਕਿਸਾਨ ਵੱਧ ਕੀਮਤਾਂ ਦੀ ਮੰਗ ਕਰਦੇ ਹਨ ਤਾਂ ਉਨ੍ਹਾਂ ਦੀ ਇਹ ਮੰਗ ਬਾਜ਼ਾਰ ਦੇ ਹਮਾਇਤੀਆਂ ਵੱਲੋਂ ਪਾਏ ਜਾਣ ਵਾਲੇ ਰੌਲੇ-ਰੱਪੇ ਵਿਚ ਗੁਆਚ ਜਾਂਦੀ ਹੈ, ਜਿਹੜੇ ਕਿਸਾਨਾਂ ਉੱਤੇ ਨਾ ਸਿਰਫ਼ ਅਸਮਰੱਥ ਹੋਣ ਦਾ ਦੋਸ਼ ਲਾਉਂਦੇ ਹਨ ਸਗੋਂ ਉਨ੍ਹਾਂ ਨੂੰ ਮਹਿਜ਼ ਸਰਕਾਰੀ ਖ਼ੈਰਾਤ ਉੱਤੇ ਪਲਣ ਵਾਲੇ ਵੀ ਦੱਸਦੇ ਹਨ।

ਦਰਅਸਲ, ਸਾਡੇ ਕੋਲ ਕਾਰਪੋਰੇਟਾਂ ਲਈ ਸਮਾਜਵਾਦ ਹੈ ਅਤੇ ਕਿਸਾਨਾਂ ਲਈ ਪੂੰਜੀਵਾਦ। ਖੇਤੀਬਾੜੀ ਸਬੰਧੀ ਡਬਲਿਊਟੀਓ ਦੇ ਸਮਝੌਤੇ ਦੇ 10 ਸਾਲਾਂ ਬਾਰੇ 2005 ਵਿਚ ਹਾਂਗਕਾਂਗ ਵਿਚ ਹੋਈ ਕਾਨਫਰੰਸ ਵਿਚ ਪੇਸ਼ ਮੇਰੇ ਇਕ ਅਧਿਐਨ ਵਿਚ ਮੇਰਾ ਅੰਦਾਜ਼ਾ ਸੀ ਕਿ ਅਮੀਰ ਦੇਸ਼ ਖੇਤੀਬਾੜੀ ਦੇ ਨਾਂ ਉੱਤੇ ਜਿਹੜੀਆਂ ਸਬਸਿਡੀਆਂ ਦਿੰਦੇ ਹਨ, ਉਨ੍ਹਾਂ 'ਚੋਂ 80 ਫ਼ੀਸਦੀ ਐਗਰੀ-ਬਿਜ਼ਨਸ ਕੰਪਨੀਆਂ ਨੂੰ ਜਾਂਦੀਆਂ ਹਨ।

ਸਾਫ਼ ਲਫ਼ਜ਼ਾਂ ਵਿਚ ਆਖਿਆ ਜਾਵੇ ਤਾਂ ਕਿਸਾਨ ਇਕ ਅਜਿਹੇ ਆਲਮੀ ਆਰਥਿਕ ਢਾਂਚੇ ਦਾ ਸ਼ਿਕਾਰ ਹਨ ਜਿਸ ਨੇ ਜਾਣ-ਬੁੱਝ ਕੇ ਖੇਤੀਬਾੜੀ ਨੂੰ ਕੰਗਾਲ ਬਣਾ ਰੱਖਿਆ ਹੈ। ਖੇਤੀ ਪਹਿਲਾਂ ਹੀ ਪਿਰਾਮਿਡ ਦੇ ਹੇਠਲੇ ਪੱਧਰ 'ਤੇ ਹੈ ਅਤੇ ਬਾਜ਼ਾਰ ਇਸ ਦੀ ਆਮਦਨ ਨੂੰ ਵਧਾਉਣ ਵਿਚ ਨਾਕਾਮ ਰਹੇ ਹਨ। ਜੇ ਬਾਜ਼ਾਰ ਇੰਨੇ ਹੀ ਕਾਰਜਕੁਸ਼ਲ ਸਨ, ਤਾਂ ਮੈਨੂੰ ਕੋਈ ਕਾਰਨ ਦਿਖਾਈ ਨਹੀਂ ਦਿੰਦਾ ਕਿ ਕਿਉਂ ਇਕ ਅਮਰੀਕੀ ਕਿਸਾਨ ਦੀ 40 ਫ਼ੀਸਦੀ ਆਮਦਨ ਤੇ ਇਕ ਯੂਰਪੀ ਕਿਸਾਨ ਦੀ 50 ਫ਼ੀਸਦੀ ਆਮਦਨ ਸਬਸਿਡੀ ਸਹਾਇਤਾ ਰਾਹੀਂ ਆਉਂਦੀ ਹੋਵੇ। ਇਸ ਨੂੰ ਤੁਸੀਂ ਭਲਾਈ ਅਰਥਸ਼ਾਸਤਰ ਆਖ ਸਕਦੇ ਹੋ, ਪਰ ਹਕੀਕਤ ਇਹੋ ਹੈ ਕਿ ਘਾਟੇ ਨੂੰ ਪੂਰਨ ਦੇ ਹੋਰ ਬਹੁਤੇ ਬਦਲ ਨਹੀਂ ਹਨ।

ਆਲਮੀ ਨਾਬਰਾਬਰੀ ਰਿਪੋਰਟ ਮੁਤਾਬਿਕ ਆਲਮੀ ਪੱਧਰ 'ਤੇ ਸਭ ਤੋਂ ਵੱਧ ਅਮੀਰ 10 ਫ਼ੀਸਦੀ ਲੋਕਾਂ ਕੋਲ ਬਾਕੀ ਹੇਠਲੇ 76 ਫ਼ੀਸਦੀ ਲੋਕਾਂ ਤੋਂ ਵੱਧ ਦੌਲਤ ਹੈ। ਦੂਜੇ ਪਾਸੇ ਭਾਰਤ ਵਿਚ ਸਭ ਤੋਂ ਵੱਧ 10 ਫ਼ੀਸਦੀ ਅਮੀਰਾਂ ਕੋਲ ਮੁਲਕ ਦੀ 77 ਫ਼ੀਸਦੀ ਦੌਲਤ ਹੈ। ਦੂਜੇ ਪਾਸੇ ਭਾਰਤ ਦੇ ਅੱਧੇ ਸਭ ਤੋਂ ਵੱਧ ਗ਼ਰੀਬਾਂ ਕੋਲ ਦੌਲਤ ਦਾ ਮਹਿਜ਼ ਇਕ ਫ਼ੀਸਦੀ ਹੈ। ਇਸੇ ਤਰ੍ਹਾਂ ਆਲਮੀ ਪੱਧਰ 'ਤੇ ਵੀ ਸਭ ਤੋਂ ਵੱਧ ਗ਼ਰੀਬਾਂ ਕੋਲ ਦੋ ਫ਼ੀਸਦੀ ਹੀ ਦੌਲਤ ਹੈ। ਦੂਜੇ ਲਫ਼ਜ਼ਾਂ ਵਿਚ, ਸਾਫ਼ ਹੈ ਕਿ ਆਰਥਿਕ ਵਿਕਾਸ ਵੀ ਸਮਾਜਿਕ ਭਲਾਈ ਦਾ ਕੋਈ ਪੈਮਾਨਾ ਨਹੀਂ।




**ਕਿਸਾਨਾਂ ਨੂੰ ਘੱਟ ਕੀਮਤ ਕਾਰਨ ਹੋਣ ਵਾਲੇ ਨੁਕਸਾਨ ਦੀ ਪੂਰਤੀ ਲਈ ਇਕ ਭਲਾਈ ਕਦਮ ਉਠਾਉਂਦਿਆਂ ਆਮਦਨ ਦੀ ਸਿੱਧੀ ਸਹਾਇਤਾ ਦੇਣ ਲਈ ਸਰਕਾਰ ਨੇ ਤਿੰਨ ਕਿਸ਼ਤਾਂ ਵਿਚ ਸਾਲਾਨਾ 6000 ਰੁਪਏ ਉਨ੍ਹਾਂ ਨੂੰ ਦੇਣ ਦੀ ਸਕੀਮ ਦੀ ਸ਼ੁਰੂਆਤ ਕੀਤੀ ਹੈ। ਹੈਰਾਨੀ ਦੀ ਗੱਲ ਹੈ ਕਿ ਇਸ ਸਹਾਇਤਾ ਨੂੰ ਵੀ ਕਿਸਾਨਾਂ ਲਈ ਇਕ ਹੋਰ ਖ਼ੈਰਾਤ ਵਜੋਂ ਦੇਖਿਆ ਜਾਂਦਾ ਹੈ ਅਤੇ ਇਸ ਕਾਰਨ ਰਾਜਕੋਸ਼ੀ ਘਾਟੇ ਵਿਚ ਹੋਣ ਵਾਲੇ ਇਜ਼ਾਫ਼ੇ ਲਈ ਇਸ ਉੱਤੇ ਬਹੁਤ ਸਾਰੇ ਸਵਾਲ ਖੜ੍ਹੇ ਕੀਤੇ ਜਾਂਦੇ ਹਨ। ਪਰ ਮੈਨੂੰ ਉਮੀਦ ਹੈ ਕਿ ਨਵੇਂ ਸਾਲ ਦੌਰਾਨ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਰਾਹੀਂ ਹਰੇਕ ਕਿਸਾਨ ਨੂੰ ਹਰ ਮਹੀਨੇ ਘੱਟੋ-ਘੱਟ 5000 ਰੁਪਏ ਸਹਾਇਤਾ ਦਿੱਤੀ ਜਾ ਸਕਦੀ ਹੈ ਜਿਨ੍ਹਾਂ ਵਿਚ ਕਾਸ਼ਤਕਾਰ (tenant farmers) ਵੀ ਸ਼ਾਮਲ ਹਨ।**

ਇਹ ਹਾਲਾਤ ਜਿੰਨੇ ਸਾਫ਼ ਤੌਰ 'ਤੇ ਖੇਤੀ




ਵਿਚ ਦਿਖਾਈ ਦਿੰਦੇ ਹਨ, ਓਨੇ ਹੋਰ ਕਿਤੇ ਨਹੀਂ। ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਇਸ ਦਾ ਸਾਰ ਇੰਝ ਬਿਆਨਿਆ ਹੈ : 'ਪੰਜਾਹ ਹਾਲ ਪਹਿਲਾਂ ਰੈਂਚਰਾਂ (ਅਮਰੀਕਾ ਵਿਚ ਫਾਰਮ ਹਾਊਸਾਂ ਦੇ ਮਾਲਕ ਕਿਸਾਨ) ਨੂੰ ਉਨ੍ਹਾਂ ਦੇ ਪਰਿਵਾਰ ਵੱਲੋਂ ਖਰਚੇ ਜਾਂਦੇ ਹਰੇਕ ਇਕ ਡਾਲਰ ਵਿਚੋਂ 60 ਸੈਂਟ (ਭਾਵ 60 ਫ਼ੀਸਦੀ) ਕਮਾਈ ਹੋ ਜਾਂਦੀ ਸੀ। ਹੁਣ ਉਨ੍ਹਾਂ ਨੂੰ ਮਹਿਜ਼ 39 ਸੈਂਟ (39 ਫ਼ੀਸਦੀ) ਹੀ ਮਿਲਦੇ ਹਨ। ਪੰਜਾਹ ਹਾਲ ਪਹਿਲਾਂ ਸੂਰ ਪਾਲਕਾਂ ਨੂੰ ਕਿਸੇ ਖ਼ਪਤਕਾਰ ਵੱਲੋਂ ਖ਼ਰਚੇ ਹਰੇਕ ਇਕ ਡਾਲਰ ਵਿਚੋਂ 48 ਤੋਂ 50 ਸੈਂਟ ਮਿਲ ਜਾਂਦੇ ਸਨ, ਪਰ ਹੁਣ ਮਹਿਜ਼ 19 ਸੈਂਟ ਮਿਲਦੇ ਹਨ। ਦੂਜੇ ਪਾਸੇ ਵੱਡੀਆਂ ਕੰਪਨੀਆਂ ਭਾਰੀ ਮੁਨਾਫ਼ੇ ਕਮਾ ਰਹੀਆਂ ਹਨ।' ਇਸ ਤੋਂ ਪਹਿਲਾਂ ਅਮਰੀਕੀ ਖੇਤੀ ਵਿਭਾਗ ਦੇ ਚੀਫ਼ ਇਕਨੌਮਿਸਟ ਨੇ ਮੰਨਿਆ ਸੀ ਕਿ ਅਮਰੀਕਾ ਵਿਚ ਖੇਤੀ ਆਮਦਨ ਵਿਚ 1960ਵਿਆਂ ਤੋਂ ਤੇਜ਼ ਗਿਰਾਵਟ ਆ ਰਹੀ ਹੈ। ਇਹ ਅਜਿਹੇ ਮੁਲਕ ਵਿਚ ਵਾਪਰ ਰਿਹਾ ਹੈ ਜਿੱਥੇ ਬਾਜ਼ਾਰਾਂ ਦਾ ਦਬਦਬਾ ਹੈ ਅਤੇ ਮਹਿਜ਼ ਬੀਤੇ ਸਾਲ ਦੀ ਆਖ਼ਰੀ ਤਿਮਾਹੀ ਦੌਰਾਨ ਹੀ ਕਾਰੋਪਰੇਟ ਮੁਨਾਫ਼ੇ ਵਧ ਕੇ 2.11 ਖਰਬ ਡਾਲਰ ਤੱਕ ਪੁੱਜ ਗਏ ਹਨ। ਖੇਤੀ ਦੇ ਕਿੱਤੇ ਵਿਚ ਬਚੀ ਹੋਈ ਥੋੜ੍ਹੀ ਜਿਹੀ ਆਬਾਦੀ ਦੀ ਮਦਦ ਲਈ ਅਮਰੀਕਾ ਵੱਲੋਂ ਹਰੇਕ ਪੰਜ ਸਾਲ ਬਾਅਦ ਵੱਡੇ ਪੱਧਰ 'ਤੇ ਸਬਸਿਡੀਆਂ ਤੇ ਨਿਵੇਸ਼ਾਂ ਦੀ ਮਦਦ ਲਈ ਜਾਂਦੀ ਹੈ।

ਭਾਰਤ ਵਿਚ ਵੀ ਹਾਲਾਤ ਇਸ ਤੋਂ ਕੋਈ ਵੱਖਰੇ ਨਹੀਂ। ਅਧਿਐਨਾਂ ਮੁਤਾਬਿਕ ਖੇਤੀ ਆਮਦਨ ਬੀਤੇ 15 ਸਾਲਾਂ ਦੇ ਸਭ ਤੋਂ ਹੇਠਲੇ ਪੱਧਰ ਤੱਕ ਡਿੱਗ ਚੁੱਕੀ ਹੈ। ਇਸ ਤੋਂ ਪਹਿਲਾਂ ਨੀਤੀ ਆਯੋਗ ਨੇ 2011-12 ਤੋਂ 2015-16 ਦੇ ਪੰਜ ਸਾਲਾ ਅਰਸੇ ਦੀ ਅਸਲ ਖੇਤੀ ਆਮਦਨ ਦਾ ਲੇਖਾ-ਜੋਖਾ ਕੀਤਾ ਸੀ, ਜੋ ਸਾਲਾਨਾ ਅੱਧਾ ਫ਼ੀਸਦੀ ਤੋਂ ਵੀ ਘੱਟ (ਸਹੀ ਤੌਰ 'ਤੇ 0.44 ਫ਼ੀਸਦੀ) ਬਣਦੀ ਸੀ। 2016 ਵਿਚ ਆਰਥਿਕ ਸਰਵੇਖਣ ਵਿਚ ਵੀ ਰਿਪੋਰਟ ਕੀਤਾ ਗਿਆ ਸੀ ਕਿ ਭਾਰਤ ਦੇ 17 ਸੂਬਿਆਂ, ਜੋ ਮੋਟੇ ਤੌਰ 'ਤੇ ਅੱਧਾ ਭਾਰਤ ਬਣਦਾ ਹੈ, ਵਿਚ ਔਸਤ ਖੇਤੀ ਆਮਦਨ ਸਾਲਾਨਾ ਮਹਿਜ਼ 20 ਹਜ਼ਾਰ ਰੁਪਏ ਬਣਦੀ ਹੈ। ਇਸ ਦੀ ਮਾਸਿਕ ਔਸਤ 1700 ਰੁਪਏ ਤੋਂ ਵੀ ਘੱਟ ਬਣਦੀ ਹੈ। ਦੂਜੇ ਪਾਸੇ, 2021 ਵਿਚ ਕੀਤੇ ਗਏ ਪੇਂਡੂ ਪਰਿਵਾਰਾਂ ਦੇ ਹਾਲੀਆ ਹਾਲਾਤੀ ਮੁਲਾਂਕਣ ਸਰਵੇਖਣ ਵਿਚ ਇਕ ਕਿਸਾਨ ਪਰਿਵਾਰ ਦੀ ਔਸਤ ਆਮਦਨ ਮਹਿਜ਼ 10218 ਰੁਪਏ ਮਾਸਿਕ ਦੱਸੀ ਗਈ ਹੈ ਜਿਹੜੀ 2018-19 ਵਿਚ ਇਕੱਤਰ ਕੀਤੇ ਗਏ ਅੰਕੜਿਆਂ ਉੱਤੇ ਆਧਾਰਿਤ ਸੀ। ਪਰ ਇਕੱਲੀਆਂ ਖੇਤੀਬਾੜੀ ਕਾਰਵਾਈਆਂ (ਗ਼ੈਰ-ਖੇਤੀ ਸਰਗਰਮੀਆਂ ਨੂੰ ਛੱਡ ਕੇ) ਤੋਂ ਹੋਣ ਵਾਲੀ ਆਮਦਨ ਮਹਿਜ਼ 27 ਰੁਪਏ ਰੋਜ਼ਾਨਾ ਬਣਦੀ ਹੈ। ਇਸ ਤਰ੍ਹਾਂ ਦਹਾਕਿਆਂ ਤੋਂ ਅਜਿਹੀ ਤਰਸਯੋਗ ਹਾਲਤ ਵਾਲੀ ਬਹੁਤ ਹੀ ਘੱਟ ਆਮਦਨ ਦਾ ਸਿੱਟਾ ਖੇਤੀ ਸੰਕਟ ਦੇ ਰੂਪ ਵਿਚ ਨਿਕਲਿਆ ਹੈ ਅਤੇ ਇਸ ਕਾਰਨ ਕਿਸਾਨ ਖ਼ੁਦਕੁਸ਼ੀਆਂ ਦੇ ਰਾਹ ਪਏ ਹਨ। ਇਸ ਹਾਲਾਤ ਨੇ ਕਿਸਾਨਾਂ ਨੂੰ ਖੇਤੀ ਛੱਡ ਕੇ ਛੋਟੀ-ਮੋਟੀ ਮਜ਼ਦੂਰੀ ਦੀ ਤਲਾਸ਼ ਵਿਚ ਸ਼ਹਿਰਾਂ ਵੱਲ ਹਿਜਰਤ ਕਰਨ ਲਈ ਮਜਬੂਰ ਕੀਤਾ ਹੈ।

ਕਿਸਾਨਾਂ ਵੱਲੋਂ ਆਪਣੀਆਂ ਜਿਣਸਾਂ ਦੇ ਭਾਅ ਵਧਾਉਣ ਲਈ ਕੀਤੀ ਜਾਣ ਵਾਲੀ ਕਿਸੇ ਵੀ ਮੰਗ ਦਾ ਬਾਜ਼ਾਰ ਦੇ ਹਮਾਇਤੀਆਂ ਵੱਲੋਂ ਜ਼ੋਰਦਾਰ ਵਿਰੋਧ ਕੀਤਾ ਜਾਂਦਾ ਹੈ। ਦਬਦਬੇ ਵਾਲੇ ਅਰਥਸ਼ਾਸਤਰੀਆਂ ਦੀ ਇਕ ਜਮਾਤ ਕਿਸਾਨਾਂ ਉੱਤੇ ਬਾਜ਼ਾਰ ਨਾਲ ਨਾ ਜੁੜਨ ਦੇ ਦੋਸ਼ ਲਾਉਂਦੀ ਹੈ, ਕਿਉਂਕਿ ਬਾਜ਼ਾਰ ਕੁਸ਼ਲਤਾ ਨੂੰ ਅਹਿਮੀਅਤ ਦਿੰਦੇ ਹਨ ਤੇ ਆਰਥਿਕ ਨਿਆਂ ਮੁਹੱਈਆ ਕਰਾਉਂਦੇ ਹਨ। ਪਰ ਇੱਥੋਂ ਤੱਕ ਕਿ ਅਮੀਰ ਮੁਲਕਾਂ ਵਿਚ ਵੀ ਜਿਸ ਸਵਾਲ ਦਾ ਕੋਈ ਜਵਾਬ ਨਹੀਂ ਦਿੱਤਾ ਜਾ ਰਿਹਾ, ਉਹ ਹੈ ਕਿ ਬਾਜ਼ਾਰ ਕਿਸ ਕਾਰਨ ਕਿਸਾਨਾਂ ਦੀ ਆਰਥਿਕ ਮੁਕਤੀ ਹਾਸਲ ਕਰਨ ਵਿਚ ਮਦਦ ਨਹੀਂ ਕਰ ਸਕੇ।

ਅਜਿਹੇ ਨਿਰਾਸ਼ਾਜਨਕ ਹਾਲਾਤ ਵਿਚ ਇਹ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ ਕਿ ਕਿਸਾਨ ਭਾਈਚਾਰਾ ਕਿਵੇਂ ਦਿਨ-ਕਟੀ ਕਰਦਾ ਹੈ। ਆਖ਼ਰ ਭਾਰਤੀ ਕਿਸਾਨ ਹਕੀਕਤ ਵਿਚ ਦੌਲਤ ਦੇ ਸਿਰਜਕ ਹਨ-ਭਾਰਤ ਵਿਚ ਪੈਦਾ ਹੋਣ ਵਾਲੇ ਕੁੱਲ ਅਨਾਜ ਦੀ ਕੀਮਤ ਕੁੱਲ ਮਿਲਾ ਕੇ 400,722,025 ਡਾਲਰ ਬਣਦੀ ਹੈ। ਇੰਨਾ ਹੀ ਨਹੀਂ, ਸਾਲ ਦਰ ਸਾਲ ਰਿਕਾਰਡ ਪੈਦਾਵਾਰ ਦੇ ਸਿੱਟੇ ਵਜੋਂ ਕਿਸਾਨ ਲਗਾਤਾਰ ਜ਼ਿਆਦਾ ਉਪਜ ਪੈਦਾ ਕਰ ਰਹੇ ਹਨ, ਜਦੋਂਕਿ ਉਨ੍ਹਾਂ ਨੂੰ ਆਪਣੇ ਗੁਜ਼ਾਰੇ ਲਾਇਕ ਆਮਦਨ ਵੀ ਨਹੀਂ ਮਿਲ ਰਹੀ। 2022 ਦੌਰਾਨ ਅਨਾਜ ਦੀ ਰਿਕਾਰਡ 31.57 ਕਰੋੜ ਟਨ ਪੈਦਾਵਾਰ, ਫਲਾਂ ਤੇ ਸਬਜ਼ੀਆਂ ਦੀ 34.2 ਕਰੋੜ ਟਨ, ਦੁੱਧ ਦੀ 21 ਕਰੋੜ ਟਨ ਪੈਦਾਵਾਰ ਅਤੇ ਗੰਨੇ, ਤੇਲ ਬੀਜਾਂ, ਪਟਸਨ ਆਦਿ ਵਰਗੀਆਂ ਜਿਣਸਾਂ ਦੀ ਵੀ ਲਗਭਗ ਇੰਨੀ ਮਾਤਰਾ ਵਿਚ ਭਾਰੀ ਪੈਦਾਵਾਰ ਨਾਲ-ਕਿਸਾਨਾਂ ਨੇ ਮੁਲਕ ਲਈ ਆਰਥਿਕ ਦੌਲਤ ਪੈਦਾ ਕੀਤੀ, ਪਰ ਇਸ ਦੇ ਬਾਵਜੂਦ ਉਹ ਵਾਜਬ ਕੀਮਤਾਂ ਤੋਂ ਮਹਿਰੂਮ ਹਨ। ਜਿੱਥੇ ਬਾਜ਼ਾਰ ਨਾਕਾਮ ਹੋ ਜਾਂਦੇ ਹਨ, ਉੱਥੇ ਸਮਾਜਿਕ ਜ਼ਿੰਮੇਵਾਰੀ ਰਾਹੀਂ ਖਾਲੀਪਣ ਨੂੰ ਭਰਿਆ ਜਾ ਸਕਦਾ ਹੈ ਤੇ ਭਰਿਆ ਜਾਣਾ ਚਾਹੀਦਾ ਹੈ। ਖ਼ੁਰਾਕੀ ਮਹਿੰਗਾਈ ਨੂੰ ਕਾਬੂ ਵਿਚ ਰੱਖਣ ਲਈ ਸਮੇਂ-ਸਮੇਂ 'ਤੇ ਸਰਕਾਰਾਂ ਨੇ ਕਿਸਾਨਾਂ ਨੂੰ ਉਨ੍ਹਾਂ ਦੀ ਹੱਕੀ ਆਮਦਨ ਤੋਂ ਵਾਂਝੇ ਰੱਖਿਆ ਹੈ। ਮਤਲਬ ਸਾਫ਼ ਹੈ ਕਿ ਖ਼ੁਰਾਕੀ ਕੀਮਤਾਂ ਨੂੰ ਘੱਟ ਰੱਖਣ ਦੀ ਸਾਰੀ ਜ਼ਿੰਮੇਵਾਰੀ ਬੜੀ ਆਸਾਨੀ ਨਾਲ ਕਿਸਾਨਾਂ 'ਤੇ ਸੁੱਟ ਦਿੱਤੀ ਗਈ ਹੈ। ਕਿਸਾਨਾਂ ਨੂੰ ਘੱਟ ਕੀਮਤ ਕਾਰਨ ਹੋਣ ਵਾਲੇ ਨੁਕਸਾਨ ਦੀ ਪੂਰਤੀ ਲਈ ਇਕ ਭਲਾਈ ਕਦਮ ਉਠਾਉਂਦਿਆਂ ਆਮਦਨ ਦੀ ਸਿੱਧੀ ਸਹਾਇਤਾ ਦੇਣ ਲਈ ਸਰਕਾਰ ਨੇ ਤਿੰਨ ਕਿਸ਼ਤਾਂ ਵਿਚ ਸਾਲਾਨਾ 6000 ਰੁਪਏ ਉਨ੍ਹਾਂ ਨੂੰ ਦੇਣ ਦੀ ਸਕੀਮ ਦੀ ਸ਼ੁਰੂਆਤ ਕੀਤੀ ਹੈ। ਹੈਰਾਨੀ ਦੀ ਗੱਲ ਹੈ ਕਿ ਇਸ ਸਹਾਇਤਾ ਨੂੰ ਵੀ ਕਿਸਾਨਾਂ ਲਈ ਇਕ ਹੋਰ ਖ਼ੈਰਾਤ ਵਜੋਂ ਦੇਖਿਆ ਜਾਂਦਾ ਹੈ ਅਤੇ ਇਸ ਕਾਰਨ ਰਾਜਕੋਸ਼ੀ ਘਾਟੇ ਵਿਚ ਹੋਣ ਵਾਲੇ ਇਜ਼ਾਫ਼ੇ ਲਈ ਇਸ ਉੱਤੇ ਬਹੁਤ ਸਾਰੇ ਸਵਾਲ ਖੜ੍ਹੇ ਕੀਤੇ ਜਾਂਦੇ ਹਨ। ਪਰ ਮੈਨੂੰ ਉਮੀਦ ਹੈ ਕਿ ਨਵੇਂ ਸਾਲ ਦੌਰਾਨ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਰਾਹੀਂ ਹਰੇਕ ਕਿਸਾਨ ਨੂੰ ਹਰ ਮਹੀਨੇ ਘੱਟੋ-ਘੱਟ 5000 ਰੁਪਏ ਸਹਾਇਤਾ ਦਿੱਤੀ ਜਾ ਸਕਦੀ ਹੈ ਜਿਨ੍ਹਾਂ ਵਿਚ ਕਾਸ਼ਤਕਾਰ (tenant farmers) ਵੀ ਸ਼ਾਮਲ ਹਨ।

ਇਕ ਪਾਸੇ ਜਿੱਥੇ ਖੇਤੀ ਕਰਜ਼ਿਆਂ ਦੀ ਮੁਆਫ਼ੀ ਨੂੰ ਕਰਜ਼ ਬੇਜ਼ਾਬਤਗੀ ਤੇ ਨੈਤਿਕ ਖ਼ਤਰੇ ਵਜੋਂ ਦੇਖਿਆ ਜਾਂਦਾ ਹੈ, ਉੱਥੇ ਕਾਰਪੋਰੇਟ ਕਰਜ਼ ਮੁਆਫ਼ੀ ਨੂੰ ਆਰਥਿਕ ਵਿਕਾਸ ਨੂੰ ਠੁੰਮਣਾ ਦੇਣ ਵਾਲਾ ਕਦਮ ਕਰਾਰ ਦਿੱਤਾ ਜਾਂਦਾ ਹੈ। ਬੀਤੇ ਪੰਜ ਸਾਲਾਂ ਦੌਰਾਨ ਬੈਂਕਾਂ ਵੱਲੋਂ ਘੱਟੋ-ਘੱਟ 10 ਲੱਖ ਕਰੋੜ ਰੁਪਏ ਦੇ ਵੱਟੇ ਖਾਤੇ ਪਏ ਕਾਰਪੋਰੇਟ ਕਰਜ਼ਿਆਂ ਉੱਤੇ ਲੀਕ ਮਾਰੀ ਜਾ ਚੁੱਕੀ ਹੈ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਕਿ ਦੋਵੇਂ ਕਾਰਪੋਰੇਟ ਤੇ ਕਿਸਾਨ ਉਨ੍ਹਾਂ ਹੀ ਬੈਂਕਾਂ ਤੋਂ ਕਰਜ਼ੇ ਲੈਂਦੇ ਹਨ ਤਾਂ ਆਰਥਿਕ ਸੋਚ ਵਿਚਲੀ ਵਿਤਕਰੇਬਾਜ਼ੀ ਨੂੰ ਦਰਸਾਉਣ ਦੀ ਇਹ ਮਹਿਜ਼ ਇਕ ਉਦਾਹਰਣ ਹੈ।

ਅਮਰੀਕਾ ਹੀ ਨਹੀਂ ਸਗੋਂ ਸਾਰੇ ਸੰਸਾਰ ਵਿਚ ਖੇਤੀਬਾੜੀ ਨੂੰ ਕਿਉਂਕਿ ਬਾਜ਼ਾਰਾਂ ਨਾਲ ਜੋੜੇ ਜਾਣ ਕਾਰਨ ਬਹੁਤ ਨੁਕਸਾਨ ਉਠਾਉਣਾ ਪਿਆ ਹੈ, ਤਾਂ ਇਹ ਇਸ ਗੱਲ ਨੂੰ ਯਕੀਨੀ ਬਣਾਏ ਜਾਣ ਦਾ ਸਮਾਂ ਹੈ ਕਿ ਕਿਸਾਨਾਂ ਲਈ ਆਮਦਨ ਬਰਾਬਰੀ ਨੂੰ ਹਰ ਹਾਲ ਲਾਗੂ ਕੀਤਾ ਜਾਵੇ ਜਿਸ ਨੂੰ ਭਾਰਤ ਵਿਚ ਕਿਸਾਨਾਂ ਲਈ ਗਾਰੰਟੀਸ਼ੁਦਾ ਮੁੱਲ ਵੀ ਆਖਿਆ ਜਾਂਦਾ ਹੈ। ਮੇਰੇ ਖ਼ਿਆਲ ਵਿਚ ਇਹੋ ਕਿਸਾਨ ਭਲਾਈ ਦਾ ਬਿਹਤਰੀਨ ਤਰੀਕਾ ਹੋਵੇਗਾ। ਮੇਰੀ ਸਮਝ ਮੁਤਾਬਿਕ ਖੇਤੀ ਪੈਦਾਵਾਰ ਲਈ ਕਾਨੂੰਨੀ ਤੌਰ 'ਤੇ ਲਾਜ਼ਮੀ ਐਮਐੱਸਪੀ ਮੁਹੱਈਆ ਕਰਾਉਣਾ ਹੀ ਕਿਸਾਨਾਂ ਦੀ ਅਸਲੀ ਲੋੜ ਹੈ। ਜਦੋਂਕਿ ਖੇਤੀਬਾੜੀ ਨੂੰ ਸੁਧਾਰਾਂ ਦੀ ਲੋੜ ਹੈ ਤਾਂ ਕਿਸਾਨਾਂ ਨੂੰ ਮੌਜੂਦਾ ਸੰਕਟ ਤੋਂ ਬਾਹਰ ਕੱਢਣ ਦਾ ਸਭ ਤੋਂ ਵਧੀਆ ਤਰੀਕਾ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਵਾਜਬ ਤੇ ਮੁਨਾਫ਼ਾਬਖ਼ਸ਼ ਮੁੱਲ ਮੁਹੱਈਆ ਕਰਾਉਣਾ ਹੀ ਹੈ। ਹਰ ਕਿਸੇ ਵਾਂਗ ਕਿਸਾਨਾਂ ਨੂੰ ਵੀ ਗੁਜ਼ਾਰੇ ਜੋਗੀ ਆਮਦਨ ਦੀ ਜ਼ਰੂਰਤ ਹੈ ਤੇ ਇਸ ਦੇ ਨਾਲ ਹੀ ਨੌਜਵਾਨ ਪੀੜ੍ਹੀ ਵੱਲੋਂ ਖੇਤੀਬਾੜੀ ਨੂੰ ਪੇਸ਼ੇ ਵਜੋਂ ਅਪਣਾਉਣ ਦੀ ਉਮੀਦ ਕੀਤੀ ਜਾ ਸਕਦੀ ਹੈ।

## ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਮਹਾਨ ਜਰਨੈਲ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ

ਅਵਤਾਰ ਸਿੰਘ ਆਨੰਦ

ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ 1682 ਨੂੰ ਤਰਨ ਤਾਰਨ ਜ਼ਿਲ੍ਹੇ ਦੇ ਸਰਹੱਦੀ ਪਿੰਡ ਪਹੂਵਿੰਡ ਵਿੱਚ ਮਾਤਾ ਜਿਊਣੀ ਜੀ ਅਤੇ ਪਿਤਾ ਭਗਤਾ ਜੀ ਦੇ ਘਰ ਹੋਇਆ। 1699 ਵਿੱਚ ਜਦੋਂ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਸਿੱਖ ਸੰਗਤ ਨੂੰ ਆਉਣ ਲਈ ਆਖਿਆ ਸੀ ਤਾਂ ਉਸ ਸਮੇਂ ਬਾਬਾ ਦੀਪ ਸਿੰਘ ਜੀ ਆਪਣੇ ਮਾਤਾ-ਪਿਤਾ ਨਾਲ ਸ੍ਰੀ ਆਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਏ ਸਨ। ਉਦੋਂ ਹੀ ਉਨ੍ਹਾਂ ਨੇ ਅੰਮ੍ਰਿਤ ਦੀ ਦਾਤ ਹਾਸਲ ਕੀਤੀ। ਕਾਫ਼ੀ ਸਮਾਂ ਉਹ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੀ ਗੁਰੂ ਗੋਬਿੰਦ ਸਿੰਘ ਜੀ ਕੋਲ ਰਹੇ।

ਬਾਬਾ ਦੀਪ ਸਿੰਘ ਜੀ ਨੇ ਭਾਈ ਮਨੀ ਸਿੰਘ ਨਾਲ ਵੀ ਕਾਫੀ ਸਮਾਂ ਗੁਜ਼ਾਰਿਆ। ਇਥੇ ਹੀ ਉਨ੍ਹਾਂ ਨੇ ਗੁਰਮੁਖੀ ਪੜ੍ਹਨੀ ਤੇ ਲਿਖਣੀ ਸਿੱਖੀ। ਨਾਲ ਹੀ ਉਨ੍ਹਾਂ ਸ਼ਸਤਰ ਵਿਦਿਆ ਵੀ ਹਾਸਲ ਕੀਤੀ। ਬਾਬਾ ਜੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦਾ ਆਪਣੇ ਹੱਥਾਂ ਨਾਲ ਉਤਾਰਾ ਕਰ ਕੇ ਵੱਖ-ਵੱਖ ਥਾਵਾਂ 'ਤੇ ਭੇਜਿਆ ਕਰਦੇ। ਬਾਬਾ ਜੀ ਨੇ ਗੁਰੂ ਸਾਹਿਬਾਨ ਦੀ ਬਾਣੀ ਤੇ ਸ਼ਬਦਾਂ ਦੀ ਵਿਆਖਿਆ ਕੀਤੀ।

ਦੋ ਸਾਲ ਆਨੰਦਪੁਰ ਸਾਹਿਬ ਰਹਿ ਕੇ ਉਹ ਆਪਣੇ ਪਿੰਡ ਪਰਤ ਆਏ। ਇਧਰ ਆਨੰਦਪੁਰ ਸਾਹਿਬ ਨੂੰ ਘੇਰਾ ਪੈ ਗਿਆ ਤਾਂ ਗੁਰੂ ਜੀ ਨੇ ਕਿਲ੍ਹਾ ਖਾਲੀ ਕਰ ਦਿੱਤਾ। ਬਾਬਾ ਦੀਪ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲੇ ਅਤੇ ਆਨੰਦਪੁਰ ਸਾਹਿਬ ਦੇ ਸਮੇਂ ਨਾਲ ਨਾ ਰਹਿਣ ਦੀ ਮੁਆਫ਼ੀ ਮੰਗੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਗਲ ਨਾਲ ਲਾਇਆ ਅਤੇ ਕਿਹਾ, 'ਆਪ ਦੇ ਹਿੱਸੇ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਅਜੇ ਬਾਕੀ ਹਨ, ਜੋ ਤੁਸੀਂ ਪੂਰੀਆਂ ਕਰਨੀਆਂ ਹਨ।'



ਧੀਰਮੱਲੀਏ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਦੇਣ ਤੋਂ ਮੁੱਕਰ ਗਏ ਤਾਂ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਨੂੰ ਸੇਵਾ ਸੌਂਪ ਕੇ ਬੀੜ ਤਿਆਰ ਕਰਵਾਈ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਕੀਤੀ। ਬਾਬਾ ਜੀ ਨੇ ਉਸ ਬੀੜ ਦਾ ਪਾਠ ਸਿੱਖਾਂ ਨੂੰ ਅਰਥਾਂ ਸਮੇਤ ਪੜ੍ਹਾਇਆ। ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਤੋਂ ਦੱਖਣ ਨੂੰ ਜਾਣ ਲੱਗੇ ਤਾਂ ਉਨ੍ਹਾਂ ਨੇ ਭਾਈ ਮਨੀ ਸਿੰਘ ਨੂੰ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀ ਸੇਵਾ-ਸੰਭਾਲ ਲਈ ਭੇਜ ਦਿੱਤਾ ਅਤੇ ਬਾਬਾ ਦੀਪ ਸਿੰਘ ਤਲਵੰਡੀ ਸਾਬੋ ਵਿਖੇ ਰਹਿ ਕੇ ਗੁਰਬਾਣੀ ਲਿਖਵਾਉਣ ਅਤੇ ਪੜ੍ਹਾਉਣ ਦੀ ਸੇਵਾ ਕਰਨ ਲੱਗੇ।

1748 ਨੂੰ ਵਿਸਾਖੀ ਵਾਲੇ ਦਿਨ ਦਲ ਖਾਲਸਾ ਦੇ 65 ਜਥਿਆਂ ਨੂੰ 12 ਮਿਸਲਾਂ ਵਿਚ ਪੁਨਰਗਠਿਤ ਕੀਤਾ ਗਿਆ ਤੇ ਉਨ੍ਹਾਂ 12 ਮਿਸਲਾਂ 'ਚੋਂ ਬਾਬਾ ਦੀਪ ਸਿੰਘ ਜੀ ਨੂੰ 'ਸ਼ਹੀਦ ਮਿਸਲ' ਦਾ ਮੁਖੀ ਥਾਪਿਆ ਗਿਆ। ਇਸ ਤੋਂ ਪਹਿਲਾਂ ਜਦੋਂ 1746 ਈਸਵੀ ਵਿੱਚ ਯਹੀਆ ਖਾਨ ਨੇ ਦੀਵਾਨ ਲਖਪਤ ਰਾਏ ਦੀ ਅਗਵਾਈ ਵਿੱਚ ਸਿੱਖਾਂ ਵਿਰੁੱਧ ਮੁਹਿੰਮ ਸ਼ੁਰੂ ਕੀਤੀ ਸੀ ਤਾਂ ਉਹ ਉਸ ਸਮੇਂ ਆਪਣੀ ਫੌਜੀ ਟੁਕੜੀ ਲੈ ਕੇ ਤਲਵੰਡੀ ਸਾਬੋ ਅਤੇ ਕਾਨੂਵਾਲ ਦੇ ਜੰਗਲਾਂ ਵਿੱਚ ਲੜਨ ਲਈ ਪਹੁੰਚੇ ਸਨ। ਇਸ ਲੜਾਈ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ।

1756 ਈਸਵੀ ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ 'ਤੇ ਚੌਥਾ ਹਮਲਾ ਕੀਤਾ। ਜਦੋਂ ਉਹ ਇੱਥੇ ਲੁੱਟ ਕਰ ਕੇ ਕਾਬਲ ਪਰਤ ਰਿਹਾ ਸੀ ਤਾਂ ਬਾਬਾ ਦੀਪ ਸਿੰਘ ਦੀ 'ਸ਼ਹੀਦ ਮਿਸਲ' ਨੇ ਕੁਰੂਕਸ਼ੇਤਰ ਦੇ ਕੋਲ ਪਿਪਲੀ ਅਤੇ ਮਾਰਕੰਡੇ ਦੇ ਦਰਿਆ ਤੋਂ ਲਗਭਗ ਤਿੰਨ ਸੌ ਔਰਤਾਂ ਦੇ ਨਾਲ ਨਾਲ ਬਹੁਤ ਸਾਰਾ ਕੀਮਤੀ ਸਮਾਨ ਵਾਪਸ ਕਰਵਾਇਆ। ਇਸ ਦਾ ਬਦਲਾ ਲੈਣ ਲਈ ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਲਾਹੌਰ ਦਾ ਗਵਰਨਰ ਨਿਯੁਕਤ ਕਰ ਕੇ ਸਿੱਖਾਂ ਨੂੰ ਖ਼ਤਮ ਕਰਨ ਅਤੇ ਗੁਰਦੁਆਰਿਆਂ ਨੂੰ ਢਾਹੁਣ ਦਾ ਕੰਮ ਸ਼ੁਰੂ ਕਰ ਦਿੱਤਾ। ਇਸ ਬਾਰੇ ਪਤਾ ਲੱਗਣ 'ਤੇ ਬਾਬਾ ਦੀਪ ਸਿੰਘ ਨੇ ਤੈਮੂਰ ਸ਼ਾਹ ਨਾਲ ਦੋ ਹੱਥ ਕਰਨ ਦਾ ਫ਼ੈਸਲਾ ਕਰ ਲਿਆ।

ਬਾਬਾ ਜੀ ਦਮਦਮਾ ਸਾਹਿਬ ਤੋਂ 500 ਸਿੰਘਾਂ ਦਾ ਜਥਾ ਲੈ ਕੇ ਅੰਮ੍ਰਿਤਸਰ ਸਾਹਿਬ ਵੱਲ ਤੁਰ ਪਏ। ਅੰਮ੍ਰਿਤਸਰ ਤਕ ਆਉਂਦਿਆਂ ਇਹ ਜਥਾ ਪੰਜ ਹਜ਼ਾਰ ਸਿੰਘਾਂ ਦਾ ਹੋ ਗਿਆ। ਤਰਨ ਤਾਰਨ ਤੋਂ ਥੋੜੀ ਦੂਰ ਆ ਕੇ ਉਨ੍ਹਾਂ ਆਪਣੀ ਤਲਵਾਰ ਨਾਲ ਜ਼ਮੀਨ 'ਤੇ ਲਕੀਰ ਖਿੱਚੀ ਅਤੇ ਕਿਹਾ ਕਿ ਜਿਹੜੇ ਸਿੰਘ ਕੁਰਬਾਨੀਆਂ ਲਈ ਤਿਆਰ ਹਨ, ਉਹ ਇਹ ਲਕੀਰ ਟੱਪ ਕੇ ਉਨ੍ਹਾਂ ਵੱਲ ਆ ਜਾਣ ਅਤੇ ਜਿਨ੍ਹਾਂ ਨੇ ਘਰ ਜਾਣਾ ਹੈ, ਉਹ ਦੂਜੇ ਪਾਸੇ ਹੀ ਰਹਿਣ। ਇਸ ਦੌਰਾਨ ਕਾਫੀ ਸਿੰਘ ਬਾਬਾ ਜੀ ਨਾਲ ਤੁਰੇ।

ਲਾਹੌਰ ਦਰਬਾਰ ਵਿੱਚ ਜਦੋਂ ਪਤਾ ਲੱਗਾ ਤਾਂ ਜਹਾਨ ਖਾਨ ਨੇ ਘਬਰਾ ਕੇ ਇਸ ਲੜਾਈ ਨੂੰ 'ਇਸਲਾਮ ਖਤਰੇ ਵਿੱਚ ਹੈ' ਕਹਿ ਕੇ 20 ਹਜ਼ਾਰ ਫ਼ੌਜੀਆਂ ਨਾਲ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ। ਸਿੰਘ ਇਸ ਵੇਲੇ ਆਰ-ਪਾਰ ਦੀ ਲੜਾਈ ਲਈ ਤੁਲੇ ਹੋਏ ਸਨ। ਬਾਬਾ ਦੀਪ ਸਿੰਘ ਅਤੇ ਬਾਕੀ ਸਿੱਖ ਅਜਿਹੀ ਬਹਾਦਰੀ ਨਾਲ ਜੰਗ ਦੇ ਮੈਦਾਨ ਵਿੱਚ ਨਿੱਤਰੇ ਕਿ ਜਹਾਨ ਖਾਨ ਦੀ ਫੌਜ ਵਿੱਚ ਭਾਜੜ ਮਚ ਗਈ। ਦੂਜੇ ਪਾਸੇ ਜਹਾਨ ਖਾਨ ਦਾ ਨਾਇਬ ਫ਼ੌਜੀ ਜਮਾਲ ਸ਼ਾਹ ਅੱਗੇ ਵਧਿਆ ਅਤੇ ਬਾਬਾ ਜੀ ਨੂੰ ਲਲਕਾਰਨ ਲਗਾ। ਦੋਹਾਂ ਵਿੱਚ ਘਮਾਸਾਨ ਲੜਾਈ ਹੋਈ। ਉਸ ਸਮੇਂ ਬਾਬਾ ਦੀਪ ਸਿੰਘ ਜੀ ਦੀ ਉਮਰ 75 ਸਾਲ ਦੀ ਸੀ, ਜਦੋਂ ਕਿ ਜਮਾਲ ਸ਼ਾਹ ਦੀ ਉਮਰ ਲਗਭਗ 40 ਸਾਲ ਸੀ। ਬਾਬਾ ਜੀ ਨੇ ਪੈਂਤਰਾ ਬਦਲ ਕੇ ਇੱਕ ਖੰਡੇ ਦਾ ਵਾਰ ਜਮਾਲ ਸ਼ਾਹ ਦੀ ਗਰਦਨ 'ਤੇ ਕੀਤਾ ਪਰ ਇਸ ਦੌਰਾਨ ਜਮਾਲ ਸ਼ਾਹ ਨੇ ਬਾਬਾ ਜੀ 'ਤੇ ਵੀ ਪੂਰੇ ਜੋਸ਼ ਨਾਲ ਤਲਵਾਰ ਦਾ ਵਾਰ ਕਰ ਦਿੱਤਾ, ਜਿਸ ਕਾਰਨ ਦੋਹਾਂ ਦੀਆਂ ਗਰਦਨਾਂ ਇੱਕੋ ਵੇਲੇ ਜ਼ਮੀਨ 'ਤੇ ਡਿੱਗ ਪਈਆਂ। ਉਦੋਂ ਕੋਲ ਖੜ੍ਹੇ ਬਾਬਾ ਦਿਆਲ ਸਿੰਘ ਨੇ ਬਾਬਾ ਜੀ ਨੂੰ ਕਿਹਾ, 'ਖਾਲਸਾ ਜੀ ਤੁਸੀਂ ਤਾਂ ਕਿਹਾ ਸੀ ਕਿ ਮੈਂ ਆਪਣਾ ਸਿਰ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਭੇਟ ਕਰਾਂਗਾ। ਤੁਸੀ ਤਾਂ ਇੱਥੇ ਰਸਤੇ ਵਿੱਚ ਸਰੀਰ ਤਿਆਗ ਰਹੇ ਹੋ ?' ਉਸੇ ਵੇਲੇ ਬਾਬਾ ਜੀ ਉਠ ਖੜ੍ਹੇ ਹੋਏ ਅਤੇ ਆਪਣਾ ਖੰਡਾ ਅਤੇ ਕੱਟਿਆ ਹੋਇਆ ਸੀਸ ਹਥੇਲੀ 'ਤੇ ਚੁੱਕ ਕੇ ਦਰਬਾਰ ਸਾਹਿਬ ਵੱਲ ਚਾਲੇ ਪਾ ਦਿੱਤੇ। ਇਸ ਢੰਗ ਨਾਲ ਰਣਭੂਮੀ ਵਿੱਚ ਜੂਝਦੇ ਹੋਏ ਵੇਖ ਕੇ ਦੁਸ਼ਮਣ ਫ਼ੌਜਾਂ ਵਿੱਚ ਭਗਦੜ ਮਚ ਗਈ।

ਆਪਣੇ ਦੋਧਾਰੀ 18 ਸੇਰ ਦੇ ਖੰਡੇ ਨਾਲ ਦੁਸ਼ਮਣ ਫੌਜ ਨਾਲ ਲੜਦੇ ਹੋਏ ਬਾਬਾ ਜੀ ਅੰਤ ਦਰਬਾਰ ਸਾਹਿਬ ਪਹੁੰਚ ਗਏ। ਪਰਿਕਰਮਾ ਵਿੱਚ ਜਾ ਕੇ ਗੁਰੂਘਰ ਨੂੰ ਨਮਸਕਾਰ ਕੀਤਾ ਅਤੇ ਉਥੇ ਹੀ ਉਹ 13 ਨਵੰਬਰ 1757 ਨੂੰ ਸ਼ਹੀਦੀ ਪ੍ਰਾਪਤ ਕਰ ਗਏ।

---

# ਬਾਬਾ ਦੀਪ ਸਿੰਘ ਜੀ ਸ਼ਹੀਦ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਸਿੱਖ ਧਰਮ ਇਕ ਸਮਾਜ ਸੁਧਾਰ ਲਹਿਰ ਹੈ। ਮਾਨਵਵਾਦੀ ਸੋਚ ਹੈ ਕਿ ਸਿੱਖ ਧਰਮ ਤੇ ਚਲਦਿਆਂ ਆਪਣੀ ਸਵੈ ਰੱਖਿਆ ਅਤੇ ਸਵੈਮਾਣ ਵਾਲਾ ਜੀਵਨ ਜਿਊਣ ਲਈ ਤਿਆਰ ਹੋਣ। ਸਿਆਸੀ ਤਾਕਤ ਜਨ ਸਾਧਾਰਨ ਨੂੰ ਹਾਸਲ ਹੋਵੇ। ਇਸ ਲਈ ਦ੍ਰਿੜ ਨਿਸ਼ਚੇ ਵਾਲੀ ਅਗਵਾਈ ਦੀ ਜ਼ਰੂਰਤ ਸੀ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਗ੍ਰਹਿਸਥ ਨੂੰ ਰੂਹਾਨੀ ਵਿਸਥਾਰ ਮੰਨਿਆ। ਸਮਾਜ ਨੂੰ ਝੂਠੇ ਕਰਮਕਾਂਡਾਂ ਵਿਚੋਂ ਕੱਢ ਕੇ ਸਾਵੀਂ ਪੱਧਰੀ ਜੀਵਨ ਜਾਚ ਸਿਖਾਈ। ਸਿੱਖ ਗੁਰੂ ਸਾਹਿਬਾਨ ਨੇ ਨਾਬਰਾਬਰੀ ਵਾਲੇ ਸਮਾਜ ਦੀ ਧਾਰਮਿਕ, ਸਮਾਜਿਕ ਤੇ ਸਿਆਸੀ ਦਸ਼ਾ ਨੂੰ ਬਦਲਿਆ। ਉਨ੍ਹਾਂ ਨੇ ਬੇਗਰਜ਼ ਸੇਵਾ ਤੇ ਜ਼ੋਰ ਦਿੱਤਾ। ਸਮਾਜ ਨੂੰ ਜਾਤ ਪਾਤ ਦੇ ਬੰਧਨਾਂ ਤੋਂ ਉਪਰ ਚੁੱਕ ਕੇ ਮਾਨਵਵਾਦੀ ਇਨਕਲਾਬ ਨਾਲ ਜੋੜ ਦਿੱਤਾ। ਸਮੇਂ ਦੀਆਂ ਮੁਗਲ ਹਕੂਮਤਾਂ ਨੇ ਸਿੱਖੀ ਨੂੰ ਖਤਮ ਕਰਨ ਲਈ ਹਰ ਅਣਮਨੁੱਖੀ ਹੀਲਾ ਵਰਤਿਆ। ਮੁਗਲ ਹਾਕਮਾਂ ਦੀ ਜਬਰੀ ਧਰਮ ਪਰਿਵਰਤਨ ਦੀ ਖ਼ੂਨੀ ਨੀਤੀ ਨੇ ਸਮਾਜਿਕ ਇਖਲਾਕ ਨੂੰ ਭਾਰੀ ਸੱਟ ਮਾਰੀ।

ਗੁਰੂ ਗੋਬਿੰਦ ਸਿੰਘ ਜੀ ਨੇ ਮਾਨਵੀ ਬਰਾਬਰੀ ਲਈ ਖ਼ਾਲਸਾ ਪੰਥ ਸਾਜ ਕੇ ਮੁਗਲ ਸਾਮਰਾਜ ਦੇ ਧਾਰਮਿਕ ਅਤੇ ਸਿਆਸੀ ਅਤਿਆਚਾਰ ਵਿਰੁਧ ਸੰਘਰਸ਼ ਕੀਤਾ। ਇਸ ਸਿਆਸੀ ਉਥਲ ਪੁਥਲ ਵਿਚ ਗੁਰੂ ਸਾਹਿਬ ਜੀ ਨੂੰ ਅਨੰਦਪੁਰ ਛੱਡਣਾ ਪਿਆ। ਉਪਰੰਤ ਚਮਕੌਰ ਅਤੇ ਮੁਕਤਸਰ ਦੇ ਜੰਗ ਹੋਏ। ਗੁਰੂ ਸਾਹਿਬ ਜੀ ਤੋਂ ਬਾਅਦ ਡੇਢ ਸਾਲ ਵਿਚ ਹੀ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਰਹਿੰਦ ਫਤਹਿ ਕਰ ਲਿਆ। ਜੂਨ 9,1716 ਨੂੰ ਬਾਬਾ ਜੀ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ ਤੇ ਜ਼ੁਲਮ ਹੋਰ ਵੀ ਵਧ ਗਏ। ਪਰ ਖਾਲਸੇ ਨੇ ਗੁਰੂ ਗ੍ਰੰਥ ਸਾਹਿਬ ਜੀ ਤੇ ਨਿਸ਼ਚੈ ਰੱਖਿਆ। ਦ੍ਰਿੜ ਇਰਾਦੇ ਅਤੇ ਬਹਾਦਰੀ ਨਾਲ ਸਿੱਖ ਸੰਘ ਸੰਗਠਿਤ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਜੀ ਨੇ 12 ਮਿਸਲਾਂ ਨੂੰ ਇਕੱਠਾ ਕਰਕੇ ਵਿਸ਼ਾਲ ਖ਼ਾਲਸਾ ਰਾਜ ਸਥਾਪਤ ਕਰ ਲਿਆ। ਮਿਸਲ ਸ਼ਹੀਦਾਂ ਦੇ ਬਾਨੀ ਬਾਬਾ ਦੀਪ ਸਿੰਘ ਜੀ ਸਨ। ਇਸ ਮਿਸਲ ਦੇ ਕੋਲ ਸ਼ਾਹਜਾਦਪੁਰ, ਕੇਸਮੀ, ਰਣਖੰਡੀ, ਬੜਥਾ, ਜਮਾਈ-ਸਹਾਰਨਪੁਰ ਦੇ ਇਲਾਕੇ ਸਨ। ਆਪ ਜੀ ਦਾ ਜਨਮ 26 ਜਨਵਰੀ 1682 ਈ. ਪਿੰਡ ਪਹੂਵਿੰਡ ਜ਼ਿਲ੍ਹਾ ਤਰਨ ਤਾਰਨ ਦੇ ਸਾਧਾਰਣ ਪਰਿਵਾਰ ਭਾਈ ਜਗਤੂ ਅਤੇ ਮਾਤਾ ਜਿਊਣੀ ਦੇ ਘਰ ਹੋਇਆ। ਆਪ ਜੀ ਦਾ ਨਾਉਂ ਦੀਪਾ ਰੱਖਿਆ ਗਿਆ। ਜਦੋਂ 18 ਸਾਲ ਦੇ ਸਨ ਤਾਂ ਉਹ ਆਪਣੇ ਮਾਤਾ ਪਿਤਾ ਨਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨਾਂ ਲਈ ਅਨੰਦਪੁਰ ਗਏ ਸਨ। ਕੁਝ ਦਿਨਾਂ ਬਾਅਦ ਉਨ੍ਹਾਂ ਦੇ ਮਾਪੇ ਤਾਂ ਪਿੰਡ ਪਰਤ ਗਏ ਪਰ ਗੁਰੂ ਸਾਹਿਬ ਜੀ ਨੇ ਦੀਪੇ ਨੂੰ ਆਪਣੇ ਕੋਲ ਹੀ ਰੱਖ ਲਿਆ। ਨੌਜਵਾਨ ਦੀਪੇ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ ਤੇ ਨਾਂ ਦੀਪ ਸਿੰਘ ਹੋ ਗਿਆ।

ਉਨ੍ਹਾਂ ਨੇ ਸਾਸ਼ਤਰ ਅਤੇ ਸ਼ਸਤਰ ਵਿਦਿਆ ਵਿਚ ਮਾਨਤਾ ਪ੍ਰਾਪਤ ਕਰ ਲਈ। ਤਦ 22 ਸਾਲ ਦੀ ਉਮਰ ਵਿਚ ਵਿਦਵਾਨ ਭਾਈ ਮਨੀ ਸਿੰਘ ਜੀ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ। ਆਪ ਇਕ ਅਭਿਆਸੀ ਸੰਤ ਸਿਪਾਹੀ ਸਨ। ਗਠੀਲਾ ਸਰੀਰ, ਮਜਬੂਤ ਇਰਾਦਾ, ਸੂਰਮੇ ਜਿਹਾ ਜਲਾਲ ਅਤੇ ਨਿਪੁੰਨ ਯੋਧੇ, ਵਿਦਵਾਨ ਲਿਖਾਰੀ ਅਤੇ ਕੀਰਤਨੀਏ ਬਣ ਗਏ। ਕੁਝ ਸਮੇਂ ਲਈ ਪਿੰਡ ਪਰਤ ਗਏ ਸਨ। ਉੱਥੇ ਉਨ੍ਹਾਂ ਆਪਣੇ ਇਲਾਕੇ ਵਿਚ ਸਿੱਖ ਧਰਮ ਦਾ ਬੜਾ ਪ੍ਰਚਾਰ ਕੀਤਾ। ਸੰਗਤਾਂ ਵਿਚ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰ-ਪਿਤਾ ਤੇਗ ਬਹਾਦਰ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤਾ ਤਾਂ ਬਾਬਾ ਦੀਪ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨਾਲ ਸਹਿਯੋਗ ਕੀਤਾ। ਆਪ ਜੀ ਨੇ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਚਾਰ ਤਖਤਾਂ ਨੂੰ ਭੇਜੇ ਸਨ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਦੱਖਣ ਵੱਲ ਵਧਣਾ ਸੀ, ਤਾਂ ਦਮਦਮਾ ਸਾਹਿਬ ਦੀ ਜ਼ਿੰਮੇਵਾਰੀ ਬਾਬਾ ਜੀ ਨੂੰ ਸੌਂਪ ਦਿੱਤੀ ਸੀ। ਜੰਗੀ ਜੀਵਨ ਵਿਚ ਬਾਬਾ ਜੀ ਨੇ ਬਾਬਾ ਬੰਦਾ ਸਿੰਘ ਜੀ ਬਹਾਦਰ ਨਾਲ ਜੰਗਾਂ ਵਿਚ ਹਿੱਸਾ ਲਿਆ ਅਤੇ ਭਰਪੂਰ ਸਾਥ ਦਿੱਤਾ। ਬਾਬਾ ਜੀ ਦੀ ਬਹਾਦਰੀ ਤੋਂ ਦੁਸ਼ਮਣ ਡਰ ਕੇ ਦੌੜ ਜਾਂਦੇ ਸਨ। ਆਪ ਜੀ ਦਾ ਜਥਾ 'ਸ਼ਹੀਦੀ ਜਥਾ' ਵਜੋਂ ਮਸ਼ਹੂਰ ਹੋਇਆ। ਸੰਨ੍ਹ 1738 ਵਿਚ ਜ਼ਕਰੀਆ ਖਾਨ ਨੇ ਅੰਮ੍ਰਿਤਸਰ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਸਿੰਘ ਮਾਲਵੇ ਵਲ ਵਧ ਗਏ। ਇਸ ਤੋਂ ਬਾਅਦ ਹੋਈਆਂ ਝੜਪਾਂ ਵਿਚ ਲਖਪਤ ਰਾਏ ਦਾ ਭਤੀਜਾ ਦੁਨੀ ਚੰਦ ਮਾਰਿਆ ਗਿਆ। ਜ਼ਕਰੀਆ ਖਾਨ ਖੁਦ ਮੈਦਾਨ ਵਿਚ ਉਮਰ ਆਇਆ। ਸੈਂਕੜੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ। ਭਾਈ ਮਨਜੀ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਅਗਸਤ 14, 1740 ਨੂੰ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਨੇ ਮੱਸੇ ਰੰਗੜ ਜੋ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਦਾ ਦੋਸ਼ੀ ਸੀ, ਨੂੰ ਸਬਕ ਸਿਖਾਉਣ ਲਈ ਬੀਕਾਨੇਰ ਤੋਂ ਤੁਰੇ ਤਾਂ ਉਹ ਰਸਤੇ ਵਿਚ ਬਾਬਾ ਜੀ ਕੋਲ ਦਮਦਮਾ ਸਾਹਿਬ ਠਹਿਰੇ ਅਤੇ ਮੱਸੇ ਰੰਗੜ ਦਾ ਸਿਰ ਨੇਜੇ ਤੇ ਟੰਗ ਕੇ ਵਾਪਸੀ ਤੇ ਵੀ ਦਮਦਮਾ ਸਾਹਿਬ ਠਹਿਰੇ ਸਨ।

ਅਹਿਮਦ ਸ਼ਾਹ ਅਬਦਾਲੀ ਨੇ1755-56 ਵਿਚ ਚੌਥੀ ਵਾਰ ਭਾਰਤ ਤੇ ਹਮਲਾ ਕੀਤਾ। ਉਸ ਦੇ ਸੈਨਿਕ ਸੋਨਾ ਚਾਂਦੀ ਅਤੇ ਹੋਰ ਕੀਮਤੀ ਸਾਮਾਨ ਅਤੇ ਹਜ਼ਾਰਾਂ ਔਰਤਾਂ ਵੀ ਲੈ ਤੁਰੇ। ਬਾਬਾ ਜੀ ਦਾ ਜਥਾ ਮਾਰਕੰਡਾ ਨਦੀ ਤੇ ਤਾਇਨਾਤ ਸੀ। ਸਿੰਘਾਂ ਨੇ ਅਬਦਾਲੀ ਦੇ ਸਿਪਾਹੀਆਂ ਤੇ ਹਮਲਾ ਕਰ ਦਿੱਤਾ। ਸਾਰਾ ਸਾਮਾਨ ਲੁੱਟ ਲਿਆ ਅਤੇ ਔਰਤਾਂ ਨੂੰ ਸੁਰੱਖਿਅਤ ਉਨ੍ਹਾਂ ਦੇ ਘਰ ਪਹੁੰਚਾਇਆ।

ਅਬਦਾਲੀ ਨੇ 1757 ਵਿਚ ਜਹਾਨ ਖਾਨ ਨੂੰ ਅੰਮ੍ਰਿਤਸਰ ਦਾ ਹਾਕਮ ਨਿਯੁਕਤ ਕੀਤਾ। ਉਸ ਨੇ ਮਈ 1757 ਵਿਚ ਅੰਮ੍ਰਿਤਸਰ ਨੂੰ ਲੁੱਟਿਆ। ਅੰਮ੍ਰਿਤਸਰ ਦੇ ਮੁਖੀ ਜਮਾਲ ਖਾਂ ਨੇ ਦਰਬਾਰ ਸਾਹਿਬ ਦੀ ਬੇਅਦਬੀ ਅਤੇ ਪਵਿੱਤਰ ਸਰੋਵਰ ਨੂੰ ਵੀ ਪੂਰ ਦਿੱਤਾ। ਉਸ ਨੇ ਰਾਮਰੌਣੀ ਦੇ ਕਿਲੇ ਨੂੰ ਵੀ ਢਾਹ ਦਿੱਤਾ। ਇਸ ਬੇਪਤੀ ਦੀ ਖਬਰ ਬਾਬਾ ਜੀ ਨੇ ਜਥੇਦਾਰ ਭਾਗ ਸਿੰਘ ਜੀ ਤੋਂ ਤਲਵੰਡੀ ਸਾਬੋ ਮਿਲੀ ਤਾਂ ਬਾਬਾ ਜੀ ਨੇ ਰੋਹ ਵਿਚ ਆ ਕੇ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਸਿੰਘਾਂ ਨੂੰ ਕਿਹਾ ਚਲੋ ਹੁਣ ਬੰਦੀ ਛੋੜ ਦਿਵਸ ਅੰਮ੍ਰਿਤਸਰ ਹੀ ਮਨਾਇਆ ਜਾਵੇਗਾ। ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਹੇਠ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਰੱਖਿਆ ਲਈ ਇਕੱਠੇ ਹੋ ਗਏ। ਉਹ ਜਥਾ ਅੰਮ੍ਰਿਤਸਰ ਵਲ ਵਧ ਪਿਆ। ਰਸਤੇ ਵਿਚੋ ਜਦੋਂ ਤਰਨ ਤਾਰਨ ਪਹੁੰਚੇ ਤਾਂ ਸਿੰਘਾਂ ਦੀ ਗਿਣਤੀ 5000 ਹੋ ਗਈ। ਬਾਬਾ ਜੀ ਨੇ ਵੰਗਾਰਿਆ ਕਿ ਇਸ ਧਰਮ ਯੁੱਧ ਵਿਚ ਜੋ ਮਰ ਮਿਟਣ ਅਤੇ ਸ਼ਹੀਦ ਹੋਣ ਲਈ ਤਿਆਰ ਹਨ ਤਾਂ ਉਹ ਹੀ ਸਾਡੇ ਨਾਲ ਤੁਰਨ। ਸਾਰੇ ਸਿੰਘ ਬਾਬਾ ਜੀ ਨਾਲ ਤੁਰ ਪਏ।

ਜਹਾਨ ਖਾਂ ਨੇ ਵੀ 20000 ਦੀ ਫੌਜ ਲੈ ਕੇ ਤਰਨ ਤਾਰਨ ਵਲ ਵਧਣਾ ਸ਼ੁਰੂ ਕਰ ਦਿੱਤਾ। ਅੰਮ੍ਰਿਤਸਰ ਤੋਂ ਪੰਜ ਮੀਲ ਦੂਰ ਪਿੰਡ ਗੋਹਲਵਾਲ ਜਾ ਕੇ ਬਾਬਾ ਜੀ ਨੇ ਦੁਸ਼ਮਣ ਦੀ ਫੌਜ ਨੂੰ ਲਲਕਾਰਿਆ ਜਿੱਥੇ ਗੁਰਦੁਆਰਾ 'ਲਲਕਾਰ ਸਾਹਿਬ' ਸਥਿਤ ਹੈ। ਜਹਾਨ ਖਾਨ ਨੇ ਵੀ ਅਤਾਈ ਖਾਨ ਨੂੰ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਜਹਾਨ ਖਾਨ ਆਪ ਵੀ ਘੋੜ ਸਵਾਰ ਫੌਜ ਲੈ ਕੇ ਗੋਹਲਵਾਲ ਪਹੁੰਚ ਗਿਆ। ਸਿੰਘਾਂ ਅਤੇ ਅਫ਼ਗਾਨਾਂ ਵਿਚ ਲਹੂ ਡੋਲਵੀਂ ਜੰਗ ਹੋਈ। ਅਫ਼ਗਾਨ ਫੌਜ ਸਿੰਘਾਂ ਦਾ ਸਾਹਮਣਾ ਨਾ ਕਰ ਸਕੀ। ਗਹਿਗੱਚ ਜੰਗ ਹੋਈ। ਸਿੰਘ ਇਕ ਇਕ ਕਰਕੇ ਸ਼ਹੀਦ ਹੋਣ ਲੱਗੇ। ਜੰਗ ਹੁਣ ਚਰਮ-ਸੀਮਾ ਤੇ ਆ ਕੇ ਹੋਰ ਵੀ ਭਿਅੰਕਰ ਹੋ ਗਈ। ਦੂਰ ਦੂਰ ਤੱਕ ਲਾਸ਼ਾਂ ਦੇ ਢੇਰ ਸਨ। ਇਸ ਸਮੇਂ ਤੱਕ ਯਾਕੂਬ ਖਾਂ ਅਤੇ ਸਾਬਕ ਅਲੀ ਖਾਂ ਵੀ ਮੁਕਾਬਲੇ ਤੇ ਆ ਗਏ।

(ਬਾਕੀ ਸਫ਼ਾ 30 'ਤੇ)

# ਜ਼ਾਲਮ ਸਰਕਾਰਾਂ ਤੇ ਜਾਗੀਰਦਾਰੀ ਸਿਸਟਮ ਨੂੰ ਵੰਗਾਰਨ ਵਾਲਾ ਬਾਗੀ ਸ਼ਾਇਰ-ਬਾਬਾ ਨਜ਼ਮੀ

**ਡਾ. ਰਵਿੰਦਰ ਸਿੰਘ**

ਬਾਬਾ ਨਜ਼ਮੀ ਦਾ ਨਾਂ ਪੰਜਾਬੀ ਸ਼ਾਇਰੀ ਦੇ ਖੇਤਰ ਵਿਚ ਵਿਸ਼ੇਸ਼ ਹੈ। ਉਸਨੇ ਆਪਣੀ ਬੇਬਾਕ ਲੇਖਣੀ ਕਰਕੇ ਜਿਹੜਾ ਮਾਣ, ਸਤਿਕਾਰ ਤੇ ਸਨਮਾਨ ਹਾਸਲ ਕੀਤਾ ਹੈ ਉਹ ਕਿਸੇ ਹੋਰ ਸਮਕਾਲੀ ਸ਼ਾਇਰ ਦੇ ਹਿੱਸੇ ਨਹੀਂ ਆਇਆ। ਉਸਦੀ ਸ਼ਾਇਰੀ ਮਨਪ੍ਰਚਾਵੇ ਦਾ ਸਾਧਨ ਨਹੀਂ ਹੈ। ਉਹ ਨਿਧੜਕ ਹੋ ਕੇ ਸਰਕਾਰ, ਜਗੀਰਦਾਰ ਤੇ ਠੇਕੇਦਾਰਾਂ ਨੂੰ ਵੰਗਾਰਨ ਵਾਲਾ ਕਵੀ ਹੈ। ਉਹ ਧਰਤੀ ਦਾ ਮੂੰਹ-ਮੱਥਾ ਸਵਾਰਨ ਵਾਲੇ ਕੰਮੀਆਂ, ਕਿਰਤੀਆਂ, ਔਰਤ ਨੂੰ ਹਲੂਣਾ ਦੇਣ ਵਾਲੀ ਸ਼ਾਇਰੀ ਕਰਦਾ ਹੈ। ਉਹ ਲਹਿੰਦੇ ਪੰਜਾਬ 'ਚੋਂ ਪੰਜਾਬੀ ਫ਼ਲਸਫ਼ੇ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪੁਜਦਾ ਕਰਨ ਵਾਲਾ ਸੰਜੀਦਾ ਲਿਖਾਰੀ ਹੈ। ਉਸਦੀ ਕਲਮ ਲੁਟੇਰੇ ਪ੍ਰਬੰਧ 'ਤੇ ਉਂਗਲ ਧਰਦੀ ਹੈ। ਅਣਮਨੁੱਖੀ ਵਰਤਾਰੇ ਨੂੰ ਤਹਿਸ-ਨਹਿਸ ਕਰਨਾ ਲੋਚਦੀ ਹੈ। ਉਸਦੀ ਕਲਮ ਵਿੱਚ ਜਾਨ ਹੈ। ਲੁੱਟ ਰਹਿਤ ਸਮਾਜ ਸਿਰਜਣ ਦੀ ਚਾਰਾਜੋਈ ਕਰਦੀ ਹੈ। ਸੰਸਾਰ ਭਰ ਵਿੱਚ ਵਸਦੇ ਪੰਜਾਬੀਆਂ ਨੇ ਉਸਨੂੰ 'ਲੋਕ ਸ਼ਾਇਰ' ਵਜੋਂ ਪ੍ਰਵਾਨਗੀ ਦਿੱਤੀ ਹੈ।

ਬਾਬਾ ਨਜ਼ਮੀ ਦਾ ਜਨਮ ਲਾਹੌਰ ਦੇ ਪਿੰਡ ਘੁਮਿਆਰਪਰਾ ਵਿੱਚ ਹੋਇਆ। ਉਨ੍ਹਾਂ ਦਾ ਦਾ ਅਸਲੀ ਨਾਂ ਬਸ਼ੀਰ ਹੁਸੈਨ ਹੈ। ਕਿਰਤੀ ਪਰਿਵਾਰ ਵਿੱਚ ਪੈਦਾ ਹੋਏ ਇਸ ਫ਼ਨਕਾਰ ਦੇ ਪਿਤਾ ਦਾ ਨਾਂ ਮੰਗਤੇ ਖ਼ਾਨ ਅਤੇ ਮਾਤਾ ਦਾ ਨਾਂ ਆਲਮ ਬੀਬੀ ਹੈ।

ਬਾਬਾ ਨਜ਼ਮੀ ਦੇ ਪਿਤਾ ਸਾਈਕਲ ਸੰਵਾਰਨ ਦਾ ਕੰਮ ਕਰਦਾ ਸੀ। ਘਰ ਵਿੱਚ ਤੰਗਦਸਤੀ ਸੀ। ਇਸੇ ਕਰਕੇ ਉਸਦੀ ਕਲਮ ਦੋ ਢੰਗ ਦੀ ਰੋਟੀ ਲਈ ਆਤੁਰ



ਨਿਮਾਣਿਆਂ ਦੀ ਪੀੜ ਨੂੰ ਬਿਆਨਦੀ ਹੈ। ਉਸਦੇ ਮਨ 'ਤੇ ਭਾਰਤ-ਪਾਕਿਸਤਾਨ ਦੀ ਵੰਡ ਦਾ ਡੂੰਘਾ ਅਸਰ ਹੈ। ਉਸਨੇ ਆਪਣੇ ਮਾਪਿਆਂ ਅਤੇ ਵੱਡੇਰਿਆਂ ਤੋਂ ਦੇਸ਼-ਵੰਡ ਦੀਆਂ ਦਰਦਨਾਕ ਘਟਨਾਵਾਂ ਸੁਣੀਆਂ ਹੋਈਆਂ ਹਨ। ਉਹਦੀ ਸ਼ਾਇਰੀ ਵਿੱਚੋਂ ਵੀ ਇਹ ਦਰਦ ਉਜਾਗਰ ਹੁੰਦਾ ਹੈ। ਦੇਸ਼-ਵੰਡ ਨਾਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਜਿੰਨਾ ਨੁਕਸਾਨ ਹੋਇਆ ਹੈ ਉਹ ਉਸਦੇ ਸੀਨੇ ਵਿੱਚ ਚਸਕਦਾ ਹੈ। ਉਹ ਸਿਰਫ਼ ਪਾਕਿਸਤਾਨ ਦੇ ਪੰਜਾਬੀਆਂ ਨੂੰ ਸੰਬੋਧਿਤ ਨਹੀਂ ਹੁੰਦਾ, ਸੰਸਾਰ ਦੇ ਹਰ ਕੋਨੇ ਵਿੱਚ ਵੱਸਦੇ ਪੰਜਾਬੀਆਂ ਨੂੰ ਹਲੂਣਾ ਦਿੰਦਾ ਹੈ।

ਮਜ਼ਦੂਰਾਂ ਦਾ ਜ਼ਿੰਦਗੀ ਜਿਉਣ ਲਈ ਕੀਤਾ ਜਾਂਦਾ ਸੰਘਰਸ਼ ਉਸਦੀ ਕਵਿਤਾ ਦਾ ਧੁਰਾ ਹੈ। ਉਹ ਇਸ ਸੰਘਰਸ਼ ਨੂੰ ਖ਼ੁਸ਼ੀ ਵਿੱਚ ਤਬਦੀਲ ਕਰਨ ਦੀ ਪ੍ਰਬਲ ਇੱਛਾ ਰੱਖਦਾ ਹੈ। ਉਸਨੇ ਆਪਣੇ ਵਿਆਹੁਤਾ ਜੀਵਨ ਵਿੱਚ ਗੁਰਬਤ ਨੂੰ ਹੱਡੀਂ ਹੰਢਾਇਆ ਹੈ। ਦਾਲ-ਰੋਟੀ ਦੇ ਆਹਰ ਲਈ ਉਸਨੇ ਬਹੁਤ ਸਾਰੇ ਕੰਮ ਕੀਤੇ ਹਨ। ਉਸਦਾ ਇਹ ਅਨੁਭਵ ਤੇ ਵਿਚਾਰਧਾਰਾ ਉਸਦੀਆਂ ਪੁਸਤਕਾਂ 'ਅੱਖਰ ਵਿੱਚ ਸਮੁੰਦਰ, ਸੋਚਾਂ ਵਿੱਚ ਜਹਾਨ, ਮੇਰਾ ਨਾਂ ਇਨਸਾਨ ਅਤੇ ਮੈਂ ਇਕਬਾਲ ਪੰਜਾਬੀ' ਦੇ ਵਿੱਚ ਮਹਿਸੂਸ ਕੀਤਾ ਜਾ ਸਕਦਾ ਹੈ। ਬਾਬਾ ਨਜ਼ਮੀ ਲੋਕ-ਪੱਖੀ ਵਿਚਾਰਧਾਰਾ ਦਾ ਕਵੀ ਹੈ। ਉਸ ਦੀ ਕਵਿਤਾ ਦੇ ਵਿਸ਼ੇ ਇਨਕਲਾਬੀ ਹਨ। ਜ਼ਿੰਦਗੀ ਜਿਉਣ ਲਈ ਤਰੱਦਦ ਕਰਦੇ ਮਨੁੱਖ ਦੇ ਹਿਰਦੇ ਨੂੰ ਟੁੰਬਦੇ ਹਨ। ਉਹ ਸਮਾਜਿਕ ਨਾ-ਬਰਾਬਰੀ, ਸਿਆਸੀ ਗੰਧਲੇਪਨ, ਆਰਥਿਕ ਪਾੜੇ ਅਤੇ ਭਾਸ਼ਾਈ ਮਸਲਿਆਂ ਦੀ ਰਾਜਨੀਤੀ ਨੂੰ ਕਾਂਟੇ ਹੇਠ ਲਿਆਉਂਦਾ ਹੈ। ਸੰਵੇਦਨਸ਼ੀਲ ਮਨੁੱਖ ਅੰਦਰ ਨਸਲੀ, ਕੌਮੀ ਅਤੇ ਜਾਤੀ ਵਿਤਕਰਿਆਂ ਤੋਂ ਪਾਰ ਜਾ ਕੇ ਸੱਚਮੁੱਚ ਦਾ ਇਨਸਾਨ ਬਣਕੇ ਵਿਚਰਨ ਦੀ ਚੇਤਨਾ ਜਗਾਉਂਦਾ ਹੈ।

ਬਾਬਾ ਨਜ਼ਮੀ ਸ਼ਾਇਰੀ ਦਾ ਨਾਇਕ ਨਿਰਾਸ਼ ਨਹੀਂ ਹੈ, ਬਗਾਵਤੀ ਹੈ, ਬੇਬਾਕ ਵਿਚਰਦਾ ਹੈ। ਜ਼ਿੰਦਗੀ ਦੇ ਔਖੇ ਤੋਂ ਔਖੇ ਮੁਕਾਮ 'ਤੇ ਵੀ ਹੱਥ ਨਹੀਂ ਜੋੜਦਾ, ਲੜਨ ਦਾ ਐਲਾਨ ਕਰਦਾ ਹੈ। ਪੱਥਰਾਂ ਦਾ ਪਾੜ ਕੇ ਉੱਗ ਆਉਣ ਦਾ ਜੇਰਾ ਰੱਖਦਾ ਹੈ। ਜ਼ਿੰਦਗੀ ਨੂੰ ਹੁਸੀਨ ਬਣਾਉਣ ਲਈ ਆਸਵੰਦ ਹੈ। ਉਸਦੇ ਨਾਇਕ ਦੁੱਲਾ, ਮਿਰਜ਼ਾ, ਵਰਿਆਮ, ਜਬਰੂ, ਭਗਤ ਸਿੰਘ ਤੇ ਊਧਮ ਸਿੰਘ ਜਿਹੇ ਮਰਜੀਵੜੇ ਹਨ। ਰਾਹ ਦਸੇਰੇ ਬਾਬਾ ਫਰੀਦ, ਸਤਿਗੁਰੂ ਨਾਨਕ, ਬੁੱਲ੍ਹਾ, ਵਾਰਸ, ਹਾਸ਼ਮ, ਸੱਚਲ ਅਤੇ ਭੱਟਾਈ ਹਨ। ਵਿਰਸੇ ਦਾ ਗਿਆਨ ਅਤੇ ਜਨੂੰਨ ਉਸਦੀ ਸ਼ਾਇਰੀ ਦਾ ਹਾਸਿਲ ਹੈ।

# ਮਾਘੀ ਮੁਕਤਸਰ ਦੀ ਯਾਦ ਵਿੱਚ ਧਾਰਮਿਕ ਕਵੀ ਦਰਬਾਰ ਸਜਿਆ



ਫਰੀਮਾਂਟ : (ਪ੍ਰਮਿੰਦਰ ਸਿੰਘ ਪ੍ਰਵਾਨਾ) : ਬੀਤੇ ਦਿਨੀਂ ਦੇਸ਼ ਵਿਦੇਸ਼ ਵਿਚ ਮੁਕਤਸਰ ਦੀ ਜੰਗ ਦੀ ਯਾਦ ਵਿਚ ਧਾਰਮਿਕ ਕਵੀ ਦੀਵਾਨ ਸਜਾਏ ਗਏ।ਉਸੇ ਲੜੀ ਵਿਚ 300 Gurdwara Road Fremont CA 94536 ਵਿਖੇ ਵੀ ਧਾਰਮਿਕ ਦੀਵਾਨ ਸਜਾਏ ਗਏ। ਚਲਦਿਆਂ ਦੀਵਾਨਾਂ ਵਿਚ ਅਮਰੀਕੀ ਪੰਜਾਬੀ ਕਵੀਆਂ ਵਲੋਂ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵਲੋਂ ਮੰਚ ਸੰਭਾਲਦਿਆਂ ਇਤਿਹਾਸ ਤੇ ਰੋਸ਼ਨੀ ਪਾਈ ਗਈ ਕਿ ਮੁਕਤਸਰ ਦੀ ਜੰਗ ਵਿਚ ਸਿੰਘ ਅਜਿਹੀ ਬਹਾਦਰੀ ਨਾਲ ਜੂਝੇ ਕਿ 250 ਸਿੰਘਾਂ ਨੇ 20,000 ਦੁਸ਼ਮਣ ਦੀ ਫੌਜ ਦਾ ਮੁਕਾਬਲਾ ਕਰਦਿਆਂ ਸ਼ਹੀਦੀਆਂ ਪਾਈਆਂ। ਜਿਨ੍ਹਾਂ ਵਿਚ ਉਹ 40 ਸਿੰਘ ਵੀ ਸਨ ਜੋ ਅਨੰਦਗੜ੍ਹ ਤੋਂ ਵਿਛੜ ਗਏ ਸਨ।ਹੁਣ ਮਾਈ ਭਾਗੋ ਅਤੇ ਮਹਾਂ ਸਿੰਘ ਦੀ ਅਗਵਾਈ ਹੇਠ ਲੜਦੇ ਸ਼ਹੀਦ ਹੋਏ। ਗੁਰੂ ਗੋਬਿੰਦ ਸਿੰਘ ਜੀ ਰਣਭੂਮੀ ਵਿਚ ਉਤਰ ਆਏ। ਗੁਰੂ ਸਾਹਿਬ ਸ਼ਹੀਦੀਆਂ ਦਾ ਮੁੱਲ ਪਾਉਂਦੇ ਗਏ। ਸ਼ਹੀਦਾਂ ਨੂੰ ਮੁਕਤਿਆਂ ਦਾ ਖਿਤਾਬ ਦਿੱਤਾ ਅਤੇ ਜੰਗ ਦੇ ਅਸਥਾਨ ਨੂੰ ਮੁਕਤਸਰ ਦਾ ਖਿਤਾਬ ਦਿੱਤਾ। ਮੁਕਤਸਰ ਦੀ ਜੰਗ ਦਾ ਸੁਨੇਹਾ ਹੈ ਕਿ ਜੁਲਮ ਦੇ ਖਿਲਾਫ਼ ਹਮੇਸ਼ਾ ਸੰਘਰਸ਼ਮਈ ਰਹਿਣਾ ਹੈ। ਇਹ ਸਾਡਾ ਗੌਰਵਮਈ ਵਿਰਸਾ ਹੈ, ਜਿਸ ਤੋਂ ਕੌਮ ਨੂੰ ਅਗਵਾਈ ਮਿਲਦੀ ਹੈ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਕਵੀ ਸ਼ਾਮਲ ਸਨ ਗੁਰਦਿਆਲ ਸਿੰਘ ਨੂਰਪੁਰੀ, ਠਾਕੁਰ ਸਿੰਘ, ਜਸਦੀਪ ਸਿੰਘ ਫਰੀਮਾਂਟ, ਮਹਿੰਦਰ ਸਿੰਘ ਰਾਜਪੂਤ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਜਿਨ੍ਹਾਂ ਨੇ ਧਾਰਮਿਕ ਵਿਰਸੇ ਦੀਆਂ ਜੋਸ਼ੀਲੀਆਂ ਕਵਿਤਾਵਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਪ੍ਰਬੰਧਕਾਂ ਵਲੋਂ ਪ੍ਰੋਗਰਾਮ ਦੀ ਸ਼ਲਾਘਾ ਕਰਦਿਆ ਭਵਿੱਖ ਵਿਚ ਅਜਿਹੇ ਪ੍ਰੋਗਰਾਮ ਕਰਵਾਉਣ ਦਾ ਸੰਕਲਪ ਦੁਹਰਾਇਆ। ਪ੍ਰਵਾਨਾ ਵਲੋਂ ਧੰਨਵਾਦੀ ਸ਼ਬਦਾਂ ਵਿਚ ਕਿਹਾ ਗਿਆ ਕਿ ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਹੀ ਅਜਿਹੇ ਪ੍ਰੋਗਰਾਮ ਸਫ਼ਲ ਹੁੰਦੇ ਹਨ। ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਿਚ ਦਵਿੰਦਰ ਸਿੰਘ, ਜਸਦੇਵ ਸਿੰਘ, ਕਮਲ ਅਟਵਾਲ ਅਤੇ ਕਸ਼ਮੀਰ ਸਿੰਘ ਸ਼ਾਹੀ ਦਾ ਭਰਪੂਰ ਯੋਗਦਾਨ ਰਿਹਾ। ਇਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋਇਆ।





ਹਰਮਨਪ੍ਰੀਤ ਸਿੰਘ
ਮੋ. 9855010005

# ਪੰਛੀਆਂ ਨੇ ਗਾਵਿਆ ਹਿੰਡੋਲ ਤੇ ਬਸੰਤ ਰਾਗ, ਚਿਰਾਂ ਪਿਛੋਂ ਰੱਬ ਨੇ ਮੁਰਾਦਾਂ ਨੇ ਵਿਖਾਲੀਆਂ



ਪੰਜਾਬੀ ਸੱਭਿਆਚਾਰ ’ਚ ਬੇਹੱਦ ਖਾਸ ਸਥਾਨ ਰੱਖਦਾ ਬਸੰਤ ਪੰਚਮੀ ਦਾ ਤਿਉਹਾਰ। ਇਤਿਹਾਸਕ ਤਾਂ ਹੈ ਹੀ ਅਤੇ ਨਾਲ ਹੀ ਬਸੰਤ ਪੰਚਮੀ ਦੇ ਇਸ ਤਿਉਹਾਰ ਨਾਲ ਸਮੇਂ-ਸਮੇਂ ਤੇ ਧਾਰਮਿਕ ਅਤੇ ਸਮਾਜਿਕ ਲਹਿਰਾਂ ਵੀ ਜੁੜਦੀਆਂ ਗਈਆਂ। ਬਸੰਤ ਪੰਚਮੀ ਦੇ ਤਿਉਹਾਰ ਨੂੰ ਦੇਸੀ ਸਾਲ ਦੇ ਕੈਲੰਡਰ ਮੁਤਾਬਿਕ ਮਾਘ ਮਹੀਨੇ ਦੇ ‘ਮਾਘ ਸੁਦੀ ਪੰਜ’ ਤੇ ਅੰਗਰੇਜ਼ੀ ਮਹੀਨੇ ਮੁਤਾਬਿਕ ਫਰਵਰੀ ਦੀ 5 ਤਰੀਕ ਨੂੰ ਦੇਸ਼, ਦੁਨੀਆ ਦੇ ਅਨੇਕਾਂ ਸ਼ਹਿਰਾਂ, ਪਿੰਡਾਂ ਤੇ ਕਸਬਿਆਂ ਵਿੱਚ ਬੜੇ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਬਾਹਰ ਦੀ ਰੁੱਤ ਬਸੰਤ ਖੁਸ਼ੀਆਂ ਖੇੜਿਆਂ ਦਾ ਮੌਸਮੀ ਤਿਉਹਾਰ ਹੋਣ ਦੇ ਨਾਲ-ਨਾਲ ਇਸ ਨੂੰ ਭਾਰਤ ਦੀਆਂ ਮੁੱਖ ‘ਛੇ ਰੁੱਤਾਂ ’ਚੋਂ ਸਭ ਤੋਂ ਮਨਮੋਹਣੀ ਰੁੱਤ ਵੀ ਮੰਨਿਆ ਜਾਂਦਾ ਹੈ ਅਤੇ ਇਸ ਲਈ ਇਸ ਰੁੱਤ ਨੂੰ ਰਿਤੂਰਾਜ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਅੱਧ ਮਾਘ ਤੋਂ ਮਗਰੋਂ ਆਈ ਬਹਾਰ ਦੀ ਰੁੱਤ ਬਸੰਤ ਦੀ ਆਮਦ ਨਾਲ ਵਾਤਾਵਰਨ ਵਿਚ ਤਬਦੀਲੀ ਆਉਣੀ ਸ਼ੁਰੂ ਹੋ ਜਾਂਦੀ ਹੈ, ਸਰਦ ਰੁੱਤ ਨੂੰ ਅਲਵਿਦਾ ਕਹਿ ਮੌਸਮ ਗਰਮ ਰੁੱਤ ਵੱਲ ਵਧਣ ਲੱਗਦਾ ਹੈ। ਇਸ ਬਸੰਤ ਰੁੱਤ ਦੀ ਆਮਦ ਨਾਲ ਫੁੱਲ-ਬੂਟਿਆਂ ਤੇ ਨਿਖਾਰ ਆਉਣ ਨਾਲ ਚੌਗਿਰਦਾ ਵੀ ਮਹਿਕ ਉੱਠਦਾ ਹੈ ਅਤੇ ਕੁਦਰਤ ਚਾਰੇ ਪਾਸੇ ਮਨਮੋਹਕ ਦ੍ਰਿਸ਼ ਪੇਸ਼ ਕਰਦੀ ਨਜ਼ਰ ਆਉਂਦੀ ਹੈ। ਖੇਤਾਂ ਵਿੱਚ ਪੂਰੇ ਜੋਬਨ ’ਤੇ ਆਈਆਂ ਫਸਲਾਂ ਵਾਤਾਵਰਨ ਵਿਚ ਆਪਣੀ ਖ਼ੂਬਸੂਰਤੀ ਵਿਛਾ ਰਹੀਆਂ ਹੁੰਦੀਆਂ ਹਨ। ਸਰ੍ਹੋਂ ਦੀ ਫਸਲ ‘ਆਈ ਬਸੰਤ ਪਾਲਾ ਉਡੰਤ’ ਦਾ ਸੁਨੇਹਾ ਦਿੰਦੀ ਜਾਪਦੀ ਹੈ, ਹਰੀਆਂ ਕਣਕਾਂ ਬਦਲਦੇ ਮੌਸਮ ’ਚ ਸੋਨੇ ਰੰਗੀ ਹੋਣ ਲਈ ਝੂਮਦੀਆਂ ਨਜ਼ਰੀਂ ਆਉਂਦੀਆਂ ਹਨ। ਪ੍ਰਾਚੀਨ ਭਾਰਤ ਵਿੱਚ ਪੂਰੇ ਸਾਲ ਨੂੰ ਜਿਸ ਨੂੰ ‘ਛੇ ਰੁੱਤਾਂ’ ਵਿੱਚ ਵੰਡਿਆ ਜਾਂਦਾ ਸੀ ਉਨ੍ਹਾਂ ਵਿੱਚ ਬਸੰਤ ਰੁੱਤ ਨੂੰ ਸਭ ਤੋਂ ਖ਼ੂਬਸੂਰਤ ਮੰਨਿਆ ਜਾਂਦਾ ਸੀ ਕਿਉਂਕਿ ਇਸ ਰੁੱਤ ਦੀ ਆਮਦ ਨਾਲ ਫੁੱਲਾਂ ਤੇ ਬਹਾਰ, ਅੰਬਾਂ ’ਤੇ ਬੂਰ, ਕਣਕਾਂ ਦਾ ਨਿਸਰਣ ਅਤੇ ਸਰੋਂ ਦੇ ਖਿੜੇ ਹੋਏ ਪੀਲੇ ਫੁੱਲ ਮਨਮੋਹਕ ਨਜ਼ਾਰਾ ਪੇਸ਼ ਕਰ ਕੁਦਰਤ ਦਾ ਸ਼ੁਕਰਾਨਾ ਕਰਦੇ ਜਾਪਦੇ ਹਨ। ਪੰਜਾਬੀ ਦੇ ਪ੍ਰਸਿੱਧ ਕਵੀ ਧਨੀ ਰਾਮ ਚਾਤ੍ਰਿਕ ਬਸੰਤ ਰੁੱਤ ’ਚ ਆਈ ਬਾਹਰ ਨੂੰ ਆਪਣੇ ਸ਼ਬਦਾਂ ਵਿਚ ਇਉਂ ਵਡਿਆਉਂਦੇ ਹਨ :

ਕੱਕਰਾਂ ਨੇ ਲੁੱਟ ਪੁੱਟ ਨੰਗ ਕਰ ਛੱਡੇ ਰੁੱਖ, ਹੋ ਗਏ ਨਿਹਾਲ ਅੱਜ ਪੁੰਗਰ ਕੇ ਡਾਲੀਆਂ ।

ਡਾਲੀਆਂ ਕਚਾਹ ਵਾਂਗ ਕੂਲੀਆਂ ਨੂੰ ਜਿੰਦ ਪਈ, ਆਲ੍ਹਣੇ ਦੇ ਬੋਟਾਂ ਵਾਂਗ ਖੰਭੀਆਂ ਉਛਾਲੀਆਂ ।

ਬਾਗ਼ਾਂ ਵਿਚ ਬੂਟਿਆਂ ਨੇ ਡੋਡੀਆਂ ਉਭਾਰੀਆਂ ਤੇ, ਮਿੱਠੀ ਮਿੱਠੀ ਪੌਣ ਆ ਕੇ ਸੁੱਤੀਆਂ ਉਠਾਲੀਆਂ ।

ਖਿੜ ਖਿੜ ਹਸਦੀਆਂ ਵੱਸਿਆ ਜਹਾਨ ਵੇਖ, ਗੁੱਟੇ ਉੱਤੇ ਕੇਸਰ, ਗੁਲਾਬ ਉਤੇ ਲਾਲੀਆਂ ।

ਫੁੱਲਾਂ ਭਰੇ ਗਮਲਿਆਂ ਨੂੰ ਜੋੜਿਆ ਕਤਾਰ ਬੰਨ੍ਹ, ਹਰੀ ਹਰੀ ਘਾਹ ਦੀ ਵਿਛਾਈ ਉੱਤੇ ਮਾਲੀਆਂ।

ਬੁਲਬੁਲ ਫੁੱਲ ਫੁੱਲ, ਫੁੱਲਾਂ ਦੇ ਸਦੱਕੇ ਲਏ, ਭੌਰੇ ਲਟਬੌਰਿਆਂ ਨੂੰ ਆਈਆਂ ਖ਼ੁਸ਼ਹਾਲੀਆਂ।

ਪੰਛੀਆਂ ਨੇ ਗਾਵਿਆ ਹਿੰਡੋਲ ਤੇ ਬਸੰਤ ਰਾਗ, ਚਿਰਾਂ ਪਿਛੋਂ ਰੱਬ ਨੇ ਮੁਰਾਦਾਂ ਨੇ ਵਿਖਾਲੀਆਂ।

ਕੇਸਰੀ ਦੁਪੱਟੇ ਨੂੰ ਬਸੰਤ ਕੌਰ ਪਹਿਨ ਜਦੋਂ, ਡੋਰੇ ਦਾਰ ਨੈਣਾਂ ਵਿਚੋਂ ਸੁੱਟੀਆਂ ਗੁਲਾਲੀਆਂ।

ਬਸੰਤ ਪੰਚਮੀ ਦੇ ਇਸ ਤਿਉਹਾਰ ਨੂੰ ਧਾਰਮਿਕ ਤੌਰ ’ਤੇ ਸਿੱਖ ਇਤਿਹਾਸ ਵਿਚ ਖਾਸ ਮਹੱਤਵ ਦਿੱਤਾ ਜਾਂਦਾ ਹੈ ਅਤੇ ਧਾਰਮਿਕ ਸਥਾਨਾਂ ’ਤੇ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਬਸੰਤ ਪੰਚਮੀ ਤੇ ਹਰ ਸਾਲ ਗੁਰਦੁਆਰਾ ਸ੍ਰੀ ਛੇਹਰਟਾ ਸਾਹਿਬ ਵਿਖੇ ਬੜਾ ਭਾਰੀ ਮੇਲਾ ਲੱਗਦਾ ਹੈ। ਛੇਹਰਟਾ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਇੱਕ ਇਤਿਹਾਸਿਕ ਕਸਬਾ ਹੈ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜਨਮ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਦੀ ਧਰਤੀ ਤੇ ‘ਛੇ ਹਰਟਾਂ’ ਵਾਲਾ ਖੂਹ ਲਗਵਾਇਆ, ਜਿਥੋਂ ਇਸ ਦਾ ਨਾਮ ਛੇਹਰਟਾ ਪੈ ਗਿਆ। ਇਸ ਤੋਂ ਬਾਅਦ ਜਦੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਪਹਿਲੀ ਵਾਰ ਆਪਣੇ ਜਨਮ ਸਥਾਨ ਤੋਂ ਸ੍ਰੀ ਅੰਮ੍ਰਿਤਸਰ ਦੀ ਧਰਤੀ ’ਤੇ ਪਹੁੰਚੇ ਉਹ ਦਿਨ ਪਹਿਲੀ ਵਾਰ ਗੁਰਦੁਆਰਾ ਸ੍ਰੀ ਛੇਹਰਟਾ ਸਾਹਿਬ ਵਿਖੇ ਬਸੰਤ ਪੰਚਮੀ ਦਾ ਮੇਲਾ ਭਰਿਆ। ਇਸੇ ਤਰ੍ਹਾਂ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ ਵਿਖੇ ਵੀ ਬਸੰਤ ਪੰਚਮੀ ਦਾ ਮੇਲਾ ਲੱਗਦਾ ਹੈ। ਇਹ ਗੁਰਦੁਆਰਾ ਸਾਹਿਬ ਸਿੱਖਾਂ ਦੇ ਨੌਂਵੇਂ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਯਾਦ ਵਿੱਚ ਬਣਾਇਆ ਗਿਆ ਹੈ। ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਜੋ ਅੱਜ -ਕੱਲ੍ਹ ਪਟਿਆਲਾ ਸ਼ਹਿਰ ਵਿਚ ਹੈ ਪੁਰਾਤਨ ਸਮੇਂ ਇਹ ਪਿੰਡ ਲਹਿਲ ਸੀ ਤੇ ਉਥੋਂ ਦੇ ਲੋਕ ਇੱਕ ਲੰਮੇ ਅਰਸੇ ਤੋਂ ਕਈ ਬਿਮਾਰੀਆਂ ਤੋਂ ਪੀੜ੍ਹਤ ਸਨ। ਲਹਿਲ ਪਿੰਡ ਦੇ ਲੋਕਾਂ ਨੇ ਗੁਰੂ ਸਾਹਿਬਾਨ ਨੂੰ ਬੇਨਤੀ ਕੀਤੀ ਕਿ ਉਹ ਲਹਿਲ ਪਿੰਡ ਵਿੱਚ ਸੰਗਤਾਂ ਨੂੰ ਦਰਸ਼ਨ ਦੇਣ ਤਾਂ ਜੋ ਓਥੋਂ ਦੇ ਲੋਕਾਂ ਦੀਆਂ ਬਿਮਾਰੀਆਂ ਠੀਕ ਹੋ ਜਾਣ। ਗੁਰੂ ਜੀ ‘ਮਾਘ ਸੁਦੀ ਪੰਜ’ ਨੂੰ ਪਿੰਡ ਵਿੱਚ ਪਹੁੰਚੇ ਅਤੇ ਇੱਕ ਛੱਪੜ ਦੇ ਨੇੜੇ ਇੱਕ ਬੋਹੜ ਦੇ ਦਰੱਖਤ ਥੱਲੇ ਬੈਠ ਗਏ ਤੇ ਪਿੰਡ ਦੇ ਲੋਕਾਂ ਦੀ ਬੀਮਾਰੀ ਠੀਕ ਹੋਣ ਲੱਗੀ। ਜਿਸ ਸਥਾਨ ’ਤੇ ਗੁਰੂ ਤੇਗ ਬਹਾਦੁਰ ਸਾਹਿਬ ਬੈਠੇ ਸਨ, ਉਸ ਸਥਾਨ ਨੂੰ ਦੁਖ ਨਿਵਾਰਨ ਵਜੋਂ ਜਾਣਿਆ ਜਾਣ ਲੱਗਾ। ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ ਅਤੇ ਇਸ ਅਸਥਾਨ ’ਤੇ ਪੰਚਮੀ ਦਾ ਮੇਲਾ ਬੜੀ ਸ਼ਰਦਾ-ਭਾਵਨਾ ਨਾਲ ਮਨਾਇਆ ਜਾਂਦਾ ਹੈ।



ਬਸੰਤ ਪੰਚਮੀ ਦਾ ਦਿਨ ਸਮੇਂ-ਸਮੇਂ ਤੇ ਜਬਰ-ਜ਼ੁਲਮ ਦੇ ਖਿਲਾਫ ਅਵਾਜ ਉਠਾਣ ਵਾਲੇ ਸੂਰਵੀਰ ਯੋਧਿਆਂ ਦੀ ਯਾਦ ਵੀ ਦਿਵਾਉਂਦਾ ਹੈ। ਉਨ੍ਹਾਂ ਵਿੱਚੋਂ ਇਕ ਸੀ ਵੀਰ ਹਕੀਕਤ ਰਾਏ ਜਿਸ ਨੂੰ ਮੁਗਲ ਰਾਜ ਸਮੇਂ ਛੋਟੀ ਉਮਰੇ ਧਰਮ ਨਾ ਬਦਲਣ ਕਾਰਨ ‘ਮਾਘ ਸੁਦੀ ਪੰਜ’ ਬਸੰਤ ਪੰਚਮੀ ਵਾਲੇ ਦਿਨ ਸ਼ਹੀਦ ਕਰ ਦਿੱਤਾ ਗਿਆ ਸੀ। ਵੀਰ ਹਕੀਕਤ ਰਾਏ ਦਾ ਜਨਮ ਸਿਆਲਕੋਟ ਵਿਖੇ ਇੱਕ ਖੱਤਰੀ ਪਰਿਵਾਰ ਵਿੱਚ ਹੋਇਆ। ਹਕੀਕਤ ਰਾਏ ਦੇ ਪਿਤਾ ਭਾਗ ਮੱਲ ਤੇ ਮਾਤਾ ਗੌਰਾਂ ਨੇ ਛੋਟੀ ਉਮਰ ਵਿੱਚ ਹੀ ਹਕੀਕਤ ਰਾਏ ਦਾ ਵਿਆਹ ਪਿੰਡ ਵਡਾਲੇ ਦੇ ਕਿਸ਼ਨ ਚੰਦ ਦੀ ਬੇਟੀ ਦੁਰਗਾ ਦੇਵੀ ਨਾਲ 12 ਸਾਲ ਦੀ ਉਮਰ ’ਚ ਕਰ ਦਿੱਤਾ। ਉਸ ਸਮੇਂ ਰਾਜ ਭਾਸ਼ਾ ਫਾਰਸੀ ਹੁੰਦੀ ਸੀ ਤੇ ਹਕੀਕਤ ਰਾਏ ਨੂੰ ਫਾਰਸੀ ਸਿੱਖਣ ਲਈ ਮਦਰੱਸੇ ਭੇਜਿਆ ਗਿਆ। ਉਨ੍ਹਾਂ ਨਾਲ ਪੜ੍ਹਦੇ ਮੁਸਲਿਮ ਮੁੰਡਿਆਂ ਨੇ ਹਕੀਕਤ ਰਾਏ ਨੂੰ ਅਪਮਾਨਜਨਕ ਸ਼ਬਦ ਕਹੇ, ਹਕੀਕਤ ਰਾਏ ਦੇ ਸਮਝਾਉਣ ’ਤੇ ਵੀ ਉਨ੍ਹਾਂ ਪ੍ਰਵਾਹ ਨਾ ਕੀਤੀ ਤੇ ਹਕੀਕਤ ਰਾਏ ਦੇ ਖਿਲਾਫ ਸ਼ਿਕਾਇਤ ਸਿਆਲਕੋਟ ਦੇ ਹਾਕਮ ਅਮੀਰ ਬੇਗ ਕੋਲ ਪਹੁੰਚ ਗਈ। ਹਾਕਮ ਅਮੀਰ ਬੇਗ ਨੇ ਹਕੀਕਤ ਰਾਏ ਨੂੰ ਡਰਾ-ਧਮਕਾ ਕੇ ਇਸਲਾਮ ਕਬੂਲ ਕਰਨ ਲਈ ਦਬਾ ਬਣਾਇਆ ਪ੍ਰੰਤੂ ਹਕੀਕਤ ਰਾਏ ਨੇ ਧਰਮ ਪ੍ਰੀਵਰਤਨ ਤੋਂ ਸਾਫ ਇਨਕਾਰ ਕਰ ਦਿੱਤਾ ਤੇ ਉਸ ਸਮੇਂ ਦੇ ਲਾਹੌਰ ਦੇ ਗਵਰਨਰ ਜਕਰੀਆ ਖਾਨ ਦੇ ਹੁਕਮ ਤੇ ‘ਮਾਘ ਸੁਦੀ ਪੰਜ’ ਬਸੰਤ ਪੰਚਮੀ ਵਾਲੇ ਦਿਨ ਹਕੀਕਤ ਰਾਏ ਨੂੰ ਕਤਲ ਕਰ ਦਿੱਤਾ ਗਿਆ। ਉਸ 18ਵੀਂ ਸਦੀ ਦੇ ਵੀਰ ਹਕੀਕਤ ਰਾਏ ਨੇ ਛੋਟੀ ਉਮਰੇ ਉਸ ਸਮੇਂ ਦੇ ਹੁਕਮਰਾਨ ਅੱਗੇ ਝੁਕਣ ਦੀ ਬਜਾਏ ਸ਼ਹਾਦਤ ਦੇਣਾ ਬਿਹਤਰ ਸਮਝਿਆ। ਵੀਰ ਹਕੀਕਤ ਰਾਏ ਦੀ ਸਮਾਧ ਲਾਹੌਰ ਤੋਂ ਤਕਰੀਬਨ ਦੋ ਮੀਲ ਦੀ ਦੂਰੀ ਤੇ ਹੈ ਜਿਸ ’ਤੇ ਬਸੰਤ ਪੰਚਮੀ ਦਾ ਮੇਲਾ ਲੱਗਦਾ ਹੈ।

ਜੇ ਅਸੀ ਆਪਣੇ ਭਾਰਤੀ ਇਤਿਹਾਸ ਤੇ ਝਾਤ ਮਾਰੀਏ ਤਾਂ ਰਾਜਾ ਪ੍ਰਿਥਵੀ ਰਾਜ ਚੋਹਾਨ ਜਿਸਨੇ ਦਿੱਲੀ ਅਤੇ ਅਜਮੇਰ ਉੱਤੇ ਬਾਰਵੀਂ ਸਦੀ ਦੇ ਪਿਛਲੇ ਸਮੇਂ ਰਾਜ ਕੀਤਾ ਸੀ, ਉਸ ਦਾ ਸਬੰਧ ਵੀ ‘ਮਾਘ ਸੁਦੀ ਪੰਜ’ ਬਸੰਤ ਪੰਚਮੀ ਵਾਲੇ ਦਿਨ ਨਾਲ ਜੁੜਦਾ ਹੈ। ਪ੍ਰਿਥਵੀ ਰਾਜ ਚੋਹਾਨ ਨੇ ਵਿਦੇਸ਼ੀ ਹਮਲਾਵਰ ਮੁਹੰਮਦ ਗੌਰੀ ਵਿਚਾਲੇ ਸਤਾਰਵੀਂ ਜੰਗ ਹੋਈ ਤਾਂ ਪ੍ਰਿਥਵੀ ਰਾਜ ਚੋਹਾਨ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਤੇ ਮੁਹੰਮਦ ਗੌਰੀ ਨੇ ਪ੍ਰਿਥਵੀ ਰਾਜ ਚੋਹਾਨ ਨੂੰ ਕੈਦ ਕਰ ਆਪਣੇ ਨਾਲ ਲੈ ਗਿਆ ਤੇ ਪ੍ਰਿਥਵੀ ਰਾਜ ਚੋਹਾਨ ਦੀਆਂ ਅੱਖਾਂ ਕੱਢ ਦਿੱਤੀਆਂ ਗਈਆਂ। ਮੁਹੰਮਦ ਗੌਰੀ ਮੌਤ ਦਾ ਫ਼ੁਰਮਾਨ ਦੇਣ ਤੋਂ ਪਹਿਲਾਂ ਪ੍ਰਿਥਵੀ ਰਾਜ ਚੋਹਾਨ ਦੇ ‘ਸ਼ਬਦ ਭੇਦੀ ਬਾਣ’ ਦਾ ਕਮਾਲ ਦੇਖਣਾ ਚਾਹੁੰਦਾ ਸੀ। ਪ੍ਰਿਥਵੀ ਰਾਜ ਚੋਹਾਨ ਦੇ ਸਾਥੀ ਕਵੀ ਚੰਦਬਰਦਾਈ ਨੇ ‘ਸ਼ਬਦ ਭੇਦੀ ਬਾਣ’ ਲਈ ਪ੍ਰਿਥਵੀ ਰਾਜ ਚੋਹਾਨ ਨੂੰ ਸੰਕੇਤ ਦਿੱਤਾ :

ਚਾਰ ਬਾਂਸ ਚੋਬੀਸ ਗਜ, ਅੰਗੁਲ ਅਸ਼ਟ ਪ੍ਰਮਾਣ,

ਤਾ ਉਪਰ ਸੁਲਤਾਨ ਹੈ, ਮਤ ਚੁਕੋ ਚੋਹਾਨ।

ਪ੍ਰਿਥਵੀ ਰਾਜ ਚੋਹਾਨ ਨੇ ਤਵੇ ਤੇ ਹੋਈ ਚੋਟ ਅਤੇ ਚੰਦਬਰਦਾਈ ਦੇ ਸੰਕੇਤਕ ਅਨੁਮਾਨ ਅਨੁਸਾਰ ਜਦੋ ਆਪਣਾ ‘ਸ਼ਬਦ ਭੇਦੀ ਬਾਣ’ ਮਾਰਿਆ ਤਾਂ ਉਹ ਬਾਣ ਮੁਹੰਮਦ ਗੋਰੀ ਦੇ ਸੀਨੇ ਜਾ ਵੱਜਿਆ ਤੇ ਉਹ ਥਾਈਂ ਮਰ ਗਿਆ ਤੇ ਇਸ ਤੋਂ ਮਗਰੋਂ ਪ੍ਰਿਥਵੀ ਰਾਜ ਚੋਹਾਨ ਅਤੇ ਚੰਦਬਰਦਾਈ ਨੇ ਇਕ-ਦੂਜੇ ਦੇ ਛੁਰਾ ਮਾਰ ਆਤਮ ਬਲੀਦਾਨ ਦੇ ਦਿੱਤਾ ਸੀ। ਇਹ ਸਾਰੀ ਘਟਨਾ ‘ਮਾਘ ਸੁਦੀ ਪੰਜ’ ਬਸੰਤ ਪੰਚਮੀ ਵਾਲੇ ਦਿਨ ਹੀ ਹੋਈ ਸੀ।

ਇਸ ਖ਼ੂਬਸੂਰਤ ਮੌਸਮੀ ਤਿਉਹਾਰ ਬਸੰਤ ਨੂੰ ਕੇਵਲ ਪੰਜਾਬ, ਹਰਿਆਣਾ ਦੇ ਲੋਕ ਹੀ ਨਹੀ ਬਲਕਿ ਪੂਰੇ ਭਾਰਤ ਦੇ ਲੋਕ ਪਤੰਗ ਉਡਾਉਣ ਦਾ ਅਨੰਦ ਮਾਣਦੇ ਹਨ। ਕਈ ਥਾਈਂ ਇਸ ਦਿਨ ਪਤੰਗਾਂ ਦੇ ਮੁਕਾਬਲੇ ਵੀ ਹੁੰਦੇ ਹਨ ਤੇ ਇਸ ਬਸੰਤ ਪੰਚਮੀ ਦੇ ਉਤਸਵ ਨੂੰ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਅਸਮਾਨੀ ਉੱਡਦੇ ਰੰਗ ਬਰੰਗੇ ਪਤੰਗ ਮਨਮੋਹਕ ਨਜ਼ਾਰਾ ਪੇਸ਼ ਕਰਦੇ ਨਾਜਰ ਆਉਂਦੇ ਹਨ, ਪ੍ਰੰਤੂ ਮੌਜੂਦਾ ਸਮੇਂ ਪਤੰਗ ਉਡਾਉਣ ਲਈ ਵਰਤੀ ਜਾਂਦੀ ਪਲਾਸਟਿਕ ਰੂਪੀ ਡੋਰ (ਚਾਈਨਾ ਡੋਰ) ਬੇਹੱਦ ਖਤਰਨਾਕ ਸਾਬਤ ਹੋ ਰਹੀ ਹੈ, ਜਿਸ ਨਾਲ ਪਿਛਲੇ ਸਾਲਾਂ ’ਚ ਕਈ ਹਾਦਸੇ ਹੋ ਚੁੱਕੇ ਹਨ, ਇਸ ਜਾਨਲੇਵਾ ਡੋਰ ਕਾਰਨ ਕਈ ਪੰਛੀਆਂ ਦੀ ਜਾਨ ਵੀ ਗਈ ਹਨ, ਸਾਨੂੰ ਸਭ ਨੂੰ ਇਸ ਜਾਨਲੇਵਾ ਡੋਰ ਦੀ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਇਸ ਦਾ ਢੁਕਵਾਂ ਬਦਲ ਲਭ ਲੈਣਾ ਚਾਹੀਦਾ ਹੈ ਜਿਸ ਨਾਲ ਕਿਸੇ ਦਾ ਵੀ ਜਾਨੀ ਤੇ ਮਾਲੀ ਨੁਕਸਾਨ ਨਾ ਹੋਵੇ। ਇਸ ਦਿਨ ਲੋਕ ਪੀਲੇ ਰੰਗ ਦੇ ਕੱਪੜੇ ਪਾਉਣੇ ਪਸੰਦ ਕਰਦੇ ਹਨ। ਜਿੱਥੇ ਇਸ ਦਿਨ ਗੱਬਰੂ ਪੀਲੇ ਰੰਗ ਦੀਆਂ ਦਸਤਾਰ ਸਜਾਉਂਦੇ ਉੱਥੇ ਹੀ ਮੁਟਿਆਰਾਂ ਇਸ ਦਿਨ ਪੀਲੇ ਰੰਗ ਦੇ ਸੂਟ ਤੇ ਦੁਪੱਟੇ ਲੈ ਖਿੜ ਉੱਠਦੀਆਂ ਹਨ। ਕਵੀ ਧਨੀ ਰਾਮ ਚਾਤ੍ਰਿਕ ਆਪਣੇ ਸ਼ਬਦਾਂ ’ਚ ਇਉਂ ਫਰਮਾਉਂਦੇ ਹਨ :

ਫੁੱਲਾਂ ਦੀ ਪਿਟਾਰੀ, ਪੀਲੇ ਭੋਛਣੀਂ ਸ਼ਿੰਗਾਰੀ,
ਇਹ ਛਲੇਡੇ ਜਿਹੀ ਨਾਰੀ, ਕਿਹੜੀ ਚੰਚਲ ਕੁਮਾਰੀ ਹੈ ?
ਪਾਇਲਾਂ ਕੀ ਪਾਵੇ, ਕਲਾਂ ਸੁੱਤੀਆਂ ਜਗਾਵੇ ਪਈ,
ਚਿੱਤ ਹੋਇਆ ਚਿੱਤ, ਚੜ੍ਹੀ ਅੱਖਾਂ ਨੂੰ ਖੁਮਾਰੀ ਹੈ ।
ਰੁੱਖ ਬੂਟੇ, ਫੁਲ ਪੱਤ, ਘਾਹ ਤਿਣ, ਪਸ਼ੂ ਪੰਛੀ,
ਮੋਹੀ ਸ੍ਰਿਸ਼ਟਿ ਸਾਰੀ, ਬਾਲ ਬ੍ਰਿਧ, ਨਰ ਨਾਰੀ ਹੈ।
ਧੱਕਾ ਮਾਰ ਆਖਿਆ ਸੁਗੰਧ ਭਿੰਨੀ ਪੌਣ ਅੱਗੋਂ,
‘ਹੱਟ ਜਾਓ ਲੋਕੋ, ਏ ਬਸੰਤ ਦੀ ਸਵਾਰੀ ਹੈ।



# ਮਸੀਹੀਅਤ ਅਤੇ ਥਿਆਲੋਜੀ : ਹਰਦੇਵ ਸਿੰਘ ਦੀ ਰਚਨਾ ਦੀ ਸਮੀਖਿਆ

ਡਾ. ਬਲਦੇਵ ਸਿੰਘ ਕੰਦੋਲਾ, ਪੰਜਾਬੀ ਵਿਕਾਸ ਮੰਚ ਯੂ.ਕੇ.

ਕਿਸ਼ਤ-2




**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਇਸ ਤਰ੍ਹਾਂ ਯਹੂਦੀ ਗ੍ਰੰਥੀਆਂ ਅਤੇ ਸਰਦਾਰਾਂ ਨੇ ਰਲ ਕੇ ਰੋਮਨ ਪ੍ਰਸ਼ਾਸਨਿਕ ਅਧਿਕਾਰੀ ਕੋਲੋਂ ਈਸਾ ਨੂੰ ਰੋਮਨ 'ਕੈਸਰ' ਵਿਰੁੱਧ ਬਗਾਵਤ ਦੇ ਦੋਸ਼ ਕਰਕੇ ਸਲੀਬੀ ਮੌਤ ਦੀ ਸਜ਼ਾ ਦਾ ਹੁਕਮ ਜਾਰੀ ਕਰ ਦਿੱਤਾ।

ਕਰੜੇ ਤਸ਼ੱਦਦ ਪਿੱਛੋਂ ਈਸਾ ਨੂੰ ਯਰੂਸ਼ਲਮ ਦੇ ਬਾਹਰ 'ਗੋਲਗੋਥਾ' (Golgotha or Calvary) ਨਾਂ ਦੀ ਜਗ੍ਹਾ 'ਤੇ ਸਲੀਬ ਉੱਤੇ ਟੰਗ ਕੇ ਸ਼ਹੀਦ ਕੀਤਾ ਗਿਆ (ਸੂਲੀ ਚੜ੍ਹਾ ਦਿੱਤਾ ਗਿਆ)। ਇਹ ਸ਼ੁੱਕਰਵਾਰ ਦਾ ਦਿਨ ਸੀ ਜਿਸ ਨੂੰ 'ਗੁੱਡ ਫਰਾਈਡੇ' ਕਿਹਾ ਜਾਂਦਾ ਹੈ। ਤੀਜੇ ਦਿਨ ਐਤਵਾਰ ਨੂੰ ਈਸਾ ਮਸੀਹ ਕਬਰ ਵਿੱਚੋਂ ਜੀਅ ਉੱਠਿਆ ਜਿਸ ਨੂੰ 'ਈਸਟਰ ਸੰਡੇ' ਵਜੋਂ ਮਨਾਇਆ ਜਾਂਦਾ ਹੈ। ਦੁਬਾਰਾ ਜੀਅ ਉੱਠਣ ਦਾ ਵਾਕਿਆ 29 ਈਸਵੀ ਦਾ ਮੰਨਿਆ ਜਾਂਦਾ ਹੈ। ਇਸ ਦੁਬਾਰਾ ਜੀਅ ਉੱਠਣ ਦੀ ਘਟਨਾ ਵਿੱਚ ਵਿਸ਼ਵਾਸ ਕਰਨਾ ਮਸੀਹੀਅਤ ਦਾ ਮੁੱਢਲਾ ਵਿਸ਼ਵਾਸ ਹੈ। ਇਸ ਤੋਂ ਬਾਅਦ ਲੋਕਾਂ ਵਿੱਚ ਅਜੀਬ ਕਿਸਮ ਦਾ ਬਦਲਾਅ ਆਇਆ, ਆਪਸ ਵਿੱਚ ਅਤੇ ਦੁਸ਼ਮਣਾਂ ਨਾਲ ਪਿਆਰ ਭਾਵ ਦਾ ਜਜ਼ਬਾ ਇਨ੍ਹਾਂ ਦੇ ਜੀਵਨ ਦਾ ਅਮਲ ਹੋ ਚੁੱਕਾ ਸੀ।

**ਮਸੀਹੀਅਤ**

ਹਜਰਤ ਈਸਾ ਮਸੀਹ ਨੂੰ ਰੱਬ ਦਾ ਪੁੱਤਰ ਮੰਨਣ ਵਾਲਾ ਅਤੇ 'ਤ੍ਰਿਏਕ ਰੱਬ' (ਪਿਤਾ ਰੱਬ, ਪੁੱਤਰ ਰੱਬ, ਅਤੇ ਪਵਿੱਤਰ ਆਤਮਾ ਰੱਬ) ਦੇ ਸਿਧਾਂਤ ਨੂੰ ਮੰਨਣ ਵਾਲਾ ਅਤੇ 'ਗਿਰਜੇ' ਦੀ ਮਾਣ-ਮਰਿਆਦਾ ਅਨੁਸਾਰ ਜੀਉਣ ਵਾਲਾ ਭਾਈਚਾਰਾ 'ਮਸੀਹੀ' ਅਖਵਾਉਂਦਾ ਹੈ। ਇਤਿਹਾਸ ਅਨੁਸਾਰ ਈਸਾ ਉਹ ਇਤਿਹਾਸਕ ਸ਼ਖਸੀਅਤ ਹੈ ਜਿਸ ਨੇ 'ਪੰਜ ਭੂਤਕ ਸਰੀਰ' ਵਿੱਚ ਜਨਮ ਲੈ ਕੇ ਮਨੁੱਖਤਾ ਲਈ ਤਸੀਹੇ (ਕਸ਼ਟ) ਝੱਲੇ ਅਤੇ ਸਲੀਬੀ ਵਾਲੀ ਮੌਤ ਪ੍ਰਵਾਨ ਕੀਤੀ। ਇਵੇਂ ਇਸ ਭਾਈਚਾਰੇ ਨਾਲ ਨਵਾਂ ਮਜਹਬ ਸਥਾਪਤ ਹੋਇਆ ਜਿਸ ਨੂੰ ਈਸਾਈਮਤ ਜਾਂ ਮਸੀਹੀਅਤ ਕਿਹਾ ਜਾਂਦਾ ਹੈ। ਇਸ ਮਸੀਹੀਅਤ ਨੇ 'ਈਸਾ ਮਸੀਹ' ਦੀ ਸ਼ਹਾਦਤ ਤੋਂ ਲਗਭਗ ਅਗਲੀਆਂ ਚਾਰ ਸਦੀਆਂ ਵਿੱਚ ਇੱਕ ਪੂਰਨ ਸੁਤੰਤਰ ਮਜਹਬ ਦਾ ਰੂਪ ਧਾਰਿਆ। ਇਹ ਮਜਹਬ ਈਸਾ ਮਸੀਹ ਨੂੰ ਉਸ ਦੀਆਂ ਸਿੱਖਿਆਵਾਂ ਤੇ ਸ਼ਹਾਦਤ ਰਾਹੀਂ ਸੰਸਾਰ ਦਾ ਰਖਵਾਲਾ ਅਤੇ ਬਚਾਉਣ ਵਾਲਾ ਮੰਨਦਾ ਹੈ। ਮਸੀਹੀ ਵਿਸ਼ਵਾਸ ਦਾ ਪਵਿੱਤਰ ਗ੍ਰੰਥ ਬਾਈਬਲ ਹੈ। ਇਸ ਵਿੱਚ ਮੁੱਖ ਤੌਰ 'ਤੇ ਦੋ ਭਾਗ ਹਨ। ਪੁਰਾਣਾ ਅਹਿਦਨਾਮਾ ਜਿਸ ਵਿੱਚ ਹਜਰਤ ਪੂਜਾ ਅਤੇ ਪੁਰਾਣੇ ਨਬੀਆਂ ਦੀਆਂ ਸਿੱਖਿਆਵਾਂ ਸ਼ਾਮਲ ਹਨ ਅਤੇ ਨਵਾਂ ਅਹਿਦਨਾਮਾ ਜਿਸ ਵਿੱਚ ਹਜਰਤ ਈਸਾ ਮਸੀਹ ਦੀਆਂ ਸਿੱਖਿਆਵਾਂ ਦਰਜ ਕੀਤੀਆਂ ਗਈਆਂ ਹਨ।

**4. ਮਸੀਹੀ ਥਿਆਲੋਜੀ**

ਕਿਤਾਬ ਵਿੱਚ ਦੱਸਿਆ ਹੈ ਕਿ ਜਾਹਨ ਮੈਕਿਊਰੀ ਅਨੁਸਾਰ ਥਿਆਲੋਜੀ, 'ਵਿਸ਼ਵਾਸ' ਨੂੰ ਸੁਸੰਗਤ ਸ਼ਬਦੀ ਪ੍ਰਗਟਾਵੇ ਵਿੱਚ ਲਿਆਉਣ ਦੀ ਕੋਸ਼ਿਸ਼ ਕਰਦੀ ਹੈ ਅਤੇ ਇਸ ਲਈ ਇਹ ਇੱਕ ਧਿਰ ਉੱਦਮ ਹੋਣ ਦਾ ਦਾਅਵਾ ਕਰਦੀ ਹੈ। ਇਸ ਤਰ੍ਹਾਂ ਥਿਆਲੋਜੀ, ਇਸੇ ਵਿਸ਼ਵਾਸ (ਭਾਵ ਨਿਸਰਰਥ) ਨੂੰ ਆਧਾਰ ਮੰਨ ਹੀ ਉਸ ਨੂੰ 'ਦਲੀਲ' ਅਤੇ 'ਤਰਕ' ਦੀ ਮਦਦ ਨਾਲ ਸਹੀ ਸਥਾਪਤ ਕਰਨ ਦੀ ਕੋਸ਼ਿਸ਼ ਹੈ। ਅਰਥਾਤ ਨਤੀਜੇ ਦਾ ਫੈਸਲਾ ਪਹਿਲਾਂ ਹੀ ਕਰ ਲਿਆ ਗਿਆ ਹੈ ਅਤੇ ਇਸ ਨੂੰ 'ਸੱਚ' ਸਾਬਤ ਕਰਨਾ ਥਿਆਲੋਜੀ ਦਾ ਮੁੱਖ ਕਾਰਜ ਹੈ। ਇਸ ਤਰ੍ਹਾਂ ਇਹ 'ਵਿਗਿਆਨ', 'ਤਤਵ-ਗਿਆਨ', 'ਦਰਸ਼ਨ' ਅਤੇ 'ਤਰਕਸੰਗਤ' ਪਹੁੰਚ ਦੇ ਬਿਲਕੁਲ ਉਲਟ ਹੈ ਜਿਸ ਵਿਚ 'ਸਬੂਤ' (ਪਛਾਣ) ਨੂੰ ਆਧਾਰ ਮੰਨ ਕੇ ਨਿਸ਼ਕਰਸ਼ ਤੱਕ ਪਹੁੰਚਿਆ ਜਾਂਦਾ ਹੈ। ਇਹ ਤਾਂ ਮਜਹਬ ਅਤੇ ਧਰਮ ਦੇ ਸੰਕਲਪਾਂ ਦਾ ਸਪੱਸ਼ਟ ਤੌਰ ਤੇ ਨਿਖੇੜਾ ਕਰਦਾ ਹੈ। ਇਹੋ ਕਾਰਨ ਹੈ ਕਿ 'ਬੁੱਧ ਧਰਮ' ਦੀ ਵਿਵੇਕਮਈ ਅਤੇ ਤਰਕਸੰਗਤ ਪਹੁੰਚ ਪ੍ਰਣਾਲੀ ਉਸ ਨੂੰ ਈਸ਼ਵਰ ਦੀ 'ਆਵੱਸ਼ਕ ਅਣਹੋਂਦ' ਦੇ ਨਿਸ਼ਕਰਸ਼ ਤੱਕ ਲੈ ਜਾਂਦੀ ਹੈ। ਬਿਲਕੁਲ ਇਹ ਪਹੁੰਚ-ਪ੍ਰਣਾਲੀ ਸੁਕਰਾਤ ਦੇ ਦਾਰਸ਼ਨਿਕ ਵਿਸ਼ਲੇਸ਼ਣ ਦਾ ਆਧਾਰ ਵੀ ਬਣਦੀ ਹੈ। 'ਆਸਥਾ' ਅਤੇ 'ਗਿਆਨ' ਪਰਸਪਰ (ਅਨਮੋਨਯ) ਏਕਾਂਤਿਕ (mutually exclusive) ਵਿਖੇ ਹਨ।

ਥਿਆਲੋਜੀ ਦਾ ਮਸੀਹੀਅਤ ਨਾਲ ਖਾਸ ਸਬੰਧ ਹੈ ਅਤੇ ਇਹ ਇਸੇ ਦੀ ਹੀ ਵਿਲੱਖਣ ਦੇਣ ਹੈ। ਯੂਨਾਨੀ ਪਰੰਪਰਾ ਨਾਲ ਇਸ ਦਾ ਸਬੰਧ ਇਥੋਂ ਤੱਕ ਹੀ ਸੀਮਤ ਹੈ ਕਿ ਇਸ ਨੇ ਉਨ੍ਹਾਂ ਦੀ ਦਾਰਸ਼ਨਿਕ ਵਿਧੀ ਨੂੰ ਅਪਣਾਅ ਕੇ ਹੀ ਆਪਣੇ ਆਪ ਨੂੰ ਵਿਕਸਿਤ ਕੀਤਾ।

ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ, ਥਿਆਲੋਜੀ ਸ਼ਬਦ ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ 'ਥਿਓਸ' ਅਤੇ 'ਲੋਜੀਆ' (ਲੋਗੀਆਂ) ਦੇ ਮੇਲ ਤੋਂ ਬਣਿਆ ਹੈ। ਇੱਥੇ 'ਥਿਓਸ' ਦਾ ਅਰਥ ਹੈ 'ਦੇਵਤਾ ਜਾਂ ਰੱਬ' ਅਤੇ ਲੋਗੀਆ ਦਾ ਅਰਥ ਹੈ 'ਬਾਣੀ' ਜਾਂ 'ਸਿਧਾਂਤ'। ਇਸ ਲਈ 'ਰੱਬ' ਬਾਰੇ ਜਾਣਕਾਰੀ ਹਾਸਲ ਕਰਨ ਨੂੰ 'ਥਿਆਲੋਜੀ' ਕਿਹਾ ਜਾਂਦਾ ਹੈ। ਭਾਰਤੀ ਦਰਸ਼ਨ ਵਿੱਚ ਅਧਿਐਨ ਦੀ ਇਸ ਸ਼ਾਖਾ ਨੂੰ 'ਈਸ਼ਵਰਵਾਦ' ਜਾਂ 'ਧਰਮ-ਸ਼ਾਸਤਰ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਗੋਗੇਸ਼ ਉਪਾਧਿਆਏ (1200 ਈ:) ਦੀ ਕਿਰਤ ਸ੍ਰੀਤਤਵਚਿੰਤਾਮਣੀ ਵਿੱਚ (ਈਸ਼ਵਰਅਨੁਮਾਨਮ) ਇਸ ਦਾ ਖਾਸ ਵਰਣਨ ਕੀਤਾ ਗਿਆ ਹੈ। ਇਹ ਰੱਬ ਦੀ ਹੋਂਦ ਨੂੰ ਸਾਬਤ ਕਰਨ ਦਾ ਇਕ ਤਾਰਕਿਕ ਪ੍ਰਵਚਨ ਹੈ। 'ਪਾਲ ਟਿੱਲਿਕ' ਇਕ ਇਸ ਨੂੰ ਇਵੇਂ ਪਰਿਭਾਸ਼ਿਤ ਕਰਦਾ ਹੈ, 'ਮਸੀਹੀ ਸੁਨੇਹੇ ਦੇ ਸੱਚ ਦਾ ਬਿਆਨ ਅਤੇ ਹਰੇਕ ਨਵੀਂ ਪੀੜ੍ਹੀ ਲਈ ਇਸ ਸੱਚ ਦੀ ਵਿਆਖਿਆ ਨੂੰ ਥਿਆਲੋਜੀ ਕਿਹਾ ਜਾਂਦਾ ਹੈ। ਇਸ ਲਈ ਇਹ ਇੱਕ ਪਹਿਲਾਂ ਧਾਰੇ 'ਵਿਸ਼ਵਾਸ' ਨੂੰ ਸੱਚ ਸਾਬਤ ਕਰਨ ਦਾ ਸਾਧਨ ਹੈ। ਮਸੀਹੀ ਥਿਆਲੋਜੀ ਦਾ ਸਿਧਾਂਤਕ ਤੱਤ ਪਰਮੇਸ਼ਰ ਹੈ ਜੋ ਸੰਸਾਰ ਦਾ ਕਰਤਾ ਅਤੇ 'ਨਿਗਰਾਨ' ਮੰਨਿਆ ਗਿਆ ਹੈ।

ਹੁਣ ਸਵਾਲ ਇਹ ਉੱਠਦਾ ਹੈ ਕਿ ਇਹ 'ਅਧਿਐਨ ਕਿਵੇਂ' ਕੀਤਾ ਜਾਂਦਾ ਹੈ। ਇਸ ਦੀ ਵਿਧੀ ਕੀ ਹੈ? ਅਧਿਐਨ ਦਾ ਆਪਣਾ ਕੋਈ ਟੀਚਾ ਹੁੰਦਾ ਹੈ ਅਤੇ ਅਧਿਐਨੀ (ਖੋਜੀ) ਕੋਲ ਕੋਈ ਆਧਾਰ ਸਮੱਗਰੀ ਹੁੰਦੀ ਹੈ ਜਿਸ ਤੋਂ ਅਧਿਐਨ ਸ਼ੁਰੂ ਹੁੰਦਾ ਹੈ। ਭੌਤਿਕ ਵਿਗਿਆਨ ਦੀ ਖੋਜ ਵਿੱਚ ਇਹ ਸਮੱਗਰੀ ਕੁਦਰਤ ਦੇ ਭੌਤਿਕ ਤੱਤ (ਦੱਤਾਂਸ਼ ਜਾਂ ਠੋਸ ਅੰਕੜੇ) ਹੁੰਦੇ ਹਨ। ਗਿਆਨਿੰਦ੍ਰੀਆਂ ਦੁਆਰਾ ਹਾਸਲ ਕੀਤੇ ਠੋਸ ਤੱਤ ਹੁੰਦੇ ਹਨ।

ਇਸ ਦੇ ਮੁਕਾਬਲੇ ਥਿਆਲੋਜੀ ਦਾ ਇਸ ਵਿਸ਼ਾ ਵਸਤੂ 'ਪਰਮੇਸ਼ਰ' ਜਾਂ ਰੱਬ ਹੈ ਜੋ ਅੰਤਿਕ ਵਿਗਿਆਨ ਦੇ ਤੱਤਾਂ ਵਰਗਾ ਨਹੀਂ ਹੈ। ਇਸਦਾ ਗਿਆਨ ਗਿਆਨਿੰਦ੍ਰੀਆਂ ਦੁਆਰਾ ਹਾਸਲ ਨਹੀਂ ਹੁੰਦਾ। ਇਸ ਦਾ ਸਬੰਧ ਪਰਾ ਸੰਸਾਰ ਨਾਲ ਹੈ। ਇਹ ਇੱਕ ਮਾਨਸਿਕ ਘੜਤ ਹੈ, ਸੰਕਲਪ ਹੈ ਜਿਸ ਦਾ ਗਈ ਠੋਸ ਸਬੂਤ ਸਾਡੇ ਸਾਹਮਣੇ ਨਹੀਂ ਹੈ। ਇਸ ਦਾ ਸਿਰਫ (Indirect) ਅਨੁਮਾਨ ਹੀ ਲਗਾਇਆ ਜਾ ਸਕਦਾ ਹੈ। ਇਸ ਲਈ ਥਿਆਲੋਜੀ ਦਾ ਵਿਸ਼ਾ ਵਸਤੂ ਇੱਕ ਬੜੀ 'ਮਾਯਾਵੀ' (ਮਾਇਆਵਾਨ ਛਲੀਆ elusive) ਚੀਜ਼ ਹੈ। **(ਚਲਦਾ)**




# ਔਰਤ ’ਤੇ ਵਧਦੇ ਜ਼ੁਲਮ ਦੀ ਦਾਸਤਾਨ



ਸੰਜੀਵ ਸਿੰਘ ਸੈਣੀ,
ਮੁਹਾਲੀ
7888966168

ਹਾਲ ਹੀ ਵਿੱਚ ਦਿੱਲੀ ਦੇ ਉੱਤਮ ਨਗਰ ਨੇੜੇ ਮੋਹਨ ਗਾਰਡਨ ’ਚ ਸਕੂਲ ਜਾ ਰਹੀ 17 ਸਾਲਾਂ ਦੀ ਵਿਦਿਆਰਥਣ ਦੇ ਚਿਹਰੇ ਤੇ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਤੇਜ਼ਾਬ ਸੁੱਟ ਦਿੱਤਾ। ਵਿਚਾਰਨ ਵਾਲੀ ਗੱਲ ਹੈ ਕਿ ਤੇਜ਼ਾਬ ਦੀ ਵਿਕਰੀ ਤੇ ਪਾਬੰਦੀ ਦੇ ਬਾਵਜੂਦ ਇਨ੍ਹਾਂ ਦੋਸ਼ੀਆਂ ਨੇ ਇਹ ਕਿਥੋਂ ਲਿਆ ? 17 ਸਾਲਾਂ ਵਿਦਿਆਰਥਣ ਨੇ ਪ੍ਰੇਮ ਪ੍ਰਸਤਾਵ ਠੁਕਰਾ ਦਿੱਤਾ ਸੀ। ਦਿਨ ਪ੍ਰਤੀ ਦਿਨ ਔਰਤਾਂ ਤੇ ਜ਼ੁਲਮ ਵਧਦੇ ਜਾ ਰਹੇ ਹਨ। ਬਲਾਤਕਾਰ, ਛੇੜਛਾੜ, ਹੋਰ ਪਤਾ ਨਹੀਂ ਕਿੰਨੀਆਂ ਹੀ ਘਿਨੌਣੀਆਂ ਹਰਕਤਾਂ ਤੋਂ ਅਜਿਹੇ ਦੋਸ਼ੀ ਬਾਜ਼ ਨਹੀਂ ਆ ਰਹੇ ਹਨ। ਉਸ ਕੁੜੀ ’ਤੇ ਕੀ ਬੀਤੀ ਹੋਵੇਗੀ, ਜਿਸ ਦਾ ਸਾਰਾ ਹੀ ਚਿਹਰਾ ਜਲਾ ਦਿੱਤਾ। ਹਰ ਵਾਰ ਅਜਿਹੇ ਦਰਿੰਦਿਆਂ ਨੂੰ ਕੋਸੇਗੀ। ਮਾਂ ਬਾਪ ’ਤੇ ਕੀ ਬੀਤੀ ਹੋਵੇਗੀ ?

ਹਾਲ ਹੀ ਵਿੱਚ ਉਤਰਾਖੰਡ ਦੇ ਪੌੜੀ ਜ਼ਿਲ੍ਹੇ ਦੇ ਇੱਕ ਰਿਜ਼ੌਰਟ ਵਿਚ ਕੰਮ ਕਰਦੀ ਲੜਕੀ ਦੀ ਲਾਸ਼ ਨਹਿਰ ’ਚੋਂ ਮਿਲੀ। ਰਿਜ਼ੌਰਟ ਵਿੱਚ ਰਹਿ ਰਹੇ ਮਹਿਮਾਨਾਂ ਨਾਲ ਕੁੜੀ ਨੂੰ ਸਬੰਧ ਬਣਾਉਣ ਲਈ ਦਬਾਅ ਪਾਇਆ ਜਾਂਦਾ ਸੀ। ਹਾਲਾਂਕਿ ਰਿਜ਼ੌਰਟ ਮਾਲਕ ਦੇ ਨਾਲ ਨਾਲ ਦੋ ਹੋਰ ਲੋਕਾਂ ਦੀ ਗ੍ਰਿਫਤਾਰੀ ਵੀ ਹੋਈ ਹੈ। ਰੋਸ ਵਿਚ ਆਏ ਲੋਕਾਂ ਵੱਲੋਂ ਪੁਲਿਸ ਦੀ ਗੱਡੀ ਦੀ ਭੰਨ-ਤੋੜ ਵੀ ਕੀਤੀ ਗਈ। ਧਰਨੇ ਮੁਜ਼ਾਹਰੇ ਵੀ ਲਗਾਏ ਗਏ। ਰਿਪੋਰਟ ਮੁਤਾਬਕ ਲੜਕੀ ਦੇ ਸ਼ਰੀਰ ਤੇ ਕੁੱਟਮਾਰ ਦੇ ਨਿਸ਼ਾਨ ਵੀ ਪਾਏ ਗਏ। ਲਗਾਤਾਰ ਅਜਿਹੀਆਂ ਘਿਨਾਉਣੀਆਂ ਹਰਕਤਾਂ ਵਿਚ ਵਾਧਾ ਹੋ ਰਿਹਾ ਹੈ। ਵਾਰ-ਵਾਰ ਦੋਸ਼ੀਆਂ ਨੂੰ ਫਾਂਸੀ ਦੇਣ ਦੀ ਮੰਗ ਕੀਤੀ ਜਾਂਦੀ ਹੈ।

ਝਾਰਖੰਡ ਦੇ ਦੁਮਕਾ ਜ਼ਿਲ੍ਹੇ ਵਿਚ ਬਾਰ੍ਹਵੀਂ ਕਲਾਸ ਦੀ ਵਿਦਿਆਰਥਣ ਨੂੰ ਉਸ ਦੇ ਹੀ ਮੁਹੱਲੇ ਦੇ ਨੌਜਵਾਨਾਂ ਵੱਲੋਂ ਪੈਟਰੋਲ ਛਿੜਕ ਕੇ ਅੱਗ ਲਗਾ ਦੇਣਾ ਬਹੁਤ ਮੰਦਭਾਗੀ ਘਟਨਾ ਹੈ। ਪੀੜਤ ਦੇ ਮੁਹੱਲੇ ਦਾ ਮੁੰਡਾ ਉਸ ਨੂੰ ਵਿਆਹ ਲਈ ਬਾਰ-ਬਾਰ ਤੰਗ ਕਰ ਰਿਹਾ ਸੀ। ਕਿਉਂਕਿ ਉਹ ਦੋਸ਼ੀ ਉਸ ਕੁੜੀ ਨੂੰ ਪਿਆਰ ਕਰਦਾ ਸੀ ਤੇ ਕੁੜੀ ਨੇ ਹਾਮੀ ਨਹੀਂ ਭਰੀ ਸੀ। ਜਿਸ ਕਰਕੇ ਉਸ ਨੇ ਕੁੜੀ ਨੂੰ ਜਿਉਂਦੇ ਜੀਅ ਸਾੜ ਦਿੱਤਾ। ਜ਼ਖਮਾਂ ਦਾ ਦਰਦ ਨਾ ਸਹਿੰਦੀ ਹੋਈ ਕੁੜੀ ਨੇ ਦਮ ਤੋੜ ਦਿੱਤਾ। ਹਾਲਾਂ ਕਿ ਦੋਸ਼ੀ ਪੁਲਿਸ ਦੀ ਗ੍ਰਿਫਤ ਵਿੱਚ ਹੈ। ਇਲਾਕੇ ਵਿਚ ਸਮਾਜ ਸੇਵੀ ਸੰਸਥਾਵਾਂ ਅਤੇ ਸਿਆਸੀ ਪਾਰਟੀਆਂ ਵੱਲੋਂ ਦੋਸ਼ੀ ਨੂੰ ਫਾਂਸੀ ਦੇਣ ਦੀ ਮੰਗ ਕੀਤੀ ਜਾ ਰਹੀ ਹੈ। ਧਰਨੇ ਮੁਜਹਾਰੇ ਲਗਾਏ ਜਾ ਰਹੇ ਹਨ। ਹਰ ਰੋਜ਼ ਪਤਾ ਨਹੀਂ ਕਿੰਨੀਆਂ ਹੀ ਦੇਸ਼ ਵਿਚ ਔਰਤਾਂ ਨਾਲ ਜਬਰ ਜਨਾਹ ਹੁੰਦਾ ਹੈ। ਘਰੇਲੂ ਹਿੰਸਾ ਦਾ ਸ਼ਿਕਾਰ ਔਰਤਾਂ ਲਗਾਤਾਰ ਹੋ ਰਹੀਆਂ ਹਨ।

7 ਸਾਲ, 3 ਮਹੀਨੇ, 8 ਦਿਨ ਬਾਅਦ ਆਖਿਰ ਨਿਰਭਿਆ ਦੇ ਮਾਤਾ ਪਿਤਾ ਨੂੰ ਇਨਸਾਫ਼ ਮਿਲਿਆ ਸੀ। ਦੋਸ਼ੀਆਂ ਨੂੰ ਸਵੇਰੇ 5:30 ਵਜੇ ਫਾਂਸੀ ਦੇ ਦਿੱਤੀ ਗਈ। ਤਿਹਾੜ ਜੇਲ੍ਹ ਦੇ ਬਾਹਰ ਜਸ਼ਨ ਦਾ ਮਾਹੌਲ ਸੀ। ਲੋਕਾਂ ਨੇ ਇੱਕ ਦੂਜੇ ਨੂੰ ਮਠਿਆਈ ਵੰਡ ਕੇ ਖੁਸ਼ੀ ਮਨਾਈ ।ਅਜਿਹੇ ਦੋਸ਼ੀ ਜੋ ਆਪਣਾ ਕੇਸ ਵਕੀਲਾਂ ਕੋਲ ਲੈ ਕੇ ਜਾਂਦੇ ਹਨ, ਉਨ੍ਹਾਂ ਵਕੀਲਾਂ ਨੂੰ ਅਜਿਹੇ ਕੇਸ ਨਹੀਂ ਫੜਨੇ ਚਾਹੀਦੇ। ਜੋ ਵੀ ਵਕੀਲ ਅਜਿਹੇ ਕੇਸ ਫੜਦਾ ਹੈ ਉਸ ਦੀ ਬਾਰ ਕੌਂਸਲ ਰਜਿਸਟ੍ਰੇਸ਼ਨ ਤੁਰੰਤ ਕੈਂਸਲ ਕਰੇ। ਅਜਿਹੇ ਬਲਾਤਕਾਰ, ਗੈਂਗਰੇਪ, ਤੇਜ਼ਾਬੀ ਹਮਲੇ ਦੇ ਪੀੜਤ ਪਰਿਵਾਰਾਂ ਨੂੰ ਛੇ ਮਹੀਨੇ ਦੇ ਅੰਦਰ ਅੰਦਰ ਇਨਸਾਫ਼ ਮਿਲਣਾ ਚਾਹੀਦਾ ਹੈ ਅਤੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਛੇ ਮਹੀਨੇ ਦੇ ਅੰਦਰ ਅੰਦਰ ਹੋ ਜਾਣੀ ਚਾਹੀਦੀ ਹੈ। ਫਾਸਟ ਟਰੈਕ ਅਦਾਲਤਾਂ ਵਿੱਚ ਅਜਿਹੇ ਕੇਸਾਂ ਦੀ ਸੁਣਵਾਈ ਹੋਣੀ ਚਾਹੀਦੀ ਹੈ। ਤੇਲੰਗਾਨਾ ਵਿੱਚ ਵੀ ਵੈਟਨਰੀ ਡਾਕਟਰ ਨੂੰ ਵੀ ਜ਼ਾਲਮਾਂ ਨੇ ਜਿਉਂਦੇ ਜੀਅ ਸਾੜ ਦਿੱਤਾ ਸੀ। ਉੱਥੋਂ ਦੇ ਪੁਲਿਸ ਕਮਿਸ਼ਨਰ ਨੇ ਐਨਕਾਉਂਟਰ ਵਿੱਚ ਦੋਸ਼ੀ ਮਾਰ ਦਿੱਤੇ। ਪੁਲਿਸ ਕਮਿਸ਼ਨਰ ਦਾ ਸ਼ਲਾਘਾ ਕਦਮ ਸੀ।

ਮਾਂ ਬਾਪ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਨੈਤਿਕ ਕਦਰਾ ਕੀਮਤਾਂ ਬਾਰੇ ਜਾਣੂ ਕਰਵਾਉਣ। ਮਾਂ ਬਾਪ ਨੂੰ ਆਪਣੇ ਬੱਚਿਆਂ ਨੂੰ ਚੰਗੀਆਂ ਗੱਲਾਂ ਸਿਖਾਉਣੀ ਚਾਹੀਦੀਆਂ ਹਨ। ਦਰਅਸਲ ਅੱਜ-ਕੱਲ੍ਹ ਮਾਂ-ਬਾਪ ਵੀ ਆਪਣੇ ਬੱਚਿਆਂ ਨੂੰ ਕਹਿਣ ਤੋਂ ਡਰਦੇ ਹਨ। ਕਿਉਂਕਿ ਅੱਜ ਕੱਲ੍ਹ ਦੇ ਬੱਚੇ ਗ਼ਲਤ ਕਦਮ ਜਲਦੀ ਚੁੱਕਦੇ ਹਨ। ਮਾਂ ਬਾਪ ਨੂੰ ਇਹ ਡਰ ਹੁੰਦਾ ਹੈ ਕਿ ਜੇ ਅਸੀਂ ਆਪਣੇ ਬੱਚੇ ਨੂੰ ਝਿੜਕਾਂਗੇ, ਕੱਲ੍ਹ ਨੂੰ ਉਨ੍ਹਾਂ ਦਾ ਬੱਚਾ ਪਤਾ ਨਹੀਂ ਕੀ ਕਰ ਲਵੇ। ਗੁਜਰਾਤ ਦੇ 2002 ਦੇ ਦੰਗਾ-ਪੀੜਤਾਂ ਵਿੱਚ ਇੱਕ ਗਰਭਵਤੀ ਔਰਤ ਨਾਲ ਜਬਰ ਜਨਾਹ ਕਰਨ, ਤੇ ਪਰਿਵਾਰ ਦੇ ਮੈਂਬਰਾਂ ਦੀ ਹੱਤਿਆ ਕਰ ਦਿੱਤੀ ਗਈ। ਉਥੋਂ ਦੀ ਸਰਕਾਰ ਨੇ ਇਸ ਸਾਲ ਅਜ਼ਾਦੀ ਦਿਵਸ ਤੇ ਅਜਿਹੇ ਦੋਸ਼ੀਆਂ ਨੂੰ ਰਿਹਾ ਕਰ ਦਿੱਤਾ, ਜੋ ਕਿ ਮੰਦਭਾਗੀ ਘਟਨਾ ਹੈ। ਦੋਸ਼ੀਆਂ ਦੇ ਹੌਂਸਲੇ ਹੋਰ ਬੁਲੰਦ ਹੋ ਜਾਂਦੇ ਹਨ। ਉਨ੍ਹਾਂ ਦੇ ਅੰਦਰ ਬਿਲਕੁਲ ਵੀ ਭੈਅ ਨਹੀਂ ਰਹਿੰਦਾ। ਉਨ੍ਹਾਂ ਨੂੰ ਇਹ ਹੁੰਦਾ ਹੈ ਕਿ ਸਰਕਾਰਾਂ ਨੇ ਤਾਂ ਸਾਨੂੰ ਰਿਹਾਅ ਕਰ ਦੇਣਾ ਹੈ। ਹਾਲਾਂਕਿ ਸੁਪਰੀਮ ਕੋਰਟ ਨੇ ਵੀ ਉਥੋਂ ਦੀ ਕੋਰਟ ਤੋਂ ਜਵਾਬ ਮੰਗਿਆ ਹੈ । ਇਹ ਬਿਲਕੁਲ ਗ਼ਲਤ ਹੈ। ਝਾਰਖੰਡ ਸਰਕਾਰ ਨੂੰ ਪੀੜਤ ਪਰਿਵਾਰ ਨੂੰ ਬਣਦਾ ਮੁਆਵਜ਼ਾ ਅਤੇ ਸੁਰੱਖਿਆ ਮੁਹੱਈਆ ਕਰਵਾਉਣੀ ਚਾਹੀਦੀ ਹੈ। ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਾਡੀ ਸਾਰਿਆਂ ਦੀ ਅਹਿਮ ਜ਼ਿੰਮੇਵਾਰੀ ਹੈ। ਔਰਤ ਸਾਡੇ ਸਮਾਜ ਦਾ ਅਹਿਮ ਹਿੱਸਾ ਹੈ। ਔਰਤ ਹੀ ਜੱਗ ਜਨਣੀ ਹੈ। ਅੱਜ ਦੇਸ਼ ਦੇ ਅਹਿਮ ਅਹੁਦਿਆਂ ਤੇ ਔਰਤਾਂ ਬਿਰਾਜਮਾਨ ਹਨ। ਚਾਹੇ ਉਹ ਥਲ ਸੈਨਾ ਹੋਵੇ ਜਾਂ ਨੇਵੀ ਵਿਚ ਕੋਈ ਵੀ ਅਹਿਮ ਅਹੁਦਾ ਹੋਵੇ। ਅੱਜ ਰਾਸ਼ਟਰਪਤੀ ਦੇ ਅਹਿਮ ਮੁੱਦੇ ’ਤੇ ਇੱਕ ਨਾਰੀ ਬਿਰਾਜਮਾਨ ਹੈ। ਮੁੱਖ ਮੰਤਰੀ ਤੱਕ ਕਈ ਸੂਬਿਆਂ ਵਿੱਚ ਨਾਰੀਆਂ ਹਨ। ਪ੍ਰਸ਼ਾਸਨਿਕ ਸੇਵਾਵਾਂ ਬਹੁਤ ਹੀ ਵਧੀਆ ਤਰੀਕੇ ਨਾਲ ਔਰਤਾਂ ਨਿਭਾ ਰਹੀਆਂ ਹਨ। ਫਿਰ ਔਰਤਾਂ ਨਾਲ ਅਜਿਹਾ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ ? ਕਿਉਂ ਜ਼ੁਲਮ ਕਰਨ ਵਾਲੇ ਨੂੰ ਫਾਂਸੀ ਦੀ ਸਜ਼ਾ ਨਹੀਂ ਦਿੱਤੀ ਜਾ ਰਹੀ। ਕਿਉਂ ਉਨ੍ਹਾਂ ਨੂੰ ਸਲਾਖਾਂ ਪਿੱਛੇ ਨਹੀਂ ਰੱਖਿਆ ਜਾ ਰਿਹਾ ਹੈ। ਕਿਉਂ ਉਨ੍ਹਾਂ ਦੋਸ਼ੀਆਂ ਨੂੰ ਰਿਹਾਅ ਕਰ ਦਿੱਤਾ ਜਾਂਦਾ ਹੈ ? ਅਜਿਹੇ ਸਵਾਲ ਅੱਜ ਵੀ ਸਾਡੇ ਸਾਹਮਣੇ ਖੜ੍ਹੇ ਹਨ। ਸਾਡੀ ਸਾਰਿਆਂ ਦੀ ਅਹਿਮ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਸਾਨੂੰ ਔਰਤਾਂ ਦਾ ਦਿਲੋਂ ਸਤਿਕਾਰ ਕਰਨਾ ਚਾਹੀਦਾ ਹੈ। ਔਰਤਾਂ ਅੱਜ ਕਿਸੇ ਤੋਂ ਘੱਟ ਨਹੀਂ ਹਨ। ਜਦੋਂ ਕੋਈ ਵੀ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਹੁੰਦਾ ਹੈ ਤਾਂ ਸਿਖਰਲੀ ਪੁਜੀਸ਼ਨਾਂ ’ਤੇ ਕੁੜੀਆਂ ਹੀ ਬਾਜ਼ੀ ਮਾਰਦੀਆਂ ਹਨ। ਕੁੜੀਆਂ ਮਾਂ ਬਾਪ ਦਾ ਬਹੁਤ ਧਿਆਨ ਰੱਖਦੀਆਂ ਹਨ। ਸੂਬਾ ਸਰਕਾਰਾਂ ਨੂੰ ਕੁੜੀਆਂ ਦੇ ਹਿੱਤਾਂ ਦੀ ਰਾਖੀ ਲਈ ਅਹਿਮ ਕਦਮ ਚੁੱਕਣੇ ਚਾਹੀਦੇ ਹਨ। ਅਜਿਹਾ ਕੋਈ ਵੀ ਦੋਸ਼ੀ ਹੁੰਦਾ ਹੈ ਜਾਂ ਉਹ ਅਜਿਹੀ ਘਿਨੌਣੀ ਹਰਕਤ ਕਰਦਾ ਹੈ ਤਾਂ ਉਸ ਦੇ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਤਾਂ ਜੋ ਹੋਰਾਂ ਨੂੰ ਵੀ ਕੰਨ ਹੋ ਜਾਣ। ਨਿਆਂ ਪ੍ਰਣਾਲੀ ਵਿੱਚ ਸੁਧਾਰ ਹੋਣਾ ਚਾਹੀਦਾ ਹੈ। ਜੋ ਵੀ ਅਜਿਹੀ ਵਾਰਦਾਤ ਨੂੰ ਅੰਜਾਮ ਦਿੰਦੇ ਹਨ ਜਲਦੀ ਤੋਂ ਜਲਦੀ ਫਾਸਟ ਟਰੈਕ ਵਿੱਚ ਅਜਿਹੇ ਕੇਸ ਲਗਾ ਕੇ ਫਾਂਸੀ ਦੀ ਸਜ਼ਾ ਸੁਣਾਈ ਜਾਣੀ ਚਾਹੀਦੀ ਹੈ । ਅਜਿਹੇ ਅਪਰਾਧ ਰੋਕਣ ਲਈ ਸਮਾਜ ਵਿੱਚ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਪਰਿਵਾਰ ਆਪਣੇ ਪੁੱਤਰਾਂ ਨੂੰ ਔਰਤਾਂ ਦਾ ਮਾਣ-ਸਤਿਕਾਰ ਕਰਨ ਦੀ ਸਿੱਖਿਆ ਜ਼ਰੂਰ ਦੇਣ।

ਕਲਮਾਂ ਦੇ ਜਜ਼ਬਾਤ

ਹਰਵਿੰਦਰ ਸਿੰਘ ਭੱਟੋਂ
ਮੋ. 94640-00070

# ਕੰਧਾਂ ਦਾ ਮੋਹ, ਰੂਹ ਦਾ ਸਕੂਨ





ਮੇਰੀ ਐੱਲ ਐੱਲ ਬੀ ਖਤਮ ਹੋਈ ਨੂੰ ਪੰਜ ਸਾਲ ਬੀਤ ਗਏ ਸੀ, ਯੂਨੀਵਰਸਿਟੀ ਦਾ ਗੇੜਾ ਲਏ ਨੂੰ ਵੀ 3-4 ਸਾਲ ਬੀਤ ਗਏ ਸਨ ।

ਹਰ ਬੰਦਾ ਕਾਲਜ-ਯੂਨੀਵਰਸਿਟੀ ਛੱਡਣ ਸਾਰ ਜ਼ਿੰਦਗੀ ਵਿੱਚ ਰੋਜ਼ਗਾਰ ਲਈ ਕੰਮਾਂ ਕਾਰਾਂ ਤੇ ਜਾਂ ਫੇਰ ਕਬੀਲਦਾਰੀਆਂ ਵਾਲੇ ਚੱਕਰ ਵਿੱਚ ਉਲਝ ਜਾਂਦਾ। ਵੈਸੇ ਵੀ ਵਿਆਹ ਤੋਂ ਬਾਅਦ ਪਹਿਲੇ 5-10 ਸਾਲ ਬੰਦਾ ਬਹੁਤ ਜਿੰਮੇਵਾਰੀਆਂ ਵਿੱਚ ਫਸ ਦਾ ਤੇ ਸਮਾਂ ਬੜੀ ਤੇਜ਼ੀ ਨਾਲ ਗੁਜ਼ਰਦਾ ਹੈ। ਮੇਰੇ ਨਾਲ ਵੀ ਏਵੇਂ ਹੀ ਹੋਈ ਸੀ।

ਨੌਕਰੀ ਤੇ ਇੱਕ ਦਿਨ ਮੈਨੂੰ ਸਾਡੇ ਪ੍ਰਿੰਸੀਪਲ ਸਾਹਿਬ ਨੇ ਆਪਣੇ ਦਫ਼ਤਰ ਵਿੱਚ ਸੱਦਿਆ ਕਿ ਤੈਨੂੰ ਐਨ ਐਸ ਐਸ ਯੂਨਿਟ ਦਾ ਪ੍ਰੋਗਰਾਮ ਅਫਸਰ ਲਾਉਣਾ, ਚਾਰ ਦਿਨ ਬਾਅਦ ਤੇਰੀ 10 ਦਿਨਾਂ ਦੀ ਟ੍ਰੇਨਿੰਗ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲੇ, ਵੈਸੇ ਤਾਂ ਸ਼ਾਇਦ ਮੈਂ ਮਨ੍ਹਾ ਵੀ ਕਰ ਦਿੰਦਾ ਪਰ ਪੰਜਾਬੀ ਯੂਨੀਵਰਸਿਟੀ ਦਾ ਨਾਂ ਸੁਣਦੇ ਹੀ ਮਨ ਖਿੜ ਗਿਆ। ਮੈਂ ਕਿਹਾ ਜੀ, ਕੋਈ ਚੱਕਰ ਨਹੀਂ, ਜਾ ਆਵਾਂਗਾ, ਮਨ ਖੁਸ਼ ਹੋ ਗਿਆ ਕਿ ਚਲੋ 10 ਦਿਨ ਯੂਨੀਵਰਸਿਟੀ ਜਾਣ ਦਾ ਮੌਕਾ ਮਿਲੂ।

ਜਦੋਂ ਪਹਿਲੇ ਦਿਨ ਟ੍ਰੇਨਿੰਗ ਵਿੱਚ ਗਏ ਤਾਂ ਸੱਚੀ ਪੁਰਾਣਾ ਮਾਹੌਲ ਬਣ ਗਿਆ, ਪੜ੍ਹਦੇ ਵੇਲੇ ਵਾਲੇ ਦੋ ਮਿੱਤਰ ਹੋਰ ਮਿਲ ਗਏ, ਟ੍ਰੇਨਿੰਗ ਲਾਉਣ ਆਏ, ਉਪਰੋਂ ਟ੍ਰੇਨਿੰਗ ਦੇਣ ਵਾਲੇ ਸਰ ਡਾ. ਬਲਵੰਤ ਸਿੰਘ ਬੇਹੱਦ ਨਿੱਘੇ ਤੇ ਰੌਚਕ ਇਨਸਾਨ ਸਾਰਾ ਦਿਨ ਰੌਣਕ ਲੱਗੀ ਰਹਿੰਦੀ।

ਮੇਰੇ ਮਿੱਤਰਾਂ ਨੇ ਵਾਰਸ ਭਵਨ ਵਿੱਚ ਕਮਰੇ ਲੈ ਲਏ, ਮੈਂ ਰੋਜ਼ ਪਿੰਡ ਵਾਪਸ ਮੁੜ ਆਉਂਦਾ ਸੀ ਸ਼ਾਮ ਨੂੰ । ਮੈਂ ਹਰ ਰੋਜ਼ ਸਵੇਰੇ ਇੱਕ ਘੰਟਾ ਪਹਿਲਾਂ ਯੂਨੀਵਰਸਿਟੀ ਪਹੁੰਚ ਜਾਣਾ, ਕਾਰ ਖੜਾ ਕੇ ਸਾਰੀ ਯੂਨੀਵਰਸਿਟੀ ਵਿੱਚ ਪੈਦਲ ਗੇੜਾ ਦੇਣਾ, ਬੜਾ ਸਕੂਨ ਮਿਲਣਾ ਰੂਹ ਨੂੰ। ਇੱਕ ਦਿਨ ਸਵੇਰੇ ਸਵੇਰੇ ਯੂਨੀਵਰਸਿਟੀ ਵਿੱਚ ਘੁੰਮਦੇ ਨੂੰ ਸਾਡੇ ਟ੍ਰੇਨਿੰਗ ਦੇਣ ਵਾਲੇ ਸਰ ਡਾ. ਬਲਵੰਤ ਸਿੰਘ ਮਿਲ ਗਏ, ਕਹਿੰਦੇ ਤੁਸੀਂ ਕਿਵੇਂ ਤੁਰੇ ਆ ਰਹੇ ਹੋ ? ਤੁਸੀਂ ਤਾਂ ਆਪਣੀ ਕਾਰ ਵਿੱਚ ਨਹੀਂ ਆਉਂਦੇ ? ਮੈਂ ਕਿਹਾ, ਜੀ ਆਉਂਦਾ ਤਾਂ ਆਪਣੀ ਕਾਰ ਵਿੱਚ ਹੀ ਹਾਂ, ਬੱਸ ਗੇੜਾ ਦੇਣ ਆ ਜਾਨਾਂ ਯੂਨੀਵਰਸਿਟੀ ਵਿੱਚ। ਸਰ ਬਹੁਤ ਖੁਸ਼ ਹੋਏ, ਕਹਿੰਦੇ, ਹਾਂ, ਜਿਹੜਾ ਇੱਥੇ ਪੜ੍ਹਿਆ ਹੋਇਆ ਹੁੰਦਾ ਉਹਦਾ ਇਨ੍ਹਾਂ ਕੰਧਾਂ ਨਾਲ ਮੋਹ ਪੈ ਜਾਂਦਾ। ਉਸਨੂੰ ਇਹ ਬਹੁਤ ਖਿੱਚਦੀਆਂ ਨੇ।

ਮੈਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੋਵਾਂ ਵਿੱਚ ਪੜ੍ਹਿਆ ਹਾਂ। ਇਸੇ ਤਰ੍ਹਾਂ ਹੀ ਜਦੋਂ ਵੀ ਕਿਸੇ ਕੰਮਕਾਰ ਲਈ ਚੰਡੀਗੜ੍ਹ ਜਾਈਦਾ ਅਕਸਰ ਜਦੋਂ ਵੀ ਮੈਂ ਤੇ ਮੇਰਾ ਮਿੱਤਰ ਕੁਲਬੀਰ ਸਿੰਘ ਮੀਆਂਪੁਰ ਇਕੱਠੇ ਹੀ ਜਾਈਏ ਤਾਂ ਝੱਟ ਸਾਡੀ ਸਲਾਹ ਬਣ ਜਾਂਦੀ ਹੈ ਕਿ ਕੰਮਕਾਰ ਮੁਕਾ ਕੇ ਯੂਨੀਵਰਸਿਟੀ ਸਟੂਡੈਂਟ ਸੈਂਟਰ ਜ਼ਰੂਰ ਚਾਹ ਪੀ ਕੇ ਜਾਣੀ ਹੈ।

ਸਟੂਡੈਂਟ ਸੈਂਟਰ ਵਾਲੀ ਚਾਹ ਦਾ ਸਵਾਦ ਅਲੱਗ ਹੀ ਹੈ, ਸੈਂਟਰ ਵਾਲੀ ਕੱਚ ਦੇ ਵੱਡੇ ਵੱਡੇ ਗਲਾਸਾਂ ਵਾਲੀ ਚਾਹ ਦਾ ਸਵਾਦ ਹੋਰ ਦੁਨੀਆ ਦੀ ਕਿਸੇ ਜਗ੍ਹਾ ਨਹੀਂ ਮਿਲ ਸਕਦਾ। ਪਿੱਛੇ ਜਿਹੇ ਅਸੀਂ ਪੰਜਾਬ ਯੂਨੀਵਰਸਿਟੀ ਵਾਲੇ ਸੱਤ-ਅੱਠ ਮਿੱਤਰ ਰਾਤ ਚੰਡੀਗੜ੍ਹ ਰਹੇ, ਸਵੇਰੇ ਉੱਠ ਕੇ ਆਪਣੇ ਹੋਸਟਲ ਨੰਬਰ ਚਾਰ ਵਿੱਚ ਜਾ ਕੇ ਮੈੱਸ ਵਿੱਚ ਬਰੇਕਫਾਸਟ ਕੀਤਾ, ਉਹੀ ਮੈੱਸ, ਉਹੀ ਪਰੌਂਠੇ, ਉਹੀ ਸਵਾਦ, ਰੂਹ ਖਿੜ ਗਈ ਸਾਰਿਆਂ ਦੀ। ਕਿੰਨਾ ਕੁਝ ਯਾਦ ਕੀਤਾ ਹੋਸਟਲ ਵਾਲਾ।

ਅਸਲ ਵਿੱਚ ਜਿਹੜੇ ਕਾਲਜ ਯੂਨੀਵਰਸਿਟੀ ਵਿੱਚ ਆਪਾਂ ਪੜ੍ਹੇ ਹੁੰਨੇ ਆ ਉਹ ਸਾਡੀ ਰੂਹ ਵਿੱਚ ਰਚ ਜਾਂਦਾ ਹੈ। ਇਹ ਜਗ੍ਹਾ ਸਾਨੂੰ ਸਦਾ ਆਪਣੇ ਵੱਲ ਖਿੱਚ ਦੀ ਹੈ, ਉੱਥੇ ਫੇਰਾ ਪਾਉਣ ਨਾਲ ਦਿਲ ਨੂੰ ਅਜੀਬ ਸਕੂਨ ਮਿਲਦਾ ਹੈ, ਲੱਗਦਾ ਹੁੰਦਾ ਜਿਵੇਂ ਉਹੀ ਸਮਾਂ ਫੇਰ ਕੁਝ ਪਲਾਂ ਲਈ ਜਿਉਂ ਲਿਆ ਹੋਵੇ, ਉੱਥੇ ਪੜ੍ਹਦੇ ਵਕਤ ਮਾਣਿਆ ਬੇਫ਼ਿਕਰੀ ਵਾਲਾ ਸਮਾਂ ਜ਼ਿੰਦਗੀ ਦਾ ਸਭ ਤੋਂ ਕੀਮਤੀ ਸਮਾਂ ਹੁੰਦਾ ਹੈ। ਪੜ੍ਹਦੇ ਵਕਤ ਪਈਆਂ ਦੋਸਤੀਆਂ ਸਵਾਰਥ ਰਹਿਤ ਹੁੰਦੀਆਂ ਨੇ, ਮੁੜ ਉਹੋ ਜਿਹੀਆਂ ਯਾਰੀਆਂ ਦੋਸਤੀਆਂ ਕਦੇ ਨਹੀਂ ਪੈਂਦੀਆਂ। ਇਹ ਵਿਦਿਅਕ ਸੰਸਥਾਵਾਂ ਤੇ ਸਾਡੇ ਅਧਿਆਪਕ ਜਿਨ੍ਹਾਂ ਸਦਕਾ ਅਸੀਂ ਗਿਆਨ ਹਾਸਿਲ ਕੀਤਾ ਪ੍ਰਮਾਤਮਾ ਕਰੇ ਦਿਨ ਦੁਗੱਣੀ ਰਾਤ ਚੌਗੁਣੀ ਤਰੱਕੀ ਕਰਨ।

ਕਦੇ ਕਦੇ ਜਦ ਵਕਤ ਮਿਲੇ,
ਪਟਿਆਲੇ ‘ਗੋਲ ਮਾਰਕੀਟ’
ਚੰਡੀਗੜ੍ਹ ‘ਸੈਂਟਰ’ ਤੇ
ਗੇੜਾ ਲਾ ਆਈਦਾ।
ਇਨ੍ਹਾਂ ਥਾਵਾਂ ਦੇ ਸਦਕੇ
ਯਾਦਾਂ ਵਿੱਚ..ਯਾਰਾਂ ਕੋਲ
ਕੁਝ ਪਲਾਂ ਦਾ ਫੇਰਾ ਪਾ ਆਈਦਾ ।

TRANS-ALLIANCE
TOGETHER WE SAVE

**FUEL DISCOUNTS**
UPTO 80 CENTS PER GALLON DISCOUNT
MAJOR NETWORK OF TRUCK STOPS

**FUEL CARDS**
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

**YOU BREAK DOWN**
WE SHOW UP
24-HOUR ROADSIDE ASSISTANCE

**TRUCK REPAIR & TIRE DISCOUNTS**
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

**FUEL MANAGEMENT**
DAILY FUEL RATES IN PHONE APP

CALL FOR MORE INFO

(855)641-6955, (888)795-7035




# ਬ੍ਰਹਿਮੰਡ ਨੂੰ ਸੁਣਨ ਦੇ ਯੁੱਗ ਦੀ ਸ਼ੁਰੂਆਤ : LIGO



ਹਰਜੀਤ ਸਿੰਘ
ਵਿਗਿਆਨੀ -ਇਸਰੋ, ਤ੍ਰਿਵੇਂਦ੍ਰਮ
+91 9995765095



ਜਦੋਂ-ਜਦੋਂ ਵਿਗਿਆਨੀਆਂ ਦੇ ਹੱਥ ਆਸਮਾਨ ਨੂੰ ਵੇਖਣ ਦਾ ਨਵਾਂ ਯੰਤਰ ਲੱਗਿਆ ਹੈ, ਉਨ੍ਹਾਂ ਨੇ ਨਵੀਆਂ ਚੀਜ਼ਾਂ ਲੱਭੀਆਂ ਨੇ। ਗੈਲੀਲਿਓ ਨੇ ਦੂਰਬੀਨ ਨਾਲ ਬ੍ਰਹਿਸਪਤੀ ਦੇ ਚੰਨ ਲੱਭ ਕੇ ਸਿੱਧ ਕੀਤਾ ਕਿ ਧਰਤੀ ਬ੍ਰਹਿਮੰਡ ਦਾ ਕੇਂਦਰ ਬਿੰਦੂ ਨਹੀਂ ਹੈ। ਰੇਡੀਓ ਦੂਰਬੀਨਾਂ ਨੇ ਕੁਆਸਰ ਲੱਭੇ ਅਤੇ ਮਾਇਕ੍ਰੋਵੇਵ ਦੂਰਬੀਨਾਂ ਨੇ ਬਿਗ ਬੈਂਗ ਨੂੰ ਸਿੱਧ ਕਰਦੀ ਕੌਸਮਿਕ ਮਾਇਕ੍ਰੋਵੇਵ ਬੈਕਗ੍ਰਾਉਂਡ (CMB) ਲੱਭੀ। ਹੁਣ ਫਿਰ ਸਾਡੇ ਕੋਲ ਇੱਕ ਨਵਾਂ ਯੰਤਰ ਹੈ :- LIGO ਲੇਜ਼ਰ ਇੰਟਰਫੇਰੋਮੀਟਰ ਗਰੈਵੀਟੇਸ਼ਨਲ-ਵੇਵ ਆਬਜ਼ਰਵੇਟਰੀ ਜੋ ਕਿ ਗੁਰੂਤਾ ਤਰੰਗਾਂ ਨੂੰ ਖੋਜਦਾ ਹੈ। ਇਸ ਲੇਖ ਵਿੱਚ ਅਸੀਂ ਪੜ੍ਹਾਂਗੇ ਕਿ ਗੁਰੂਤਾ ਤਰੰਗਾਂ ਕੀ ਨੇ LIGO ਤੇ ਕਿਵੇਂ ਕੰਮ ਕਰਦਾ ਹੈ।

ਆਈਨਸਟਾਈਨ ਦਾ ਸਾਪੇਖਤਾ ਦਾ ਸਿਧਾਂਤ ਸਾਨੂੰ ਦੱਸਦਾ ਹੈ ਕਿ ਹਰ ਇੱਕ ਵਸਤੂ ਆਪਣੇ ਪੁੰਜ ਅਨੁਸਾਰ ਸਪੇਸ-ਟਾਈਮ ਫ਼ੈਬ੍ਰਿਕ ਨੂੰ ਝੁਕਾਉਂਦੀ ਹੈ। ਬਹੁਤ ਜ਼ਿਆਦਾ ਪੁੰਜ ਵਾਲੇ ਬਲੈਕ ਹੋਲ ਅਤੇ ਨਿਊਟ੍ਰੌਨ ਤਾਰੇ ਇਸਨੂੰ ਬਹੁਤ ਜ਼ਿਆਦਾ ਝੁਕਾਉਂਦੇ ਹਨ। ਸਾਪੇਖਤਾ ਸਾਨੂੰ ਇਹ ਵੀ ਦੱਸਦੀ ਹੈ ਕਿ ਜਦੋਂ ਕਿਸੇ ਵਸਤੂ ਦੀ ਗਤੀ ਵਧਦੀ ਹੈ (ਆਵੇਗਿਤ ਹੁੰਦੀ ਹੈ) ਤਾਂ ਇਹ ਗੁਰੂਤਾ ਤਰੰਗਾਂ ਪੈਦਾ ਕਰਦੀ ਹੈ। ਇਹ ਤਰੰਗਾਂ ਸਪੇਸ-ਟਾਈਮ ਫ਼ੈਬ੍ਰਿਕ ਉੱਤੇ ਲਹਿਰਾਂ ਵਾਂਗ ਪ੍ਰਕਾਸ਼ ਦੀ ਗਤੀ ਤੇ ਚਲਦੀਆਂ ਨੇ ।ਹਰ ਆਵੇਗਿਤ ਵਸਤੂ ਆਪਣੇ ਪੁੰਜ ਅਨੁਸਾਰ ਗੁਰੂਤਾ ਤਰੰਗਾਂ ਪੈਦਾ ਕਰਦੀ ਹੈ। ਇਨਸਾਨ, ਕਾਰਾਂ, ਬੱਸਾਂ ਆਦਿ ਸਭ ਇਹ ਤਰੰਗਾਂ ਪੈਦਾ ਕਰਦੇ ਨੇ ਪਰ ਇਹ ਬਹੁਤ ਮੱਧਮ ਹੁੰਦੀਆਂ ਹਨ। ਪਰ ਸਾਡੇ ਬ੍ਰਹਿਮੰਡ ਵਿੱਚ ਬਹੁਤ ਸਾਰੀਆਂ ਅਜਿਹੀਆਂ ਭਾਰੀਆਂ ਚੀਜ਼ਾਂ ਹਨ ਜੋ ਬਹੁਤ ਤੇਜ਼ੀ ਨਾਲ ਆਵੇਗਿਤ ਹੁੰਦੀਆਂ ਨੇ ਅਤੇ ਬਹੁਤ ਤੀਬਰਤਾ ਵਾਲੀਆਂ ਤਰੰਗਾਂ ਪੈਦਾ ਕਰਦੀਆਂ ਹਨ। ਇਨ੍ਹਾਂ ਤਰੰਗਾਂ ਦੇ ਕਈ ਸਰੋਤ ਹੋ ਸਕਦੇ ਹਨ।

ਪਹਿਲੀ ਕਿਸਮ ਦੇ ਸਰੋਤ ਲਗਾਤਾਰ ਗੁਰੂਤਾ ਤਰੰਗਾਂ ਪੈਦਾ ਕਰਦੇ ਹਨ। ਇੱਕ ਤੇਜ਼ੀ ਨਾਲ ਘੁੰਮ ਰਹੇ ਨਿਊਟ੍ਰੌਨ ਤਾਰੇ ਦੀ ਸੰਪੂਰਨ ਗੋਲ ਸਤ੍ਹਾ ਉੱਪਰ ਮੌਜੂਦ ਕਿਸੇ ਵੀ ਕਿਸਮ ਦੀ ਉਚਾਣ ਜਾਂ ਨਿਵਾਣ ਇਹ ਤਰੰਗਾਂ ਨੂੰ ਜਨਮ ਦੇਵੇਗੀ। ਜੇ ਤਾਰਾ ਇਕ ਸਾਰ ਗਤੀ ਨਾਲ ਘੁੰਮ ਰਿਹਾ ਹੋਵੇਗਾ ਤਾਂ ਇਹ ਲਗਾਤਾਰ ਇੱਕ ਆਵਿਰਤੀ ਦੀਆਂ ਤਰੰਗਾਂ ਛੱਡੇਗਾ। ਦੂਜੀ ਕਿਸਮ ਦੀਆਂ ਤਰੰਗਾਂ ਉਦੋਂ ਪੈਦਾ ਹੁੰਦੀਆਂ ਨੇ ਜਦੋਂ ਬਲੈਕ ਹੋਲ ਜਾਂ ਨਿਊਟ੍ਰੌਨ ਤਾਰਿਆਂ ਦੀ ਜੋੜੀ ਇੱਕ ਦੂਜੇ ਦੀ ਪਰਿਕਰਮਾ ਕਰ ਰਹੀ ਹੋਵੇ। ਇਹ ਤਾਰੇ ਜਾਂ ਬਲੈਕ ਹੋਲ ਇੱਕ ਦੂਜੇ ਦੀ ਪਰਿਕਰਮਾ ਕਰਦੇ ਹੋਏ ਗੁਰੂਤਾ ਤਰੰਗਾਂ ਛੱਡਦੇ ਨੇ ਅਤੇ ਹਰ ਇੱਕ ਤਰੰਗ ਨਾਲ ਇਹ ਥੋੜ੍ਹੀ ਜਿਹੀ ਊਰਜਾ ਗਵਾ ਲੈਂਦੇ ਨੇ ਜਿਸ ਕਰਕੇ ਇਨ੍ਹਾਂ ਦਾ ਪੰਧ ਥੋੜ੍ਹਾ ਛੋਟਾ ਹੋ ਜਾਂਦਾ ਹੈ। ਪਰ ਛੋਟੇ ਪੰਧ ਵਿੱਚ ਜ਼ਿਆਦਾ ਤੇਜ਼ ਗਤੀ ਨਾਲ ਪਰਿਕਰਮਾ ਕਰਨੀ ਪੈਂਦੀ ਹੈ ਜਿਸ ਕਰਕੇ ਨਿਕਲਣ ਵਾਲਿਆਂ ਗੁਰੂਤਾ ਤਰੰਗਾਂ ਦੀ ਤਾਕਤ ਹੋਰ ਵਧ ਜਾਂਦੀ ਹੈ ਅਤੇ ਨਾਲ ਹੀ ਵਧਦੀ ਹੈ ਤਰੰਗਾਂ ਨਾਲ ਜਾਣ ਵਾਲੀ ਊਰਜਾ। ਇਸ ਕਰਕੇ ਇਹ ਬਲੈਕ ਹੋਲ/ਤਾਰੇ ਇੱਕ ਦੂਜੇ ਵੱਲ ਹੋਰ ਤੇਜੀ ਨਾਲ ਪਰਿਕਰਮਾ ਕਰਦੇ ਹੋਏ ਵਧਦੇ ਹਨ। ਇਹ ਕਿਰਿਆ ਉਦੋਂ ਤੱਕ ਚਲਦੀ ਰਹਿੰਦੀ ਹੈ ਜਦੋਂ ਤੱਕ ਦੋਵੇਂ ਚੀਜ਼ਾਂ ਇੱਕ ਦੂਜੇ ਨਾਲ ਟਕਰਾ ਨਾ ਜਾਣ। ਇਸ ਤੋਂ ਪੈਦਾ ਹੋਣ ਵਾਲੀਆਂ ਤਰੰਗਾਂ ਦੀ ਤਾਕਤ ਤੇ ਆਵਿਰਤੀ ਸ਼ੁਰੂ ਵਿੱਚ ਹੌਲੀ-ਹੌਲੀ ਵਧਦੀ ਹੈ ਅਤੇ ਅੰਤ ਵਿੱਚ ਬਹੁਤ ਤੇਜ਼ੀ ਨਾਲ ਵਧ ਕੇ ਇੱਕ ਦਮ ਖਤਮ ਹੋ ਜਾਂਦੀ ਹੈ। ਤੀਜੀ ਕਿਸਮ ਦੇ ਸਰੋਤ ਨੂੰ ਸਟੋਕੈਸਕਟਿਕ (Stochastic) ਸਰੋਤ ਕਿਹਾ ਜਾਂਦਾ ਹੈ। ਇਸ ਵਿੱਚ ਬ੍ਰਹਿਮੰਡ ਵਿੱਚ ਹੋ ਰਹੇ ਕਈ ਵਰਤਾਰਿਆਂ ਵਿੱਚੋਂ ਨਿਕਲੀਆਂ ਤਰੰਗਾਂ ਮਿਲ ਕੇ ਆਉਂਦੀਆਂ ਹਨ। ਹਰ ਪਾਸੇ ਤੋਂ ਆਉਣ ਵਾਲੀਆਂ ਇਹ ਤਰੰਗਾਂ ਬਿਲਕੁਲ ਬੇਤਰਤੀਬ ਹੁੰਦੀਆਂ ਨੇ ਪਰ ਸੰਭਾਵਨਾ ਹੈ ਕਿ ਇਨ੍ਹਾਂ ਵਿੱਚ ਬਿਗ ਬੈਂਗ ਦੇ ਸਮੇਂ ਦੀਆਂ ਤਰੰਗਾਂ ਹੋਣ ਜੋ ਸਾਨੂੰ ਉਸ ਵੇਲੇ ਦੇ ਬ੍ਰਹਿਮੰਡ ਬਾਰੇ ਨਵੀਂ ਜਾਣਕਾਰੀ ਦੇ ਸਕਣ।

ਇਨ੍ਹਾਂ ਤਰੰਗਾਂ ਨੂੰ ਫੜਨ ਲਈ LIGO ਨਾਮ ਦੇ ਯੰਤਰ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਯੰਤਰ ਬਹੁਤ ਅਸਾਨ ਜਿਹੇ ਸਿਧਾਂਤ ਤੇ ਕੰਮ ਕਰਦਾ ਹੈ। ਅਸੀਂ ਜਾਣਦੇ ਹਾਂ ਕਿ ਤਰੰਗਾਂ ਇੱਕ ਮਾਧਿਅਮ ਵਿੱਚ ਕੰਪਨ ਪੈਦਾ ਕਰਦੀਆਂ ਹਨ। ਇਸ ਕੰਪਨ ਕਰਕੇ ਮਾਧਿਅਮ ਦਾ ਕੁਝ ਹਿੱਸਾ ਆਮ ਨਾਲੋਂ ਉੱਪਰ ਉੱਠ ਜਾਂਦਾ ਹੈ (ਕ੍ਰੈਸਟ) ਅਤੇ ਕੁਝ ਹੇਠਾਂ ਚਲਾ ਜਾਂਦਾ ਹੈ (ਟ੍ਰਫ), ਜਿਵੇਂ ਕਿ ਤੁਸੀਂ ਪਾਣੀ ਵਿੱਚ ਪੱਥਰ ਸੁੱਟਣ ਤੇ ਬਣੀਆਂ ਤਰੰਗਾਂ ਵਿੱਚ ਦੇਖਦੇ ਹੋ. ਜਦੋਂ ਦੋ ਤਰੰਗਾਂ ਆਪਸ ਵਿੱਚ ਟਕਰਾਉਂਦਿਆਂ ਨੇ ਤਾਂ ਜੇ ਕ੍ਰੈਸਟ ਨਾਲ ਕ੍ਰੈਸਟ ਟਕਰਾਵੇ ਤੇ ਟ੍ਰਫ ਨਾਲ ਟ੍ਰਫ ਤਾਂ ਤਰੰਗ ਹੋਰ ਤੀਬਰ ਹੋ ਜਾਵੇਗੀ। ਪਰ ਜੇ ਕ੍ਰੈਸਟ ਨਾਲ ਟ੍ਰਫ ਟਕਰਾਉਂਦੀ ਹੈ ਤਾਂ ਤਰੰਗ ਖਤਮ ਹੋ ਜਾਂਦੀ ਹੈ। ਇਸੇ ਤਰ੍ਹਾਂ ਜੇ ਕ੍ਰੈਸਟ ਨਾਲ ਕ੍ਰੈਸਟ ਥੋੜ੍ਹਾ ਅੱਗੇ-ਪਿੱਛੇ ਟਕਰਾਵੇਗੀ ਤਾਂ ਨਵੀਂ ਤਰੰਗ ਦੀ ਤਾਕਤ ਉਸੇ ਅਨੁਸਾਰ ਵਧੇਗੀ ਜਾਂ ਘਟੇਗੀ।

LIGO ਦੀ ਸਰਲ ਬਣਤਰ ਉੱਪਰ ਦਿਖਾਈ ਗਈ ਹੈ. ਖੱਬੇ ਪਾਸਿਓਂ ਲੇਜ਼ਰ ਛੱਡੀ ਜਾਂਦੀ ਹੈ ਜੋ ਇੱਕ ਅਲਪ-ਪਾਰਦਰਸ਼ੀ ਸ਼ੀਸ਼ੇ ਦੁਆਰਾ ਦੋ ਹਿੱਸਿਆਂ ਵਿੱਚ ਵੰਡ ਦਿੱਤੀ ਜਾਂਦੀ ਹੈ। ਇੱਕ ਹਿੱਸਾ ਉੱਪਰ ਵੱਲ ਜਾਂਦਾ ਹੈ ਤੇ ਉੱਪਰ ਲੱਗੇ ਸ਼ੀਸ਼ੇ ਨਾਲ ਟਕਰਾ ਕੇ ਵਾਪਿਸ ਆ ਜਾਂਦਾ ਹੈ। ਦੂਜਾ ਹਿੱਸਾ ਸਿੱਧਾ ਲੰਘ ਕੇ ਸੱਜੇ ਪਾਸੇ ਵਾਲੇ ਸ਼ੀਸ਼ੇ ਨਾਲ ਟਕਰਾਅ ਕੇ ਵਾਪਿਸ ਆਉਂਦਾ ਹੈ। ਅਲਪ-ਪਾਰਦਰਸ਼ੀ ਸ਼ੀਸ਼ੇ ਚੋਂ ਲੰਘ ਕੇ ਇਹ ਦੋਵੇਂ ਕਿਰਨਾਂ ਥੱਲੇ ਲੱਗੇ ਯੰਤਰ ਤੱਕ ਪਹੁੰਚਦੀਆਂ ਨੇ। ਹੁਣ ਇਹ ਸ਼ੀਸ਼ਿਆਂ ਦੀ ਆਪਸੀ ਦੂਰੀ ਤਹਿ ਕਰੇਗੀ ਕਿ ਵਾਪਿਸ ਮਿਲਣ ਤੇ ਤਰੰਗਾਂ ਦੀ ਕ੍ਰੈਸਟ ਨਾਲ ਕ੍ਰੈਸਟ ਟਕਰਾਏਗੀ ਜਾਂ ਥੋੜ੍ਹਾ ਅੱਗੇ ਪਿੱਛੇ ਹੋਏਗੀ। ਜੇਕਰ ਅਲਪ-ਪਾਰਦਰਸ਼ੀ ਸ਼ੀਸ਼ੇ ਤੋਂ ਦੋਵਾਂ ਸ਼ੀਸ਼ਿਆਂ ਦੀ ਦੂਰੀ ਇੱਕ ਸਮਾਨ ਹੈ ਤਾਂ ਕ੍ਰੈਸਟ ਨਾਲ ਕ੍ਰੈਸਟ ਮਿਲੇਗੀ, ਪਰ ਇਸ ਦੂਰੀ ਵਿੱਚ ਥੋੜ੍ਹਾ ਜਿਹਾ ਵੀ ਫਰਕ ਵੀ ਇਸ ਮੇਲ ਨੂੰ ਗੜਬੜ ਕਰ ਦੇਵੇਗਾ। ਇਸ ਨਾਲ ਅੰਤ ਵਿੱਚ ਮਿਲਣ ਵਾਲੀ ਲੇਜ਼ਰ ਕਿਰਨ ਦੀ ਤੀਬਰਤਾ ਵਿੱਚ ਬਹੁਤ ਫਰਕ ਪਵੇਗਾ। ਸੰਵੇਦਨਾਸ਼ੀਲ ਉਪਕਰਣਾਂ ਦੀ ਮਦਦ ਨਾਲ ਅਸੀਂ ਇਸ ਤੀਬਰਤਾ ਨੂੰ ਨਾਪ ਸਕਦੇ ਹਾਂ।

ਹੁਣ ਗੁਰੂਤਾ ਤਰੰਗਾਂ ਤੇ ਵਾਪਿਸ ਆਉਂਦੇ ਹਾਂ. ਜੇਕਰ ਗੁਰੂਤਾ ਤਰੰਗਾਂ LIGO ਵਿੱਚੋਂ ਲੰਘਦੀਆਂ ਨੇ ਤਾਂ ਆਪਣੀ ਦਿਸ਼ਾ ਮੁਤਾਬਕ ਕਿਸੇ ਇੱਕ ਸ਼ੀਸ਼ੇ ਦੀ ਦੂਰੀ ਨੂੰ ਘਟਾ ਦੇਣਗੀਆਂ। ਇਸ ਨਾਲ ਲੇਜ਼ਰ ਕਿਰਨਾਂ ਦੇ ਮੇਲ ਤੇ ਅਸਰ ਪਵੇਗਾ ਅਤੇ ਅੰਤਲੀ ਕਿਰਨ ਦੀ ਤੀਬਰਤਾ ਬਦਲ ਜਾਵੇਗੀ. ਤੀਬਰਤਾ ਦੇ ਇਸੇ ਬਦਲਾਅ ਨੂੰ ਮਾਪ ਕੇ ਅਸੀਂ ਗੁਰੂਤਾ ਤਰੰਗਾਂ ਨੂੰ ਫੜਦੇ ਹਾਂ।

ਪਰ ਇਸ ਵਿੱਚ ਇੱਕ ਹੋਰ ਦਿੱਕਤ ਹੈ. ਗੁਰੂਤਾ ਤਰੰਗਾਂ ਜਿਵੇਂ-ਜਿਵੇਂ ਫੈਲਦੀਆਂ ਨੇ, ਉਨ੍ਹਾਂ ਦੀ ਤੀਬਰਤਾ ਘਟਦੀ ਜਾਂਦੀ ਹੈ। ਜਦੋਂ ਤੱਕ ਉਹ ਧਰਤੀ ਤੇ ਪਹੁੰਚਦੀਆਂ ਹਨ, ਉਹ ਬਹੁਤ ਕਮਜ਼ੋਰ ਹੋ ਜਾਂਦੀਆਂ ਹਨ। ਏਨੀਆਂ ਕਮਜ਼ੋਰ ਤਰੰਗਾਂ ਨੂੰ ਫੜਨ ਲਈ ਸ਼ੀਸ਼ਿਆਂ ਦੀ ਦੂਰੀ ਬਹੁਤ ਜ਼ਿਆਦਾ ਹੋਣੀ ਚਾਹੀਦੀ ਹੈ। ਇਸੇ ਕਰਕੇ LIGO ਦੀ ਇੱਕ ਪਾਸੇ ਦੀ ਲੰਬਾਈ

(ਬਾਕੀ ਸਫ਼ਾ 31 'ਤੇ)

# ਕੁਦਰਤ ਦੇ ਅਸਲ ਅਜੀਬ ਜਾਨਵਰ

ਜਰਮਨ ਪੋਰਟਿਲੋ

ਕੁਦਰਤ ਅਕਸਰ ਸਾਨੂੰ ਹੈਰਾਨ ਕਰਨ ਤੋਂ ਨਹੀਂ ਰੋਕਦੀ। ਇਸ ਕਾਇਨਾਤ 'ਚ ਅਵਿਸ਼ਵਾਸ਼ਯੋਗ ਸੁੰਦਰ ਸਥਾਨਾਂ ਤੋਂ ਇਲਾਵਾ, ਬਹੁਤ ਸਾਰੇ ਜਾਨਵਰ ਅਤੇ ਪੌਦਿਆਂ ਦੀਆਂ ਕਿਸਮਾਂ ਹਨ ਜੋ ਬਹੁਤ ਦੁਰਲੱਭ ਹਨ ਅਤੇ ਬਹੁਤ ਸਾਰੇ ਲੋਕਾਂ ਨੂੰ ਸ਼ੱਕ ਹੈ ਕਿ ਕੀ ਉਹ ਅਸਲ ਵਿੱਚ ਮੌਜੂਦ ਹਨ ਜਾਂ ਨਹੀਂ।

ਇਸ ਕੇਸ ਵਿੱਚ, ਅਸੀਂ ਸਿਖਾਉਣ 'ਤੇ ਧਿਆਨ ਕੇਂਦਰਿਤ ਕਰਨ ਜਾ ਰਹੇ ਹਾਂ ਕਿ, ਇਹ ਕੀ ਹਨ ਅਸਲ ਅਜੀਬ ਜਾਨਵਰ ਬਹੁਤ ਸਾਰੇ ਲੋਕ ਇਸ ਦੀ ਹੋਂਦ 'ਤੇ ਸ਼ੱਕ ਕਰਨਗੇ।ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਅਸਲ ਅਜੀਬ ਜਾਨਵਰ ਕੀ ਹਨ ਜੋ ਤੁਹਾਨੂੰ ਅੱਖਾਂ ਝਪਕਾਏ ਬਿਨਾਂ ਛੱਡ ਦੇਣਗੇ ? ਇਸ ਲੇਖ ਵਿਚ ਅਸੀਂ ਹਰ ਚੀਜ਼ ਨੂੰ ਵਿਸਥਾਰ ਨਾਲ ਸਮਝਾਉਂਦੇ ਹਾਂ।

**ਹਾਥੀ ਚਿਮੇਰਾ**

ਇਸ ਦਾ ਵਿਗਿਆਨਕ ਨਾਮ ਰਿਨੋਚਿਮੇਰਾ ਐਟਲਾਂਟਿਕਾ ਹੈ ਅਤੇ ਇਹ ਇੱਕ ਸ਼ਾਰਕ ਹੈ ਜੋ ਅੰਧ ਮਹਾਂਸਾਗਰ ਦੇ ਡੂੰਘੇ ਪਾਣੀਆਂ ਵਿੱਚ ਰਹਿੰਦੀ ਹੈ। ਉਹ ਅਜੀਬ ਦਿਖ ਰਿਹਾ ਸੀ, ਜਿਸਦੀ ਨੱਕ ਜਹਾਜ਼ ਦੇ ਐਂਕਰ ਵਾਂਗ ਇਸ਼ਾਰਾ ਕਰਦੀ ਸੀ। ਇਹ ਲੰਬਾਈ ਵਿੱਚ 1,40 ਮੀਟਰ ਤੱਕ ਪਹੁੰਚ ਸਕਦਾ ਹੈ।



**T.Rex ਲੀਚ**

ਇਹ ਲੀਚ ਦੀ ਇੱਕ ਨਵੀਂ ਸਪੀਸੀਜ਼ ਹੈ ਜੋ ਪੇਰੂ ਵਿੱਚ, ਬਿਲਕੁਲ ਐਮਾਜ਼ਾਨ ਵਿੱਚ ਰਹਿੰਦੀ ਹੈ। ਉਸਦਾ ਨਾਮ ਟਾਇਰਾਨੋਬਡੇਲਾ ਰੇਕਸ ਹੈ। ਇਹ ਸੱਤ ਸੈਂਟੀਮੀਟਰ ਲੰਬਾ ਹੈ ਅਤੇ ਡਾਇਨਾਸੌਰਾਂ ਦੇ ਨਾਲ ਮਿਲਦੀ ਜੁਲਦੀ ਹੈ। ਇਸ 'ਤੇ ਵਿਸ਼ਵਾਸ ਕਰੋ ਜਾਂ ਨਾ ਕਰੋ, ਇਹ ਸਪੀਸੀਜ਼ ਕੱਟਦਾ ਹੈ।

**ਸਕੁਇਡ ਕੀੜਾ**

ਇਸਦਾ ਇੱਕ ਸ਼ਾਨਦਾਰ ਰੰਗ ਹੈ ਜਿਸ ਨੇ ਸਾਰੇ ਖੋਜਕਰਤਾਵਾਂ ਨੂੰ ਹੈਰਾਨ ਕਰ ਦਿੱਤਾ ਜਦੋਂ ਇਸਦੀ ਖੋਜ ਕੀਤੀ ਗਈ ਸੀ. ਇਹ ਲਗਭਗ 10 ਸੈਂਟੀਮੀਟਰ ਲੰਬਾ ਹੈ ਅਤੇ 2007 ਵਿੱਚ ਇੱਕ ROV ਦੁਆਰਾ ਸੇਲੇਬਸ ਸਾਗਰ ਦੇ ਹੇਠਾਂ 2.800 ਮੀਟਰ ਦੀ ਡੂੰਘਾਈ ਵਿੱਚ ਖੋਜਿਆ ਗਿਆ ਸੀ। ਇਹ ਪੌਲੀਚਾਇਟਸ ਜਾਂ ਪੌਲੀਚਾਇਟਸ (ਐਨਿਲਿਡਜ਼) ਦੇ ਪਰਿਵਾਰ ਨਾਲ ਸਬੰਧਤ ਹੈ।

**ਵਿਸ਼ਾਲ carachama**

ਇਹ ਪੈਨਕ 2006 ਵਿੱਚ ਪੇਰੂ ਵਿੱਚ ਵੀ ਪਾਇਆ ਗਿਆ ਸੀ, ਜੋ ਕਿ ਸੈਂਟਾ ਅਨਾ ਨਦੀ ਵਿੱਚ ਹੁੰਦਾ ਹੈ।ਇਸ ਦੇ ਦੰਦ ਇੰਨੇ ਮਜ਼ਬੂਤ ਹੁੰਦੇ ਹਨ ਕਿ ਉਹ ਝੀਲ ਵਿੱਚ ਡਿੱਗੇ ਦਰੱਖਤਾਂ ਨੂੰ ਕੱਟ ਸਕਦੇ ਹਨ। ਇਸਦਾ ਦੂਜਾ ਨਾਮ ਕਾਰਾਚਮਾ ਹੈ, ਜਿਸਦਾ ਅਰਥ ਹੈ 'ਮੱਛੀ ਜੋ ਬਾਲਣ ਨੂੰ ਖਾ ਜਾਂਦੀ ਹੈ'।ਹਾਲਾਂਕਿ ਇਹ ਜਾਪਦਾ ਹੈ ਕਿ ਉਹ ਲੱਕੜ ਖਾਂਦੇ ਹਨ, ਅਜਿਹਾ ਨਹੀਂ ਹੈ, ਉਹ ਜੋ ਕਰਦੇ ਹਨ ਉਹ ਸੰਬੰਧਿਤ ਜੈਵਿਕ ਪਦਾਰਥ ਨੂੰ ਜਜ਼ਬ ਕਰਦੇ ਹਨ, ਇਸ ਵਿੱਚ ਸ਼ਾਮਲ ਹਨ, ਉਦਾਹਰਨ ਲਈ, ਐਲਗੀ, ਸੂਖਮ ਪੌਦੇ, ਜਾਨਵਰ ਅਤੇ ਹੋਰ ਅਵਸ਼ੇਸ਼। ਮੁੜ ਪ੍ਰਾਪਤ ਕੀਤੇ ਅਤੇ ਗ੍ਰਹਿਣ ਕੀਤੇ ਲੱਕੜ ਦੇ ਚਿਪਸ ਮੱਛੀ ਵਿੱਚੋਂ ਲੰਘਦੇ ਹਨ ਅਤੇ ਮਲ ਦੇ ਰੂਪ ਵਿੱਚ ਬਾਹਰ ਨਿਕਲ ਜਾਂਦੇ ਹਨ।



**ਨੱਕ ਤੋਂ ਬਿਨਾਂ ਬਾਂਦਰ**

mono sin nariz animales extraños reales

ਉਹ ਮਿਆਂਮਾਰ ਵਿੱਚ ਰਹਿੰਦਾ ਹੈ ਅਤੇ ਉਸਨੂੰ ਸੋਨੇ ਦੇ ਬਾਂਦਰ ਵਜੋਂ ਵੀ ਜਾਣਿਆ ਜਾਂਦਾ ਹੈ। ਇਸਦਾ ਵਿਗਿਆਨਕ ਨਾਮ ਰਾਈਨੋਪੀਥੀਕਸ ਸਟ੍ਰਾਈਕੇਰੀ ਹੈ ਅਤੇ, ਜਿਵੇਂ ਕਿ ਇਸਦਾ ਨਾਮ ਦਰਸਾਉਂਦਾ ਹੈ, ਇਹ ਵਿਲੱਖਣ ਹੈ ਕਿ ਇਸ ਵਿੱਚ ਇੱਕ ਸਮਤਲ ਅਤੇ ਇੱਥੋਂ ਤੱਕ ਕਿ ਡੁੱਬੀ ਹੋਈ ਥੁੱਕ ਵੀ ਹੈ। ਇਹ ਵਰਤਮਾਨ ਵਿੱਚ ਅਲੋਪ ਹੋਣ ਦੇ ਗੰਭੀਰ ਖਤਰੇ ਵਿੱਚ ਹੈ। ਵਿਸ਼ਲੇਸ਼ਣ ਕੀਤੀਆਂ ਜਾਤੀਆਂ ਨੂੰ ਬਾਅਦ ਵਿੱਚ ਸ਼ਿਕਾਰ ਕੀਤਾ ਗਿਆ ਅਤੇ ਖਾਧਾ ਗਿਆ।

**ਗੁਲਾਬੀ ਮੱਛੀ**

ਖੰਭ ਤੁਰਨ ਦੇ ਆਦੀ ਹੁੰਦੇ ਹਨ ਅਤੇ ਤੈਰਾਕੀ ਨਾਲੋਂ ਤੁਰਨਾ ਪਸੰਦ ਕਰਦੇ ਹਨ। ਇਹ ਸਮੁੰਦਰ ਦੀ ਡੂੰਘਾਈ ਵਿੱਚ ਰਹਿੰਦੇ ਹਨ ਅਤੇ ਵਿਗਿਆਨੀਆਂ ਨੇ ਸਿਰਫ਼ ਚਾਰ ਪ੍ਰਜਾਤੀਆਂ ਲੱਭੀਆਂ ਹਨ। ਇਸ ਦਾ ਵਿਗਿਆਨਕ ਨਾਮ Brachionichthyidae ਹੈ। ਉਹ ਬਹੁਤ ਘੱਟ ਅਧਿਐਨ ਵਾਲੀਆਂ ਮੱਛੀਆਂ ਹਨ ਅਤੇ ਉਹਨਾਂ ਦੇ ਵਿਹਾਰ ਅਤੇ ਜੀਵ ਵਿਗਿਆਨ ਬਾਰੇ ਬਹੁਤ ਘੱਟ ਜਾਣਿਆ ਜਾਂਦਾ ਹੈ।

ਨਾਵਲ

ਕਿਸ਼ਤ-14

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ



ਹਰਦੇਵ ਗਰੇਵਾਲ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਜਿਉਂ-ਜਿਉਂ ਸਰਦੂਲ ਸਿੰਘ ਦੱਸਦਾ ਗਿਆ, ਤਿਉਂ-ਤਿਉਂ ਗੁਰਦੇਵ ਰਾਮ ਦਾ ਦਿਲ ਬੈਠਦਾ ਗਿਆ। ਸਰਦੂਲ ਸਿੰਘ ਦੇ ਗੱਲ ਖ਼ਤਮ ਕਰਦੇ ਸਾਰ ਉਸਤੋਂ ਕਹਿ ਹੀ ਹੋ ਗਿਆ।

'ਜਨਾਬ, ਦੇਖ ਲਓ, ਕਿਤੇ ਬਾਜ਼ੀ ਉਲਟੀ ਹੀ ਨਾ ਪੈ ਜਾਏ, ਦੇਖਿਓ ਕਿਤੇ ਲੈਣੇ ਦੇ ਦੇਣੇ ਨਾ ਪੈ ਜਾਣ।'

'ਉਏ ਕਿਉਂ ਮੋਕ ਮਾਰੀ ਜਾਨਾਂ ਗੁਰਦੇਵ ਰਾਮਾ ? ਤੂੰ ਹੌਸਲਾ ਰੱਖ, ਇਹ ਬੜੀ ਜਾਂਚੀ-ਪਰਖੀ ਸਕੀਮ ਆ ਮੇਰੀ, ਬਥੇਰਿਆਂ ਦਾ ਮੱਕੂ ਠੱਪਿਆ ਇਉਂ ਮੈਂ।'

'ਪਰ ਜਨਾਬ, ਸਮਾਨ ਕਿੱਥੋਂ ਜੁਟਾਵਾਂਗੇ ?'

'ਲੈ ਹੁਣ ਆਹ ਵੀ ਮੈਂ ਦੱਸਾਂ ? ਉਗਰਾਹੀਆਂ ਕਰਨ ਨੂੰ ਤਾਂ ਪੂੰਛ ਨੂੰ ਅੱਗ ਲਾਈ ਫਿਰਦਾ ਹੁੰਨਾਂ, ਤੇ ਹੁਣ ਤੈਥੋਂ ਸਮਾਨ ਨੀ ਜੁੜਨਾ ?'

'ਚਲੋ, ਉਹ ਤਾਂ ਠੀਕ ਆ ਜਨਾਬ, ਹੋ ਜੂ, ਪਰ ਫੇਰ ਵੀ, ਇੱਕ ਵਾਰੀ ਸੋਚ ਲਓ।'

ਸਰਦੂਲ ਸਿੰਘ ਦੇ ਗੁੱਸੇ ਤੋਂ ਡਰਦਿਆਂ-ਡਰਦਿਆਂ ਵੀ, ਉਸਨੂੰ ਵਰਜਣ ਦੀ ਆਖ਼ਰੀ ਕੋਸ਼ਿਸ਼ ਕਰਨ ਲਈ ਗੁਰਦੇਵ ਰਾਮ ਨੇ ਆਪਣੀ ਪੂਰੀ ਵਾਹ ਲਾਈ।

ਸਰਦੂਲ ਸਿੰਘ ਆਪਣੇ ਸੁਭਾਅ ਦੇ ਉਲਟ, ਗੁੱਸੇ ਨਾ ਹੋਇਆ। ਪਰ ਬਾਜ਼ ਵੀ ਨਾ ਆਇਆ।

ਆਪਣੇ ਵੱਲੋਂ ਉਸਨੇ ਪੱਕੇ ਪੈਰੀਂ ਬਿਸਾਤ ਵਿਛਾ ਦਿੱਤੀ ਸੀ। ਪਰ ਬੜੇ ਕੱਚੇ ਮੋਹਰੇ ਦੇ ਸਿਰ 'ਤੇ ਬਾਜ਼ੀ ਖੇਡਣ ਜਾ ਰਿਹਾ ਸੀ ਸਰਦੂਲ ਸਿੰਘ ਏ.ਐੱਸ.ਆਈ.।'

ਦੋ ਵਜੇ ਦੇ ਕਰੀਬ ਤੇਜਵੀਰ ਅਤੇ ਗਗਨ ਢਿੱਲੋਂ ਸਾਹਬ ਦੀ ਆਲੀਸ਼ਾਨ ਕੋਠੀ ਵਿੱਚ ਪਹੁੰਚੇ। ਕੋਠੀ ਦੇ ਵਿਸ਼ਾਲਾਕਾਰ ਹਾੱਲ ਕਮ ਡਰਾਇੰਗ ਰੂਮ ਵਿੱਚ ਅਫ਼ਸੋਸ ਕਰਨ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਸੀ।

ਜਾਣ-ਪਛਾਣ ਤੋਂ ਬਾਅਦ ਢਿੱਲੋਂ ਸਾਹਬ ਨੇ ਇੱਕ ਨੌਕਰ ਨੂੰ ਇਸ਼ਾਰਾ ਕੀਤਾ, ਜੋ ਉਨ੍ਹਾਂ ਨੂੰ ਹਾਲ ਦੇ ਨਾਲ ਲੱਗਦੇ, ਬੜੀ ਨਫ਼ਾਸਤ ਨਾਲ ਸਜੇ ਹੋਏ ਸਟੱਡੀ ਰੂਮ ਅੰਦਰ ਲੈ ਗਿਆ। ਸਟੱਡੀ ਦੀਆਂ ਦੀਵਾਰਾਂ ਵਿੱਚ ਬਣੇ ਸ਼ਾਨਦਾਰ ਬੁੱਕ-ਰੈਕਸ ਵਿੱਚ ਸੈਂਕੜੇ ਕਿਤਾਬਾਂ ਬੜੇ ਕਰੀਨੇ ਨਾਲ ਸਜਾ ਕੇ ਰੱਖੀਆਂ ਪਈਆਂ ਸਨ।

ਸਾਹਮਣੇ ਵਾਲੀ ਦੀਵਾਰ 'ਤੋਂ ਕੋਈ ਪੰਜ ਕੁ ਫੁੱਟ ਅਗਾਂਹ ਨੂੰ ਸੱਜੇ ਸਟੱਡੀ ਟੇਬਲ ਦੇ ਸਾਹਮਣੇ ਪਈਆਂ ਚਾਰ ਕੁਰਸੀਆਂ ਵਿੱਚੋਂ ਦੋ 'ਤੇ ਤੇਜਵੀਰ ਅਤੇ ਗਗਨ ਨੇ ਡੇਰਾ ਜਮਾ ਲਿਆ। ਅਗਲੇ ਦੋ-ਤਿੰਨ ਮਿੰਟਾਂ ਦੇ ਅੰਦਰ-ਅੰਦਰ ਹੀ ਉਨ੍ਹਾਂ ਸਾਹਮਣੇ ਚਾਹ ਹਾਜ਼ਰ ਹੋ ਗਈ।

'ਚੰਗੀ ਮੋਟੀ ਆਸਾਮੀ ਲੱਗਦੇ ਆ ਢਿੱਲੋਂ ਸਾਹਬ ਤਾਂ, ਪਰ ਕਿਸਮਤ ਦੇ ਖੇਡ ਦੇਖ; ਇੱਕੋ-ਇੱਕ ਔਲਾਦ ਤੇ ਉਹ ਵੀ ਹੱਥੋਂ ਜਾਂਦੀ ਰਹੀ। ਰੰਗ ਨੇ ਕਰਤਾਰ ਦੇ ਮਿੱਤਰਾ।' ਆਲ਼ਾ-ਦੁਆਲ਼ਾ ਦੇਖਦਿਆਂ, ਆਪਣੇ ਹੱਥ 'ਚ ਫੜੇ ਚਾਹ ਦੇ ਕੱਪ 'ਚੋਂ ਘੁੱਟ ਭਰਦਿਆਂ ਗਗਨ ਬੋਲਿਆ।

'ਸਹੀ ਆਖਿਆ ਗਗਨ, ਦੌਲਤ ਇਕੱਠੀ ਕਰਨ ਲਈ ਇਨਸਾਨ ਕੀ-ਕੀ ਪਾਪੜ ਨਹੀਂ ਵੇਲਦਾ ? ਪਰ ਇਹ ਜ਼ਿੰਦਗੀ ਕਈ ਵਾਰ ਇਨਸਾਨ ਨੂੰ ਐਸੇ ਮੋੜ 'ਤੇ ਲਿਆ ਖੜ੍ਹਾਉਂਦੀ ਏ, ਕਿ ਦਿਨ-ਰਾਤ ਇੱਕ ਕਰਕੇ ਕਮਾਈ ਹੋਈ ਦੌਲਤ ਵੀ ਕਈ ਵਾਰ ਬੇ-ਮਾਅਨੀ ਜਿਹੀ ਲੱਗਣ ਲੱਗ ਪੈਂਦੀ ਏ। ਸੱਚੀ ਗੱਲ ਐ ਕਿ ਵਕਤ 'ਤੇ ਕਿਸੇ ਦਾ ਜ਼ੋਰ ਨਹੀਂ ਚੱਲਦਾ।'

'ਸੋਲ਼ਾਂ ਆਨੇ ਸੱਚ ਕਿਹਾ ਮਿੱਤਰਾ,' ਫਿਰ ਗੱਲ ਨੂੰ ਹੋਰ ਪਾਸੇ ਪਾਉਂਦਿਆਂ ਗਗਨ ਬੋਲਿਆ, 'ਯਾਰ, ਆਹ ਐਨੀਆਂ ਕਿਤਾਬਾਂ ਇਸ ਘਰ 'ਚ ਪੜ੍ਹੀਆਂ ਵੀ ਹੋਣੀਆਂ ਕਿਸੇ ਨੇ ਜਾਂ ਉਈਂ ਜ਼ਹੀਨਤਾ ਦਾ ਠੱਪਾ ਜਿਹਾ ਲਾਉਣ ਲਈ ਸਜਾ ਕੇ ਰੱਖੀਆਂ ਪਈਆਂ ਨੇ ?'

'ਤੁਸੀਂ ਜਾਣ ਦਿਓ ਗੁਰੂ ਜੀ, ਸੋਗ ਵਾਲੇ ਘਰ 'ਚ ਅਜਿਹੀ ਆਲਤੂ-ਫ਼ਾਲਤੂ ਜਿਹੀ ਬਕ ਮੇਰਾ ਮਤਲਬ ਗੱਲਾਂ ਕਰੀ ਜਾ ਰਿਹੈਂ।'

'ਨਾ ਸਿੱਧਾ ਬਕਵਾਸ ਈ ਕਹਿ ਦਿੰਦਾ, ਫੇਰ ਕਿਹੜਾ ਮੈਂ ਤੇਰੀ ਸੰਘੀ ਫੜ ਲੈਣੀ ਸੀ ?'

'ਚੱਲ ਹੁਣ ਛੱਡ ਵੀ ਯਾਰ, ਆਹ ਲੈ ਹੱਥ ਜੋੜੇ। ਮਾਫ਼ ਕਰ ਹੁਣ।'

ਐਨੇ ਨੂੰ ਸਟੱਡੀ ਦਾ ਦਰਵਾਜ਼ਾ ਖੁੱਲਿਆ ਅਤੇ ਬੜੀ ਗ਼ਮਗੀਨ ਸੂਰਤ ਲਈ ਢਿੱਲੋਂ ਸਾਹਬ ਨੇ ਅੰਦਰ ਪ੍ਰਵੇਸ਼ ਕੀਤਾ।

ਢਿੱਲੋਂ ਸਾਹਬ ਲੰਮੇ-ਚੌੜੇ ਡੀਲ-ਡੌਲ ਵਾਲ਼ੀ ਰੋਅਬਦਾਰ ਸ਼ਖ਼ਸੀਅਤ ਦੇ ਧਾਰਣੀ ਸਨ, ਪਰ ਮੌਜੂਦਾ ਹਾਲਾਤ ਦੇ ਅਸਰ ਸਦਕਾ ਉਨ੍ਹਾਂ ਦੇ ਪੂਰੇ ਵਜੂਦ ਵਿੱਚੋਂ ਦੁੱਖ ਦਾ ਭਾਵ ਝਲਕ ਰਿਹਾ ਸੀ।

ਸਭ ਤੋਂ ਪਹਿਲਾਂ ਤਾਂ ਤੇਜਵੀਰ ਹੁਰਾਂ ਉਨ੍ਹਾਂ ਨਾਲ਼ ਹੋਏ ਮੰਦਭਾਗੇ ਹਾਦਸੇ ਪ੍ਰਤੀ ਅਫ਼ਸੋਸ ਜ਼ਾਹਿਰ ਕੀਤਾ। ਫਿਰ ਕੁਝ ਪਲਾਂ ਲਈ ਕਮਰੇ 'ਚ ਖ਼ਾਮੋਸ਼ੀ ਛਾਈ ਰਹੀ।

'ਢਿੱਲੋਂ ਸਾਹਬ, ਇਹ ਕੋਈ ਮੁਨਾਸਿਬ ਵਕਤ ਤਾਂ ਨਹੀਂ ਇਹੋ-ਜਿਹੀਆਂ ਗੱਲਾਂ ਲਈ, ਪਰ ਮੇਰੀ ਮਜਬੂਰੀ ਐ ਕਿ ਮੈਨੂੰ ਤੁਹਾਡੇ ਤੋਂ ਕੁਝ ਜਾਣਕਾਰੀ ਲੈਣ ਲਈ ਹਾਜ਼ਿਰ ਹੋਣਾ ਪਿਆ।' ਬੜੇ ਸੰਕੋਚ ਨਾਲ ਤੇਜਵੀਰ ਨੇ ਗੱਲ ਤੋਰੀ।

'ਕੋਈ ਗੱਲ ਨਹੀਂ ਬਰਖ਼ੁਰਦਾਰ, ਜੋ ਭਾਣਾ ਵਾਪਰਨਾ ਲਿਖਿਆ ਸੀ, ਸੋ ਵਾਪਰ ਗਿਆ। ਤੁਸੀਂ ਪੁੱਛੋ ਜੋ ਪੁੱਛਣਾ ਏ।'

'ਬੜੀ ਮਿਹਰਬਾਨੀ ਢਿੱਲੋਂ ਸਾਹਬ,' ਕੁਰਸੀ 'ਤੇ ਪਾਸਾ ਬਦਲਦਿਆਂ, ਜਕਦਿਆਂ-ਜਕਦਿਆਂ ਤੇਜਵੀਰ ਨੇ ਗੱਲ ਜਾਰੀ ਰੱਖੀ, 'ਤੁਹਾਨੂੰ ਪਤਾ ਚੱਲ ਹੀ ਗਿਆ ਹੋਵੇਗਾ ਕਿ ਤੁਹਾਡੀ ਬੇਟੀ ਦੇ ਕਦਮ ਗ਼ਲਤ ਰਸਤੇ ਵੱਲ ਬਹਿਕ ਗਏ ਸਨ, ਕੀ ਇਸਦਾ ਇਲਮ ਤੁਹਾਨੂੰ ਪਹਿਲਾਂ ਤੋਂ ਹੀ ਸੀ ?'

ਗਹਿਰੀ ਸ਼ਰਮਿੰਦਗੀ ਦੇ ਅਹਿਸਾਸ ਨਾਲ਼ ਕੁਝ ਪਲਾਂ ਲਈ ਢਿੱਲੋਂ ਸਾਹਬ ਦੀਆਂ ਨਜ਼ਰਾਂ ਝੁਕ ਗਈਆਂ।

ਪਰ ਜਲਦੀ ਹੀ ਜਵਾਬ ਦੇਣ ਲਈ ਉਨ੍ਹਾਂ ਆਪਣੀ ਬਚੀ-ਖੁਚੀ ਹਿੰਮਤ ਨੂੰ ਬਟੋਰਿਆ।

'ਬਰਖ਼ੁਰਦਾਰ, ਹਰ ਮਾਂ-ਬਾਪ ਦੀ ਇਹ ਭਰਪੂਰ ਕੋਸ਼ਿਸ਼ ਹੁੰਦੀ ਏ ਕਿ ਉਹ ਆਪਣੇ ਬੱਚਿਆਂ ਨੂੰ ਚੰਗੀ ਪਰਵਰਿਸ਼ ਦੇ ਸਕਣ, ਉਨ੍ਹਾਂ 'ਚ ਚੰਗੇ ਸੰਸਕਾਰ ਭਰ ਸਕਣ। ਇਸ ਕੋਸ਼ਿਸ਼ 'ਚ ਕਈ ਵਾਰ ਮਾਂ-ਬਾਪ ਨੂੰ, ਖ਼ਾਸ ਕਰ ਇੱਕ ਬੇਟੀ ਦੇ ਬਾਪ ਨੂੰ, ਥੋੜ੍ਹਾ ਸਖ਼ਤ ਵੀ ਹੋਣਾ ਪੈਂਦਾ। ਬੱਚਾ ਕਿਤੇ ਗ਼ਲਤ ਰਸਤੇ 'ਤੇ ਨਾ ਤੁਰ ਪਏ, ਇਸ ਲਈ ਵਰਜਣਾ ਵੀ ਜ਼ਰੂਰੀ ਹੋ ਜਾਂਦਾ।'

ਢਿੱਲੋਂ ਸਾਹਬ ਜਵਾਬ ਲਈ ਭੂਮਿਕਾ ਬੰਨ੍ਹਦਿਆਂ ਹੌਲੀ-ਹੌਲੀ ਮੁੱਦੇ ਵੱਲ ਆਉਣ ਦੀ ਕੋਸ਼ਿਸ਼ ਕਰ ਰਹੇ ਸਨ। ਤੇਜਵੀਰ ਬੜੇ ਸਬਰ ਨਾਲ਼ ਉਨ੍ਹਾਂ ਦੀ ਗੱਲ ਸੁਣ ਰਿਹਾ ਸੀ।

' ਪਹਿਲਾਂ ਤਾਂ ਸਭ ਠੀਕ-ਠਾਕ ਸੀ। ਰੁਪਿੰਦਰ ਤੋਂ ਸਾਨੂੰ ਕੋਈ ਸ਼ਿਕਾਇਤ ਨਹੀਂ ਸੀ, ਪਰ ਜਦੋਂ ਦੀ ਉਹ ਲੁਧਿਆਣੇ ਹੋਸਟਲ 'ਚ ਗਈ, ਮੈਂ ਉਸਦੇ ਸੁਭਾਅ ਵਿਚ ਤਬਦੀਲੀ ਜ਼ਰੂਰ ਨੋਟ ਕੀਤੀ, ਪਰ ਨੌਬਤ ਐਥੋਂ ਤੱਕ ਆ ਪਹੁੰਚੇਗੀ ? ਮੈਨੂੰ ਇਸਦਾ ਅੰਦਾਜ਼ਾ ਨਹੀਂ ਸੀ। ਪਹਿਲਾਂ ਸਾਡੀ ਨਜ਼ਰ ਹੇਠ ਕੁੜੀ ਪੂਰੇ ਕੰਟਰੋਲ 'ਚ ਸੀ, ਕਹਿਣੇ ਵਿਚ ਸੀ, ਪਰ ਬਾਹਰ ਦੀ ਹਵਾ ਉਸਨੂੰ ਇਉਂ ਬਰਬਾਦ ਕਰ ਦੇਵੇਗੀ ? ਮੈਂ ਕਦੇ ਸੋਚਿਆ ਵੀ ਨਹੀਂ ਸੀ। ਮੈਂ ਤਾਂ ਵੈਸੇ ਉਸਦੇ ਹੋਸਟਲ ਜਾਣ ਦੇ ਖ਼ਿਲਾਫ਼ ਹੀ ਸੀ, ਪਰ ਕੁਝ ਉਸਦੀ ਮਾਂ ਨੇ ਜ਼ੋਰ ਪਾ ਦਿੱਤਾ ਤੇ ਕੁਝ ਏਸ ਗੱਲ ਦਾ ਵੀ ਅਸਰ ਸੀ, ਕਿ ਐਨੇ ਸਾਲਾਂ 'ਚ ਕਦੇ ਕੁੜੀ ਨੇ ਕਦੇ ਕੋਈ ਸ਼ਿਕਾਇਤ ਦਾ ਮੌਕਾ ਨਹੀਂ ਦਿੱਤਾ ਸੀ; ਮੈਂ ਹਾਮੀ ਭਰ ਬੈਠਿਆ ਕਿ ਚਲੋ, ਬੱਚੇ ਨੂੰ ਅੱਛੀ ਐਜੂਕੇਸ਼ਨ ਮਿਲ ਜਾਏਗੀ। ਪਰ ਸਾਨੂੰ ਇਹ ਦਿਨ ਦੇਖਣਾ ਵੀ ਨਸੀਬ ਹੋਏਗਾ ? ਮੈਨੂੰ ਇਸਦਾ ਬਿਲਕੁਲ ਵੀ ਅੰਦਾਜ਼ਾ ਨਹੀਂ ਸੀ।'

ਢਿੱਲੋਂ ਸਾਹਬ ਦੇ ਬੋਲਾਂ ਵਿੱਚ ਸ਼ਰਮ, ਗੁੱਸੇ ਅਤੇ ਅਫ਼ਸੋਸ ਦੇ ਮਿਲੇ-ਜੁਲੇ ਭਾਵ ਸਨ।

'ਕਿਸੇ ਲੜਕੇ ਨੂੰ ਲੈ ਕੇ ਕੋਈ ਗੱਲਬਾਤ, ਕੋਈ ਜ਼ਿਕਰ ਜਾਂ ਕੋਈ ਸ਼ੱਕ ਹੋਇਆ ਹੋਵੇ ਕਿਤੇ ?'

'ਨਹੀਂ, ਇਸ ਗੱਲ ਦੀ ਤਾਂ ਕਦੇ ਭਿਣਕ ਵੀ ਨਹੀਂ ਲੱਗੀ। ਹਾਂ, ਉਹ ਚੁੱਪ-ਚਾਪ ਜਿਹੀ ਤਾਂ ਰਹਿਣ ਲੱਗ ਪਈ ਸੀ। ਘਰ ਆਉਣਾ ਵੀ ਹੌਲ਼ੀ-ਹੌਲ਼ੀ ਘੱਟ ਹੋ ਗਿਆ ਸੀ ਉਸਦਾ। ਘਰੇ ਹੁੰਦਿਆਂ ਵੀ ਪਰਿਵਾਰ ਵਿਚ ਘੱਟ ਹੀ ਬੈਠਦੀ ਸੀ। ਸਾਰਾ ਦਿਨ ਆਪਣੇ ਕਮਰੇ 'ਚ ਕੈਦ ਹੋਈ ਰਹਿੰਦੀ। ਮੇਰੇ ਨਾਲ਼ ਤਾਂ ਛੱਡੋ ਆਪਣੀ ਮਾਂ ਤੋਂ ਵੀ ਦੂਰ-ਦੂਰ ਰਹਿਣ ਲੱਗ ਪਈ ਸੀ। ਬੱਸ ਸਿੰਮੀ ਨਾਲ਼ ਹੀ ਥੋੜ੍ਹੀ-ਬਹੁਤ ਗੱਲਬਾਤ ਹੁੰਦੀ ਸੀ ਉਸਦੀ।'



'ਸਿੰਮੀ ਕੌਣ ?'

'ਸਿਮਰਨ ਨਾਂ ਏ ਵੈਸੇ ਉਸਦਾ, ਪਰ ਅਸੀਂ ਸਿੰਮੀ ਕਹਿਕੇ ਹੀ ਬੁਲਾਉਂਦੇ ਆਂ। ਰੁਪਿੰਦਰ ਦੇ ਮਾਮਾ ਜੀ ਦੀ ਬੇਟੀ ਏ। ਦਸ ਕੁ ਸਾਲ ਪਹਿਲਾਂ ਉਸਦੇ ਮਾਂ-ਬਾਪ ਗੁਜ਼ਰ ਗਏ। ਹੋਰ ਕੋਈ ਸਾਂਭਣ ਵਾਲਾ ਵੀ ਨਹੀਂ ਸੀ, ਸੋ ਉਦੋਂ ਤੋਂ ਸਾਡੇ ਨਾਲ਼ ਹੀ ਰਹਿ ਰਹੀ ਏ। ਇਉਂ ਸਮਝੋ ਬਈ ਮੇਰੀ ਹੀ ਜ਼ਿੰਮੇਵਾਰੀ ਏ ਹੁਣ। ਖ਼ੈਰ, ਮੈਂ ਕਹਿ ਰਿਹਾ ਸੀ ਕਿ ਰੁਪਿੰਦਰ ਦੇ ਰਵੱਈਏ 'ਚ ਆ ਰਹੇ ਬਦਲਾਵ ਨੂੰ ਦੇਖਦਿਆਂ, ਅਜਿਹੀ ਗੱਲ ਨਹੀਂ ਕਿ ਮੈਨੂੰ ਸ਼ੱਕ ਨਹੀਂ ਹੋਇਆ ਕਿ ਕਿਤੇ ਕੋਈ ਅਜਿਹਾ ਮਾਮਲਾ ਤਾਂ ਨਹੀਂ ? ਮੈਂ ਆਪ ਪਤਾ ਕਰਾਇਆ ਬਈ ਕਿਤੇ ਕੋਈ ਮੁੰਡੇ-ਮਾਂਡੇ ਦਾ ਚੱਕਰ ਤਾਂ ਨਹੀਂ ? ਪਰ ਐਸੀ ਕੋਈ ਗੱਲ ਸਾਹਮਣੇ ਨਾ ਆਈ। ਸਿੰਮੀ ਤੋਂ ਵੀ ਜਾਨਣ ਦੀ ਕੋਸ਼ਿਸ਼ ਕੀਤੀ, ਕਿ ਹੋ ਸਕਦਾ ਦੋਵੇਂ ਹਾਨਣਾਂ ਨੇ, ਸ਼ਾਇਦ ਉਸ ਨਾਲ਼ ਹੀ ਕਦੇ ਕੋਈ ਗੱਲ ਕੀਤੀ ਹੋਵੇ। ਉਸਦੀ ਮਾਂ ਨੇ ਤਾਂ ਏਥੋਂ ਤੱਕ ਵੀ ਕਹਿ ਦਿੱਤਾ ਸੀ ਬਈ ਜੇ ਏਹੋ-ਜਿਹੀ ਕੋਈ ਗੱਲ ਹੈ ਤਾਂ ਦੱਸ ਦਏ, ਜੇ ਮੁੰਡਾ ਚੰਗਾ ਹੋਇਆ ਤਾਂ ਅਸੀਂ ਵਿਆਹ ਕਰ ਦਿੰਨੇ ਆਂ। ਪਰ ਏਹੋ-ਜਿਹੀ ਕਿਸੇ ਵੀ ਗੱਲ ਤੋਂ ਰੁਪਿੰਦਰ ਨੇ ਕੋਰਾ ਇਨਕਾਰ ਕਰ ਦਿੱਤਾ। ਸਿੰਮੀ ਨੇ ਵੀ ਇਹੋ ਕਿਹਾ ਕਿ ਗੱਲ ਇਹ ਨਹੀਂ ਬਲਕਿ ।'

ਕਹਿੰਦੇ-ਕਹਿੰਦੇ ਢਿੱਲੋਂ ਸਾਹਬ ਕੁਝ ਪਲਾਂ ਲਈ ਅਟਕ ਗਏ। ਫਿਰ ਕੁਰਸੀ 'ਤੇ ਪਹਿਲੂ ਬਦਲਦੇ ਹੋਏ, ਦਿਲ ਕਰੜਾ ਜਿਹਾ ਕਰ, ਉਨ੍ਹਾਂ ਗੱਲ ਅਗਾਂਹ ਤੋਰੀ।

'ਸਿੰਮੀ ਦਾ ਕਹਿਣਾ ਸੀ ਕਿ ਰੁਪਿੰਦਰ ਨੂੰ ਉਸ ਪ੍ਰਤੀ ਮੇਰਾ ਵਿਵਹਾਰ ਪਸੰਦ ਨਹੀਂ ਸੀ। ਮੇਰੀ ਰੋਕ-ਟੋਕ ਨੂੰ ਉਹ ਬਚਪਨ ਤੋਂ ਹੀ ਨਾਪਸੰਦ ਕਰਦੀ ਆ ਰਹੀ ਏ। ਏਸੇ ਲਈ ਉਹ ਸਾਡੇ ਤੋਂ ਦੂਰ ਹੁੰਦੀ ਜਾ ਰਹੀ ਸੀ। ਏਸ ਘਰ ਵਿੱਚ ਦਮ ਘੁਟਣ ਲੱਗ ਪਿਆ ਸੀ ਉਸਦਾ। ਏਥੋਂ ਤੱਕ ਕਿ ਉਸਨੂੰ ਸਾਡੇ ਨਾਲ ਨਫ਼ਰਤ ਹੋ ਗਈ ਸੀ। ਮੈਨੂੰ ਤਾਂ ਹਾਲੇ ਵੀ ਯਕੀਨ ਜਿਹਾ ਨਹੀਂ ਆਉਂਦਾ, ਬਈ ਰੁਪਿੰਦਰ ਸਾਡੇ ਬਾਰੇ ਇਉਂ ਸੋਚਣ ਲੱਗ ਪਈ ਸੀ ? ਮੰਨਿਆ ਕਿ ਰੋਕ-ਟੋਕ ਤਾਂ ਜ਼ਰੂਰ ਕਰੀਦੀ ਸੀ, ਪਰ ਰੋਕ-ਟੋਕ ਆਖ਼ਿਰ ਕਿਹੜਾ ਮਾਂ-ਬਾਪ ਨਹੀਂ ਕਰਦਾ ? ਇਸ ਦਾ ਮਤਲਬ ਇਹ ਤਾਂ ਨਹੀਂ ਕਿ ਮਾਂ-ਬਾਪ ਬੱਚਿਆਂ ਦੇ ਦੁਸ਼ਮਣ ਬਣ ਜਾਂਦੇ ਨੇ।'

ਜਜ਼ਬਾਤ ਦੀ ਰੌਂਅ ਵਿੱਚ ਵਹੇ ਜਾ ਰਹੇ ਢਿਲੋਂ ਸਾਹਬ ਜਿਵੇਂ ਤੇਜਵੀਰ ਦੇ ਨਾਲ਼ ਨਹੀਂ, ਸਗੋਂ ਆਪਣੇ ਆਪ ਨਾਲ਼ ਹੀ ਗੱਲ ਕਰ ਰਹੇ ਹੋਣ।

'ਢਿੱਲੋਂ ਸਾਹਬ, ਤੁਸੀਂ ਆਪ ਇਸ ਬਾਰੇ ਰੁਪਿੰਦਰ ਨਾਲ਼ ਗੱਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਕਦੇ ?'

'ਕੀਤੀ ਕਿਉਂ ਨਹੀਂ ? ਬਰਾਬਰ ਕੀਤੀ। ਪਰ ਜਦੋਂ ਵੀ ਕਦੇ ਇਸ ਬਾਰੇ ਗੱਲ ਕਰਨ ਦੀ ਕੋਸ਼ਿਸ਼ ਕਰਦੇ, ਜਾਂ ਤਾਂ ਚੁੱਪ ਕਰਕੇ ਉੱਠ ਕੇ ਚਲੀ ਜਾਂਦੀ, ਜਾਂ ਰੋਣ ਲੱਗ ਪੈਂਦੀ। ਫਿਰ ਮੈਂ ਵੀ ਚੁੱਪ ਹੋ ਗਿਆ, ਕਿ ਚਲੋ ਉਸਦਾ ਇਹ ਸਾਲ ਤਾਂ ਪੂਰਾ ਹੋਣ 'ਤੇ ਆ ਹੀ ਗਿਆ, ਅਗਲਾ ਸਾਲ ਘਰ ਬੈਠ ਕੇ ਹੀ ਪੇਪਰ ਦੇ ਲਏਗੀ। ਘਰ ਰਹਿ ਕੇ ਆਪਣੇ ਆਪ ਹੌਲ਼ੀ-ਹੌਲ਼ੀ ਠੀਕ ਹੋ ਜਾਏਗੀ। ਉਸਦੀ ਮਾਂ ਦੇ ਕਹਿਣ 'ਤੇ ਤਾਂ ਮੈਂ ਉਸ ਲਈ ਰਿਸ਼ਤਾ ਦੇਖਣਾ ਵੀ ਸ਼ੁਰੂ ਕਰ ਦਿੱਤਾ ਸੀ, ਕਿ ਚਲੋ ਹੋਰ ਨਾ ਸਹੀ ਤਾਂ ਵਿਆਹ ਤੋਂ ਬਾਅਦ ਹੀ ਨਵੇਂ ਮਾਹੌਲ ਵਿੱਚ ਸਭ ਠੀਕ ਹੋ ਜਾਏਗਾ, ਨਾਲ਼ੇ ਵਿਆਹ ਦੀਆਂ ਤਿਆਰੀਆਂ 'ਚ ਵੀ ਕੁੜੀ ਦਾ ਮਨ ਬਹਿਲ ਜਾਏਗਾ।'

'ਤਾਂ ਫਿਰ ਵਿਆਹ ਦੀ ਗੱਲ ਰੁਪਿੰਦਰ ਨਾਲ਼ ਵੀ ਕੀਤੀ ਤੁਸੀਂ ?'

'ਹਾਂ, ਉਸਦੀ ਮਾਂ ਨੇ ਗੱਲ ਛੇੜੀ ਤਾਂ ਸੀ।'

'ਤਾਂ ਕੀ ਜਵਾਬ ਇਨਕਾਰ ਵਿੱਚ ਮਿਲਿਆ ?'

=ਨਹੀਂ, ਇਨਕਾਰ ਤਾਂ ਨਹੀਂ ਕੀਤਾ, ਸਗੋਂ ਇਹੀ ਕਿਹਾ ਕਿ ਜਿਵੇਂ ਤੁਹਾਡੀ ਮਰਜ਼ੀ ਹੋਵੇ।'

ਢਿੱਲੋਂ ਸਾਹਬ ਦੇ ਇਸ ਜਵਾਬ ਤੋਂ ਤੇਜਵੀਰ ਬੜਾ ਹੈਰਾਨ ਹੋਇਆ।

ਉਹ ਤਾਂ ਇਹ ਆਸ ਕਰ ਰਿਹਾ ਸੀ ਕਿ ਰੁਪਿੰਦਰ ਨੇ ਵਿਆਹ ਤੋਂ ਇਨਕਾਰ ਕੀਤਾ ਹੋਏਗਾ ਜਾਂ ਹੋਰ ਨਹੀਂ ਤਾਂ ਰਿਸ਼ਤੇ ਦੀ ਗੱਲ ਨੂੰ ਹੀ ਟਾਲਣ ਦੀ ਕੋਸ਼ਿਸ਼ ਕੀਤੀ ਹੋਏਗੀ, ਪਰ ਉਸਨੇ ਤਾਂ ਉਲਟੇ ਸਗੋਂ ਸਹਿਮਤੀ ਪ੍ਰਗਟਾਈ।

ਜੇਕਰ ਉਸਦਾ ਕਿਤੇ ਏਨਾ ਸੀਰੀਅਸ ਅਫ਼ੇਅਰ ਚੱਲ ਰਿਹਾ ਸੀ ਕਿ ਉਸਦੇ ਆਪਣੇ ਪ੍ਰੇਮੀ ਨਾਲ਼ ਸਰੀਰਕ ਸੰਬੰਧ ਤੱਕ ਕਾਇਮ ਹੋ ਚੁੱਕੇ ਸਨ, ਤਾਂ ਉਸਨੇ ਵਿਆਹ ਲਈ ਘਰਦਿਆਂ ਕੋਲ਼ ਹਾਮੀ ਕਿਉਂ ਭਰੀ ? ਤਾਂ ਕੀ ਇਸਦੀ ਵਜ੍ਹਾ ਇਹ ਸੀ ਕਿ ਉਸਦਾ ਪ੍ਰੇਮੀ ਉਹਨਾਂ ਦੇ ਆਪਸੀ ਰਿਸ਼ਤੇ ਨੂੰ ਸਿਰਫ਼ ਮੌਜ-ਮੇਲੇ ਤੱਕ ਹੀ ਸੀਮਿਤ ਰੱਖਣਾ ਚਾਹੁੰਦਾ ਸੀ ? ਤਾਂ ਕੀ ਇਹੀ ਕਤਲ ਦੀ ਵੀ ਵਜ੍ਹਾ ਬਣੀ, ਕਿ ਰੁਪਿੰਦਰ ਨੇ ਆਪਣੇ ਘਰ ਵਿੱਚ ਉੱਠੀ ਉਸਦੇ ਵਿਆਹ ਦੀ ਚਰਚਾ ਤੋਂ ਅੰਦੋਲਿਤ ਹੋ ਕੇ, ਆਪਣੇ ਪ੍ਰੇਮੀ ਉੱਪਰ ਵਿਆਹ ਲਈ ਜ਼ੋਰ ਪਾਇਆ ਹੋਵੇ, ਬਕਾਇਦਾ ਜ਼ਿੱਦ ਕੀਤੀ ਹੋਵੇ, ਅਤੇ ਲੜਕੀ ਦੇ ਗਲ਼ੋਂ ਨਾ ਲਹਿਣ ਦੀ ਸੂਰਤ 'ਚ ਉਸਦੇ ਪ੍ਰੇਮੀ ਨੇ ਉਸਦਾ ਕਤਲ ਕਰ ਦਿੱਤਾ ਹੋਵੇ ? ਨਾ ਰਹੇਗਾ ਬਾਂਸ ਤੇ ਨਾ ਵੱਜੇਗੀ ਬੰਸਰੀ। ਘੱਟੋ-ਘੱਟ ਹਾਲਾਤ ਤਾਂ ਏਸੇ ਵੱਲ ਇਸ਼ਾਰਾ ਕਰਦੇ ਪ੍ਰਤੀਤ ਹੋ ਰਹੇ ਸਨ। ਹੁਣ 'ਪੰਜ ਕਰੋੜ ਰੁਪਏ' ਦਾ ਸਵਾਲ ਇਹ ਸੀ, ਕਿ ਉਹ ਸ਼ਖ਼ਸ ਆਖ਼ਿਰ ਹੈ ਕੌਣ ?

ਢਿੱਲੋਂ ਸਾਹਬ ਨਾਲ਼ ਹੋਈ ਇਸ ਗੱਲਬਾਤ ਤੋਂ ਬਾਅਦ ਉਨ੍ਹਾਂ ਮਿਸਿਜ਼ ਢਿੱਲੋਂ ਨਾਲ ਵੀ ਮੁਲਾਕਾਤ ਕੀਤੀ, ਪਰ ਕੰਮ ਦੀ ਕੋਈ ਗੱਲ ਸਾਹਮਣੇ ਨਾ ਆਈ।

ਫਿਰ ਤੇਜਵੀਰ ਨੇ ਸਿੰਮੀ ਤੋਂ ਕੁਝ ਸਵਾਲ ਕਰਨ ਦੀ ਇੱਛਾ ਜ਼ਾਹਿਰ ਕੀਤੀ, ਏਸ ਆਸ ਵਿੱਚ ਕਿ ਸਿੰਮੀ ਹੀ ਇੱਕ ਅਜਿਹੀ ਸ਼ਖ਼ਸੀਅਤ ਸੀ, ਜਿਸ ਨਾਲ਼ ਪਿਛਲੇ ਸਮੇਂ ਤੋਂ ਰੁਪਿੰਦਰ ਦਾ ਸਭ ਤੋਂ ਜ਼ਿਆਦਾ ਵਾਹ-ਵਾਸਤਾ ਰਿਹਾ ਸੀ। ਸੋ ਹੋ ਸਕਦਾ ਸੀ ਕਿ ਉਸ ਕੋਲ਼ੋਂ ਹੀ ਕੋਈ ਕੰਮ ਦੀ ਗੱਲ ਪਤਾ ਚੱਲ ਜਾਵੇ। ਆਖ਼ਿਰ ਸਹੇਲੀਆਂ-ਸਹੇਲੀਆਂ ਦਰਮਿਆਨ ਤਾਂ ਗਹਿਰੇ ਤੋਂ ਗਹਿਰੇ ਰਾਜ਼ ਵੀ ਸਾਂਝੇ, ਹੋ ਹੀ ਜਾਂਦੇ ਹਨ।

ਢਿੱਲੋਂ ਸਾਹਬ ਨੇ ਇੱਕ ਨੌਕਰ ਨੂੰ ਉਸਦੇ ਕਮਰੇ 'ਚ ਭੇਜਿਆ ਤਾਂ ਉਹ ਬੇਰੰਗ ਚਿੱਠੀ ਵਾਂਗ ਵਾਪਿਸ ਪਰਤ ਆਇਆ। ਉਸਨੇ ਦੱਸਿਆ ਕਿ ਮੈਡਮ ਆਪਣੀ ਇੱਕ ਸਹੇਲੀ ਨੂੰ ਬੱਸ ਸਟੈਂਡ ਛੱਡਣ ਜਾ ਰਹੇ ਸਨ, ਸੋ ਉਨ੍ਹਾਂ ਜਾਂਦੇ-ਜਾਂਦੇ ਸੁਨੇਹਾ ਦਿੱਤਾ ਕਿ ਉਹ ਉਨ੍ਹਾਂ ਨੂੰ ਬੱਸ ਸਟੈਂਡ ਕੋਲ਼ ਹੀ ਬਣੇ 'ਕੈਫ਼ੇਟੇਰੀਆ' 'ਚ ਮਿਲ ਲੈਣਗੇ।

'ਏਸ ਕੁੜੀ ਨੇ ਵੀ ਕਦੇ ਕੋਈ ਸਿੱਧੀ ਗੱਲ ਨੀਂ ਕਰਨੀ।'

ਢਿੱਲੋਂ ਸਾਹਬ ਦੀ ਬੁੜਬੁੜਾਹਟ ਅਤੇ ਉਨ੍ਹਾਂ ਦੇ ਚਿਹਰੇ ਦੇ ਹਾਵ-ਭਾਵ ਤੋਂ, ਸਿੰਮੀ ਪ੍ਰਤੀ ਉਨ੍ਹਾਂ ਦੀ ਨਾਪਸੰਦਗੀ ਦੀ ਭਾਵਨਾ ਤੇਜਵੀਰ ਦੀ ਤੇਜ਼ ਨਜ਼ਰ ਤੋਂ ਛੁਪੀ ਨਾ ਰਹਿ ਸਕੀ।

ਨੌਕਰ ਤੋਂ ਕੈਫ਼ੇਟੇਰੀਆ ਦਾ ਪਤਾ ਪ੍ਰਾਪਤ ਕਰ, ਤੇਜਵੀਰ ਅਤੇ ਗਗਨ ਉਥੋਂ ਰਵਾਨਾ ਹੋ ਗਏ। ਕੈਫ਼ੇਟੇਰੀਆ ਬੱਸ ਸਟੈਂਡ ਤੋਂ ਘੋੜਾ ਚੌਂਕ ਵੱਲ ਨੂੰ ਜਾਂਦੀ ਸੜਕ ਉੱਪਰ ਇੱਕ ਦੋ ਮੰਜ਼ਿਲੀ ਇਮਾਰਤ ਦੀ ਉੱਪਰਲੀ ਮੰਜ਼ਿਲ 'ਤੇ ਸਥਿਤ ਸੀ। ਇਮਾਰਤ ਦੀ ਹੇਠਲੀ ਮੰਜ਼ਿਲ, ਜਿਸ ਵਿੱਚ ਇੱਕ ਵਿਸ਼ਾਲ ਹਾਰਡਵੇਅਰ ਸਟੋਰ ਸੀ, ਦੇ ਸੱਜੇ ਪਾਸਿਓਂ ਕੈਫ਼ੇਟੇਰੀਆ ਵੱਲ ਨੂੰ ਪੌੜੀਆਂ ਚੜ੍ਹਦੀਆਂ ਸਨ।

ਉਹ ਦੋਵੇਂ ਪੌੜੀਆਂ ਚੜ੍ਹ ਕੈਫ਼ੇਟੇਰੀਆ ਦੇ ਅੰਦਰ ਪ੍ਰਵੇਸ਼ ਕਰ ਗਏ। ਕੈਫ਼ੇਟੇਰੀਆ ਅੰਦਰ ਕਾਫ਼ੀ ਰੌਣਕ ਸੀ। ਉਸ ਰੌਣਕ ਮੇਲੇ ਵਿੱਚ ਨੌਜਵਾਨ ਵਿਦਿਆਰਥੀ ਵਰਗ ਦਾ ਹੀ ਬੋਲਬਾਲਾ ਸੀ। ਅਜਿਹੀ ਸੂਰਤ ਵਿੱਚ ਉਨ੍ਹਾਂ ਵਿੱਚੋਂ ਸਿੰਮੀ ਦੀ ਪਹਿਚਾਣ ਤਾਂ ਇੱਕ ਅਸੰਭਵ ਜਿਹਾ ਹੀ ਕਾਰਜ ਸੀ, ਕਿਉਂਕਿ ਉਹ ਤਾਂ ਉਸਦੀ ਸ਼ਕਲੋ-ਸੂਰਤ ਤੋਂ ਵੀ ਨਾਵਾਕਿਫ਼ ਸਨ। ਉਸ ਲੜਕੀ ਨੇ ਤਾਂ ਇੱਕ ਸਿੱਧੀ-ਸਾਦੀ ਮੁਲਾਕਾਤ ਨੂੰ ਵੀ ਪਜ਼ਲ-ਗੇਮ ਬਣਾ ਸੁੱਟਿਆ ਸੀ। ਤੇਜਵੀਰ ਅਤੇ ਗਗਨ ਨੇ ਬੜੀ ਹੈਰਾਨੀ ਜ਼ਾਹਿਰ ਕਰਦਿਆਂ ਇੱਕ ਦੂਸਰੇ ਵੱਲ ਦੇਖਿਆ।

ਫਿਰ ਕੁਝ ਸੋਚਕੇ ਤੇਜਵੀਰ ਦਰਵਾਜ਼ੇ ਦੇ ਕੋਲ਼ ਹੀ ਸਜੇ ਕੈਸ਼ ਕਾਊਂਟਰ 'ਤੇ ਬੈਠੇ ਲੜਕੇ ਨੂੰ ਸੰਬੋਧਿਤ ਹੋਇਆ।

'ਐੱਕਸਕਿਊਜ਼ ਮੀ ਪਲੀਜ਼, ਆਈ ਐਮ ਤੇਜਵੀਰ ਐੱਡ।'

'ਓਹ ਯੈੱਸ-ਯੈੱਸ, ਯੂ ਆਰ ਐੱਕਸਪੈੱਕਟਡ ਦੇਅਰ।'

ਤੇਜਵੀਰ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਲੜਕੇ ਨੇ ਸੜਕ ਵਾਲ਼ੇ ਪਾਸੇ ਵੱਲ ਖੁੱਲ੍ਹਦੀ ਖਿੜਕੀ ਕੋਲ਼ ਸਥਿਤ, ਇੱਕ ਨੁੱਕਰ ਦੀ ਟੇਬਲ ਵੱਲ ਉਂਗਲੀ ਨਾਲ ਇਸ਼ਾਰਾ ਕਰਦਿਆਂ ਉਸਦੀ ਪੜਤਾਲ-ਪੂਰਤੀ ਕਰ ਦਿੱਤੀ।

ਤੇਜਵੀਰ ਨੇ ਟੇਬਲ ਵੱਲ ਨਜ਼ਰ ਦੌੜਾਈ ਤਾਂ ਟੇਬਲ 'ਤੇ ਉਸਨੂੰ ਉਨ੍ਹਾਂ ਵੱਲ ਪਿੱਠ ਕਰੀ ਬੈਠੀ ਇੱਕ ਭਾਰੀ-ਭਰਕਮ ਦੇਹ ਦੇ ਦਰਸ਼ਨ ਹੋਏ। ਤਿੰਨ ਕੱਪ ਕੌਫ਼ੀ ਦਾ ਆਰਡਰ ਪਾਸ ਕਰ, ਉਹ ਦੋਵੇਂ ਉਸ ਟੇਬਲ ਵੱਲ ਨੂੰ ਵਧੇ।

ਲੜਕੀ ਦੇ ਸਾਹਮਣੇ ਪਹੁੰਚ ਕੇ ਤੇਜਵੀਰ ਨੇ ਉਸਨੂੰ ਆਪਣਾ ਪਰਿਚੈ ਦਿੱਤਾ ਤਾਂ ਉਸਨੇ ਕੁਰਸੀ ਤੋਂ ਖਲੋ ਕੇ ਬੜੀ ਬੇਬਾਕੀ ਨਾਲ਼ ਦੋਹਾਂ ਨਾਲ਼ ਹੱਥ ਮਿਲਾਇਆ।

(ਚਲਦਾ)




## ਪਾਵਨ ਪਵਣ ਪਲੀਤ ਹੋ ਗਈ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ.ਕੇ.

ਪਾਵਨ ਪਵਣ ਪਲੀਤ ਹੋ ਗਈ,
ਧਰਤੀ ਮਾਂ ਗ਼ਰੀਬ ਹੋ ਗਈ।
ਆਪਣੇ ਹੀ ਸਪੂਤ ਦੇ ਹੱਥੋਂ,
ਇਸ ਦੀ ਦੇਹ ਅਜੀਬ ਹੋ ਗਈ।
ਮਾਯੂਸੀ ਦਾ ਮੰਜ਼ਰ ਹਰ ਪਾਸੇ,
ਪਰਤਣ ਫਿਰ ਕਦੀ ਮੁੜ ਕੇ ਹਾਸੇ।
ਐਸੇ ਸੁਪਨਿਆਂ ਦੀ ਕਹਾਣੀ,
ਸਦੀਆਂ ਦਾ ਅਤੀਤ ਹੋ ਗਈ।
ਨਾ ਉਹ ਫੁੱਲ, ਫੱਲ ਅਤੇ ਬੂਟੇ,
ਨਾ ਉਹ ਪੀਂਘਾਂ ਨਾ ਉਹ ਝੂਟੇ।
ਨਾ ਉਹ ਰਿਸ਼ਤੇ ਨਾ ਉਹ ਨਾਤੇ,
ਪ੍ਰੀਤ ਵੀ ਕੋਝਾ ਸੰਗੀਤ ਹੋ ਗਈ।
ਹਰ ਕਿਣਕਾ ਅੱਜ ਜ਼ਹਿਰ ਉਗਾਵੇ,
ਨਫ਼ਰਤ ਦਾ ਫਲ ਹਰ ਕੋਈ ਖਾਵੇ।
ਵਗਦੀ, ਬਰਸਦੀ ਅੰਮ੍ਰਿਤ ਧਾਰਾ,
ਕਹਿਰਾਂ ਭਰਿਆ ਗੀਤ ਹੋ ਗਈ।
ਜੰਗਲ, ਬੇਲੇ, ਸੁੰਦਰ ਪਰਬਤ,
ਉੱਜੜ, ਖੁਰ ਗਏ ਤੇਰੇ ਹੱਥੀਂ।
ਭੇਖੀ ਸਭਿਆਚਾਰ ਦੀ ਧਾਰਾ,
ਅਨਿਖੜਵੀਂ ਅੱਜ ਰੀਤ ਹੋ ਗਈ।
ਆਪੋ ਧਾਪੀ ਹਰ ਪਾਸੇ ਹੈ,
ਧਰਤੀ ਦਾ ਸੀਨਾ ਹੈ ਛਲਣੀ।
ਖੋਖਲੀ ਕਰ ਦਿੱਤੀ ਪੁੱਟ, ਪੁੱਟ ਕੇ,
ਨਿੱਘੀ ਕੁੱਖ ਅੱਜ ਸੀਤ ਹੋ ਗਈ।
ਖਾ ਚੁੱਕਾ ਤੂੰ ਹਰ ਪਦਾਰਥ,
ਭਸਮ ਕਰ ਗਿਆਂ ਹਰ ਤੂੰ ਸੋਮਾ।
ਤੇਰੀ ਹੋਂਦ ਨੂੰ ਹੁਣ ਹੈ ਖ਼ਤਰਾ,
ਪਸਤ ਤੇਰੀ ਤੌਫ਼ੀਕ ਹੋ ਗਈ।
ਹਾਲੇ ਵੀ ਇੱਕ ਮੌਕਾ ਬਚਿਆ,
ਕਰ ਹੀਲਾ ਜੇ ਹੋ ਸਕਦਾ ਹੈ।
ਪੈਰੀਂ ਪੈ ਕੁਦਰਤ ਮਾਤਾ ਦੇ,
ਕਿਉਂ ਭੈੜੀ ਤੇਰੀ ਨੀਤ ਹੋ ਗਈ ?
ਬਖਸ਼ਾ ਲੈ ਭੁੱਲਾਂ ਕਰ ਅਰਦਾਸਾਂ,
ਔਝੜ ਰਸਤਿਉਂ ਮੋੜ ਮੁਹਾਰਾਂ।
ਛੱਡ ਤਰੱਕੀਆਂ ਸੌਖਾ ਹੋ ਜਾ,
ਫੇਰ ਨਾ ਕਹੀਂ ਅਖੀਰ ਹੋ ਗਈ।

## ਖੀਵੀ ਸਰਦਲ

ਬਿਕਰਮ ਸੋਹੀ



ਸਖੀਏ ਇੱਕ ਜਗਦੀ ਬੀਹੀ
ਅੱਗੇ ਇੱਕ ਸਰਦਲ ਖੀਵੀ !
ਲੰਘ ਜਾ ਸਿਰ ਕੱਜ ਕੇ ਤੂੰ
ਚਾਨਣ ਦਾ ਚਸ਼ਮਾ ਅੰਦਰ
ਚਾਨਣ ਹੋ ਰੱਜ ਕੇ ਤੂੰ !
ਸਖੀਏ ਨੀ ਵੇਚ ਵੱਟ ਕੇ
ਉਮਰਾਂ ਦੀ ਖੱਟੀ ਖੱਟ ਕੇ
ਤੁਰ ਪਾ ਅੱਜ ਤੜਕੇ ਨੀਂ
ਏਦਾਂ ਦਾ ਰਾਜ ਭਾਗ ਤਾਂ
ਮਿਲਦਾ ਆ ਮਰ ਕੇ ਨੀਂ !
ਸਖੀਏ ਇੱਕ ਤਾਰਾ ਵੱਜੇ
ਚੰਮਾਂ ਦਾ ਖੱਬੇ ਸੱਜੇ
ਕੰਨਾਂ ਨੂੰ ਕੱਜੋਂ ਜੇ
ਫਿਰ ਵੀ ਨਾ ਸੁਣਨੋਂ ਹਟਦਾ
ਚੰਮਾਂ ਨਾ ਲੱਦੇਂ ਜੇ !
ਸਖੀਏ ਬੱਸ ਬਾਤ ਬਤਾਉਲੀ
ਪਿੰਡੇ ਜੋ ਅਗਨੀ ਮੌਲੀ
ਮਿਰਗਾਂ ਦੀਆਂ ਚੁੰਗੀਆਂ ਨੇ
ਇਨ੍ਹਾਂ ਦੁਪਹਿਰਾਂ ਨੂੰ ਵੀ
ਸ਼ਾਮਾਂ ਤਾਂ ਹੁੰਦੀਆਂ ਨੇ !
ਸਖੀਏ ਮਿੱਟੀ ਦੇ ਕਿਣਕੇ
ਖ਼ਬਰੇ ਕਿੰਜ ਪੂਰਾ ਮਿਣ ਕੇ
ਨਕਸ਼ਾਂ ਵਿੱਚ ਰਲਦੇ ਨੇ
ਸਦੀਆਂ ਦੇ ਗੁੰਮੇ ਮੁੱਖੜੇ
ਸ਼ਕਲਾਂ ਵਿੱਚ ਢਲਦੇ ਨੇ
ਸਖੀਏ ਆਹ ਮੁੰਜਰਾਂ ਛੁੱਟੀਆਂ
ਕਿੰਨ੍ਹੇ ਆ ਮਲ਼ ਕੇ ਸੁੱਟੀਆਂ ?
ਬਹੁਤੇ ਹੀ ਸ਼ਾਤਰ ਨੀ
ਸਰਘੀ ਨੂੰ ਕੰਜਕਾਂ ਪੂਜਣ
ਕੁੱਖਾਂ ਦੇ ਕਾਤਲ ਨੀਂ !
ਸਖੀਏ ਗੱਲ ਦਿਲ ਦੀ ਦੱਸਾਂ
ਰੁੱਤਾਂ ਨੂੰ ਪੁਣ ਪੁਣ ਰੱਖਾਂ
ਦੇਸਾਂ ਦੇ ਰਾਜੇ ਨੀਂ
ਸਾਡਾ ਤਾਂ ਚੁੱਲ੍ਹਾ ਚੌਂਕਾ
ਕੱਲ ਰਾਤੀਂ ਖਾ ਗੇ ਨੀਂ,
ਸਖੀਏ ਤੂੰ ਚੁੱਪ ਕਰ ਐਵੇਂ
ਚੰਗਾ ਨਾ ਨਜ਼ਰੀਂ ਪੈਵੇਂ
ਬੁੱਲ੍ਹ ਚੰਗੇ ਮੀਚੇ ਨੀਂ
ਏਥੋਂ ਦੇ ਰਾਜੇ ਰੱਖਣ
ਜੀਭਾਂ ਦੇ ਗ਼ਲੀਚੇ ਨੀਂ,
ਸਖੀਏ ਬਸ ਉਹਲਾ ਹੀ ਐ
ਰਾਖਾ ਬਸ ਮੌਲਾ ਹੀ ਐ
ਟਿੱਬਿਆਂ ਦਾ ਰੁੱਖਾਂ ਦਾ
ਗੁੰਨ੍ਹ ਗੁੰਨ੍ਹ ਕੇ ਬਣਿਆ ਬੰਦਾ
ਝੂਠਾਂ ਦਾ ਸੱਚਾਂ ਦਾ।

## ਭਾਈ ਬਚਿੱਤਰ ਸਿੰਘ ਨੂੰ ਕਹਿਣਾ

ਅਮਰਦੀਪ ਸਿੰਘ ਗਿੱਲ

ਜੇ ਹਕੂਮਤ ਦਾ ਬਦਮਸਤ ਹਾਥੀ
ਬਚਿੱਤਰ ਸਿੰਘ ਦੀ ਨਾਗਣੀ ਨਾ ਮੋੜ ਸਕੀ
ਤਾਂ ਉਸਦੇ ਇਤਿਹਾਸ ਤੋਂ ਮੁਨਕਰ ਹੋ ਜਾਇਓ।
ਗੱਲ ਤਾਂ ਉਂਝ ਕੁੱਝ ਵੀ ਨਹੀਂ
ਬੱਸ ਅਣਖ਼ ਹੀ ਮਾਰਨੀ ਹੈ
ਗੱਲ ਤਾਂ ਉਂਝ ਕੁੱਝ ਵੀ ਨਹੀਂ
ਬੱਸ ਪਿੰਡ ਦੀ ਜ਼ਮੀਨ ਵਾਂਗ
ਜ਼ਮੀਰ ਦਾ ਸੌਦਾ ਕਰਨਾ ਹੈ
ਗੱਲ ਤਾਂ ਉਂਝ ਕੁੱਝ ਵੀ ਨਹੀਂ
ਬੱਸ ਸਰਕਾਰ ਦੇ ਸ਼ਹਿਰ
ਸ਼ਾਹੀ ਕਿਲੇ ਦੀ ਚਾਰਦੀਵਾਰੀ ਬਣਨਾ ਹੈ।
ਬਚਿੱਤਰ ਸਿੰਘ ਨੂੰ ਕਹਿਣਾ
ਦਸ਼ਮੇਸ਼ ਪਾਤਸ਼ਾਹ
ਆਨੰਦਪੁਰ ਸਾਹਿਬ 'ਚ
ਅੱਜ ਵੀ ਹਾਜ਼ਰ ਨੇ
ਬੱਸ ਤੂੰ ਹਾਜ਼ਰ ਰਹੀਂ।
ਤੇਰੇ ਤੋਂ ਹੀ ਉਮੀਦ ਹੈ
ਤੇਰੇ ਤੇ ਹੀ ਯਕੀਨ ਹੈ
ਅੱਜ ਸਾਰਾ ਪੰਜਾਬ
ਲੋਹਗੜ੍ਹ ਦਾ ਕਿਲਾ ਹੈ
'ਤੇ ਔਰੰਗਜ਼ੇਬ
ਅੱਜ ਵੀ ਹੁਕਮਰਾਨ ਹੈ।
ਬਚਿੱਤਰ ਸਿੰਘ ਨੂੰ ਕਹਿਣਾ
ਇਤਿਹਾਸ ਫੇਰ ਦੁਹਰਾਉਣਾ ਪਵੇਗਾ ਸਿੰਘ ਜੀ।

## ਗ਼ਜ਼ਲ



ਜੀਵਨ ਪਾਇਲ ਜ਼ਿਲ੍ਹਾ ਲੁਧਿਆਣਾ

ਅੰਦਰ ਬੈਠੇ ਜੋਗੀ ਨੂੰ ਮੈਂ ਭੁੱਲ ਗਿਆ ਸੀ,
ਤਾਹਿਓਂ ਤੇ ਮੈਂ ਇਸ ਦੁਨੀਆਂ ਵਿੱਚ ਰੁੱਲ ਗਿਆ ਸੀ,
ਕ੍ਰਿਪਾ ਮੇਹਰ ਤੇਰੀ ਦੇ ਸਦਕੇ ਸਤਿਗੁਰੂ ਪੂਰਾ ਤੂੰ ਮਿਲਾਇਆ,
ਮਨ ਦਾ ਬੁਝਿਆ ਦੀਪ ਜਲਾ ਕੇ ਨਿੱਜ ਘਰ ਜਿਉਂਦੇ ਜੀਅ ਦਿਖਲਾਇਆ,
ਤੂੰ ਸਤਿਗੁਰੂ ਨਾ ਮਿਲਾਉਂਦਾ ਮੈਂ ਤਾਂ ਰੁਲ ਗਿਆ ਸੀ,
ਅੰਦਰ ਬੈਠੇ ਜੋਗੀ ਨੂੰ ਮੈਂ ਭੁੱਲ ਗਿਆ ਸੀ,
ਤਾਹਿਓਂ ਤੇ ਮੈਂ ਇਸ ਦੁਨੀਆਂ ਵਿੱਚ ਰੁੱਲ ਗਿਆ ਸੀ,
ਭੁੱਲਿਆਂ ਨੂੰ ਗਲ ਲਾ ਕੇ ਪਿਆਰ ਜਤਾਇਆ ਤੂੰ,
ਕਣ-ਕਣ ਦੇ ਵਿੱਚ ਆਪਣਾ ਰੂਪ ਦਿਖਾਇਆ ਤੂੰ,
ਫਸਿਆ ਸੀ ਵਿੱਚ ਉਲਝਣ ਇਹ ਨਾ ਖੁੱਲ ਰਿਹਾ ਸੀ,
ਅੰਦਰ ਬੈਠੇ ਜੋਗੀ ਨੂੰ ਮੈਂ ਭੁੱਲ ਗਿਆ ਸੀ,
ਤਾਹਿਓਂ ਤੇ ਮੈਂ ਇਸ ਦੁਨੀਆਂ ਵਿੱਚ ਰੁੱਲ ਗਿਆ ਸੀ,
ਬਿਨ ਜਾਣੇ ਤੈਨੂੰ ਰੱਬਾ ਭਗਤੀ ਹੋ ਨੀ ਸਕਦੀ,
ਗਲ ਵਿੱਚ ਪਉ ਚੁਰਾਸੀ ਖਲਾਸੀ ਹੋ ਨੀ ਸਕਦੀ,
ਤੂੰ ਰਹਿਮ ਮੇਰੇ ਤੇ ਕੀਤਾ ਗੁਰੂ ਪੂਰਾ ਮਿਲ ਗਿਆ ਸੀ,
ਅੰਦਰ ਬੈਠੇ ਜੋਗੀ ਨੂੰ ਮੈਂ ਭੁੱਲ ਗਿਆ ਸੀ,
ਤਾਹਿਓਂ ਤੇ ਮੈਂ ਇਸ ਦੁਨੀਆਂ ਵਿੱਚ ਰੁੱਲ ਗਿਆ ਸੀ,
ਸੇਵਾ ਸਿਮਰਨ ਸਤਿਸੰਗ ਕਰਨਾ ਬਹੁਤ ਜਰੂਰੀ ਏ,
(ਜੀਵਨ ਪੈਲ ਵਾਲੇ) ਦੀ ਹਰ ਗੱਲ ਹੁੰਦੀ ਪੂਰੀ ਏ,
ਰੋਮ-ਰੋਮ ਵਿੱਚ ਬੈਠਾ ਭੇਦ ਇਹ ਖੁਲ ਗਿਆ ਸੀ,
ਅੰਦਰ ਬੈਠੇ ਜੋਗੀ ਨੂੰ ਮੈਂ ਭੁੱਲ ਗਿਆ ਸੀ,
ਤਾਹਿਓਂ ਤੇ ਮੈਂ ਇਸ ਦੁਨੀਆਂ ਵਿੱਚ ਰੁੱਲ ਗਿਆ ਸੀ।

## ਸਨੋਅ ਸਟੌਰਮ

ਗੁਰਿੰਦਰ ਜੀਤ ਸਿੰਘ

ਬੇਬੇ ਕੱਤੇ ਪੂਣੀਆਂ
ਬਾਪੂ ਲੋਚੇ ਧੂਣੀਆਂ
ਰਾਹਵਾਂ ਹੋਈਆਂ ਲੂਣੀਆਂ
ਸਨੋਅ ਮੈਨ ਹੱਸਦਾ
ਦਿਲਾਂ ਵਿੱਚ ਵੱਸਦਾ
ਧੁੱਪ ਚੜ੍ਹੇ ਨੱਸਦਾ
ਪਹਾੜਾਂ ਦੀਆਂ ਟੀਸੀਆਂ
ਖੰਡਾਂ ਜਿਵੇਂ ਪੀਸੀਆਂ
ਬੱਚੇ ਕਰਨ ਘੀਸੀਆਂ
ਰਾਹ ਹੋਏ ਕੱਚ ਦੇ
ਵੇਲ੍ਹਚੇ ਵੀ ਨੱਚਦੇ
ਫ਼ਾਇਰ ਪਲੇਸ ਮੱਚਦੇ
ਠੰਢ ਵੀ ਵਧੀਕ ਏ
ਟੋਪਾ ਅੱਖਾਂ ਤੀਕ ਏ
ਨਾਸਾਂ ਲੀਕੋ-ਲੀਕ ਏ
ਲੱਕ ਸਹੁਰਾ ਜਾਮ ਏ
ਢੂਹੀ ਪਰੇਸ਼ਾਨ ਏ
ਮੂੰਹ ਵਿੱਚ ਰਾਮ ਏ
ਹੀਟਰ ਕੰਮ ਚੁੱਕਿਆ
'ਵਾ 'ਚੋਂ ਜਲ ਮੁੱਕਿਆ
ਚੰਮ ਮੇਰਾ ਸੁੱਕਿਆ
ਸੂਰਜ ਤੇਰੇ ਘਰ ਦਾ
ਟੈਮ ਪਾਸ ਕਰਦਾ
ਆਪੂੰ ਛੇ ਮਾਂਹ ਠਰਦਾ
ਬੱਤਖਾਂ ਨੂੰ ਵਰ ਦੇ
ਸਹਿਏ ਨਿੱਘ ਕਰ ਦੇ
ਕਾਟੋ ਘਰ ਭਰ ਦੇ
ਬਸੰਤ ਮੁੜ ਆਵੇਗੀ
ਹਰਿਆਲੀਆਂ ਲਿਆਵੇਗੀ
ਕਾਇਨਾਤ ਗਾਵੇਗੀ
ਸਿਆਲ ਜੋ ਪਿਆਰ ਦਾ
ਠਾਰ ਕੇ ਵੀ ਸਾੜਦਾ
ਬਣਿਆ ਵਿਗਾੜਦਾ
ਮਨਾਂ, ਰਿਸ਼ਤੇ ਸੰਭਾਲ਼ ਲੈ
ਮੁਹੱਬਤਾਂ ਦੀ ਢਾਲ਼ ਲੈ
ਫਿਰ ਨਿੱਘ ਪੂਰਾ ਸਾਲ ਲੈ।

## ਗ਼ਜ਼ਲ

ਅਮਨਦੀਪ ਸਿੰਘ ਅਮਨ



ਹਵਾ ਜੰਗਲ ਚ ਰੁਮਕੇ ਤੇ ਕਹੇ, ਸਭ ਚੁੱਪ ਰਹੋ ।
ਨਿਹਾਰੋ ਮੁੱਖੜਾ ਗੁਰ ਦਾ ਅਤੇ, ਸਭ ਚੁੱਪ ਰਹੋ ।
ਗੁਰਾਂ ਮਿੱਤਰ ਪਿਆਰੇ ਨੂੰ, ਸੁਨੇਹਾ ਘੱਲਣਾ,
ਇਬਾਰਤ ਸੋਚਦੇ ਹੋਣੇ, ਅਜੇ ਸਭ ਚੁੱਪ ਰਹੋ ।
ਪਰਿੰਦੇ ਆਪਣੇ ਬੋਟਾਂ ਨੂੰ ਨੀਂਦਾਂ 'ਚੋਂ ਉਠਾ,
ਜਿਵੇਂ ਦਰਸ਼ਨ ਨੇ ਕਰਵਾਉਂਦੇ, ਅਜੇ ਸਭ ਚੁੱਪ ਰਹੋ।
ਅਜੇ ਮਿੱਟੀ ਦੇ ਕਿਣਕੇ ਆਹੁਲਦੇ ਚਰਨਾਂ ਤਰਫ਼,
ਨਹੀਂ ਧੁੜਾਂ ਦਾ ਭਰਿਆ ਦਿਲ, ਅਜੇ ਸਭ ਚੁੱਪ ਰਹੋ।
ਜੋ ਪੈਰਾਂ ਵਿੱਚ ਪੁੜ ਚੁੱਕੇ, ਕੀ ਕੰਡੇ ਕਹਿਣ ਸੁਣ,
ਕਦਮ ਚੁੰਮ ਲੈਣ ਦਿਉ ਸਾਨੂੰ, ਅਜੇ ਸਭ ਚੁੱਪ ਰਹੋ।
ਜਿਵੇਂ ਸਰਸਾ ਨੂੰ ਸੁੱਚੀ ਕਰ ਦਿੱਤਾ ਸਾਹਿਤ ਵਹਾ,
ਉਵੇਂ ਦੋ ਸ਼ਹਿਰ ਲਹੂਆਂ ਨਾਲ, ਸਜੇ, ਸਭ ਚੁੱਪ ਰਹੋ।
ਇਨ੍ਹਾਂ ਦੇ ਆਉਣ ਦੇ ਕਰਕੇ, ਇਕਾਗਰ ਹੋ ਗਿਆ,
ਤੇ ਜੰਗਲ ਜੀਅ ਪਿਆ ਮੁੜ ਕੇ, ਅਜੇ ਸਭ ਚੁੱਪ ਰਹੋ।
ਜਨੌਰਾਂ ਜਨਵਰਾਂ ਦੀ ਜੂਨ, ਬਣ ਗਈ ਦੇਵਤੇ,
ਤੇ ਚੱਕਰ ਆਉਣ ਜਾਵਣ ਦੇ, ਮੁੱਕੇ ਸਭ ਚੁੱਪ ਰਹੋ।
ਉਹ ਜ਼ਿੰਮੇਵਾਰੀਆਂ ਤੋਂ ਸੁਰਖ਼ਰੂ ਹੋ ਸੌਂ ਰਹੇ,
ਕਿਤੇ ਨੀਂਦਾਂ ਨਾ ਖੁਲ ਜਾਵਣ, ਤਦੇ ਸਭ ਚੁੱਪ ਰਹੋ।

## 'ਨਾ ਕਰੋ'

ਮਾਸਟਰ ਸੰਜੀਵ
ਧਰਮਾਣੀ
ਮੋ. 9478561356

ਦਿਨ ਨੂੰ ਆਰਾਮ,
ਮਿਹਨਤ ਤੋਂ ਵਿਸ਼ਰਾਮ,
ਨਾ ਕਰੋ, ਨਾ ਕਰੋ, ਨਾ ਕਰੋ।
ਕਰਜ਼ੇ ਨਾਲ ਪਿਆਰ,
ਬੇਜ਼ੁਬਾਨਾਂ ਨਾਲ਼ ਮਾਰ,
ਨਾ ਕਰੋ, ਨਾ ਕਰੋ, ਨਾ ਕਰੋ।
ਗਰੀਬ ਦਾ ਤ੍ਰਿਸਕਾਰ,
ਸ਼ਾਹੂਕਾਰ ਨਾਲ ਪਿਆਰ,
ਨਾ ਕਰੋ, ਨਾ ਕਰੋ, ਨਾ ਕਰੋ।
ਟੁਟੀ ਖੁੱਲ੍ਹੀ ਛੱਡਣਾ,
ਬਜ਼ੁਰਗਾਂ ਨੂੰ ਘਰੋਂ ਕੱਢਣਾ,
ਨਾ ਕਰੋ, ਨਾ ਕਰੋ, ਨਾ ਕਰੋ।
ਜ਼ਮੀਨ ਨੂੰ ਬੰਜਰ ਰੱਖਣਾ,
ਪਿੱਠ 'ਤੇ ਖੰਜਰ ਰੱਖਣਾ,
ਨਾ ਕਰੋ, ਨਾ ਕਰੋ, ਨਾ ਕਰੋ।
ਦੁਸ਼ਮਣ ਨਾਲ ਨਰਮੀ,
ਨੌਕਰ ਨਾਲ ਜ਼ਿਆਦਾ ਗਰਮੀ,
ਨਾ ਕਰੋ, ਨਾ ਕਰੋ, ਨਾ ਕਰੋ।
ਨਿੰਦਿਆ ਚੁਗਲੀ ਚੋਰੀ,
ਕਿਸੇ ਨਾਲ ਬਦਲਾਖੋਰੀ,
ਨਾ ਕਰੋ, ਨਾ ਕਰੋ, ਨਾ ਕਰੋ।
ਜਰ ਜੋਰੂ ਜ਼ਮੀਨ 'ਤੇ ਹੰਕਾਰ,
ਆਦਮਖੋਰ ਜਾਨਵਰ ਨਾਲ ਪਿਆਰ,
ਨਾ ਕਰੋ, ਨਾ ਕਰੋ, ਨਾ ਕਰੋ।
ਪਰ-ਇਸਤਰੀ 'ਤੇ ਮਨ ਡੋਲਣਾ,
ਘਰ ਦਾ ਭੇਦ ਖੋਲ੍ਹਣਾ,
ਨਾ ਕਰੋ, ਨਾ ਕਰੋ, ਨਾ ਕਰੋ।

## ਗ਼ਜ਼ਲ

ਮੁਨੀਰ ਨਿਆਜ਼ੀ

ਕਿਸੇ ਨੂੰ ਅਪਣੇ ਅਮਲ ਦਾ ਹਿਸਾਬ ਕੀ ਦਈਏ
ਕਿਸੇ ਨੂੰ ਅਪਣੇ ਅਮਲ ਦਾ ਹਿਸਾਬ ਕੀ ਦਈਏ।
ਸਵਾਲ ਸਾਰੇ ਗ਼ਲਤ ਨੇ ਜਵਾਬ ਕੀ ਦਈਏ।
ਉਨੀਂਦਰੇ ਕਈ ਸਦੀਆਂ ਦੇ ਖ਼ਾਲੀ ਅੱਖਾਂ ਵਿਚ,
ਇਨ੍ਹਾਂ ਬੇਅੰਤ ਖ਼ਲਾਵਾਂ 'ਚ ਖ਼ਾਬ ਕੀ ਦਈਏ।
ਹਵਾਵਾਂ ਵਾਂਗ ਮੁਸਾਫ਼ਿਰ ਨੇ ਦਿਲਬਰਾਂ ਦੇ ਦਿਲ,
ਇਨ੍ਹਾਂ ਨੂੰ ਇੱਕੋ ਜਗ੍ਹਾ ਅਜ਼ਾਬ ਕੀ ਦਈਏ।
ਅਜੇ ਸਮਝ ਨਹੀਂ ਹਰਫ਼ਾਂ ਦੀ ਰਮਜ਼ ਦੀ ਉਹਨੂੰ,
ਤੇ ਏਸ ਉਮਰੇ ਉਂਹਦੇ ਹੱਥ 'ਚ ਕਿਤਾਬ ਕੀ ਦਈਏ।
ਸ਼ਰਾਬ ਮੰਗਦਾ ਏ ਜੀ ਅਜ ਸ਼ਰਾਂ ਦੇ ਪਹਿਰੇ ਵਿਚ,
ਪਰ ਏਡੀ ਤੰਗੀ 'ਚ ਇਹਨੂੰ ਸ਼ਰਾਬ ਕੀ ਦਈਏ।

# ਵਿਸ਼ਵ ਹਾਕੀ ਕੱਪ ਨਾਲ ਜੁੜੀਆਂ ਇਤਿਹਾਸਕ ਯਾਦਾਂ


ਪ੍ਰਿੰ. ਸਰਵਣ ਸਿੰਘ
+1-905-779-1661



15ਵੇਂ ਹਾਕੀ ਵਿਸ਼ਵ ਕੱਪ ਭੂਵਨੇਸ਼ਵਰ ਤੇ ਰੁੜਕੇਲਾ ਵਿਚ 13 ਤੋਂ 29 ਜਨਵਰੀ ਤਕ ਕੱਪ ਸ਼ੁਰੂ ਹੋ ਗਿਆ ਹੈ ਜਿਸ ਵਿਚ ਵਿਸ਼ਵ ਭਰ ਦੇ ਹਾਕੀ ਪ੍ਰੇਮੀਆਂ, ਭਾਰਤੀਆਂ ਦੀ ਖ਼ਾਸ ਦਿਲਚਸਪੀ ਹੈ। ਸਿਰਫ਼ ਹਾਕੀ ਦੀ ਖੇਡ ਹੀ ਹੈ ਜਿਸ ਵਿਚ ਭਾਰਤ ਨੇ ਓਲੰਪਿਕ ਖੇਡਾਂ ਦੇ 8 ਗੋਲਡ ਮੈਡਲ ਜਿੱਤੇ ਹਨ। ਹਾਕੀ ਵਿਸ਼ਵ ਕੱਪ ਹੁਣ ਤਕ 14 ਵਾਰ ਖੇਡਿਆ ਜਾ ਚੁੱਕਾ ਹੈ ਜੋ 6 ਵਾਰ ਯੂਰਪੀਅਨ ਟੀਮਾਂ ਨੇ ਜਿੱਤਿਆ, 5 ਵਾਰ ਏਸ਼ੀਆਈ ਤੇ 3 ਵਾਰ ਓਸ਼ਨਿਆਈ ਟੀਮਾਂ ਨੇ ਜਿੱਤਿਆ ਹੈ। ਅਫਰੀਕਾ ਤੇ ਅਮਰੀਕਾ ਮਹਾਂਦੀਪ ਇਹ ਕੱਪ ਕਦੇ ਨਹੀਂ ਜਿੱਤ ਸਕੇ। ਪਾਕਿਸਤਾਨ 4 ਵਾਰ, ਨੀਦਰਲੈਂਡ 3, ਆਸਟਰੇਲੀਆ 3, ਜਰਮਨੀ 2, ਬੈਲਜੀਅਮ 1 ਤੇ 1 ਵਾਰ ਭਾਰਤੀ ਟੀਮ ਕੱਪ ਜਿੱਤੀ ਹੈ। ਸਭ ਤੋਂ ਵੱਧ ਕੱਪ ਜਿੱਤਣ ਵਾਲਾ ਪਾਕਿਸਤਾਨ ਇਸ ਵਾਰ ਕੁਆਲੀਫਾਈ ਹੀ ਨਹੀਂ ਕਰ ਸਕਿਆ।

ਹਾਕੀ ਵਿਸ਼ਵ ਕੱਪ 1971 ਵਿਚ ਸ਼ੁਰੂ ਹੋਇਆ ਸੀ ਜੋ ਪਹਿਲਾਂ 2 ਸਾਲ ਦੇ ਵਕਫ਼ੇ ਪਿੱਛੋਂ ਹੁੰਦਾ ਰਿਹਾ ਅਤੇ 1978 ਤੋਂ 4 ਸਾਲ ਦੇ ਵਕਫ਼ੇ ਪਿੱਛੋਂ ਕਰਾਇਆ ਜਾ ਰਿਹੈ। ਪਹਿਲੇ ਵਿਸ਼ਵ ਕੱਪ ਵਿਚ 10 ਟੀਮਾਂ ਸ਼ਾਮਲ ਸਨ। 2023 ਵਿਚ 16 ਟੀਮਾਂ ਭਾਗ ਲੈ ਰਹੀਆਂ ਹਨ ਜਿਨ੍ਹਾਂ ਨੂੰ 4 ਪੂਲਾਂ ਵਿਚ ਵੰਡਿਆ ਗਿਆ ਹੈ। ਏ ਪੂਲ ਵਿਚ ਆਸਟਰੇਲੀਆ, ਅਰਜਨਟਾਈਨਾ, ਫਰਾਂਸ, ਦੱਖਣੀ ਅਫਰੀਕਾ, ਬੀ ਪੂਲ ’ਚ ਬੈਲਜੀਅਮ, ਜਰਮਨੀ, ਦੱਖਣੀ ਕੋਰੀਆ, ਜਪਾਨ, ਸੀ ਪੂਲ ’ਚ ਨੀਦਰਲੈਂਡ, ਨਿਊਜ਼ੀਲੈਂਡ, ਮਲੇਸ਼ੀਆ, ਚਿੱਲੀ ਤੇ ਡੀ ਪੂਲ ਵਿਚ ਭਾਰਤ, ਇੰਗਲੈਂਡ, ਸਪੇਨ ਤੇ ਵੇਲਜ਼ ਹਨ। ਕੁਲ 36 ਮੈਚ ਖੇਡੇ ਜਾਣਗੇ। ਭਾਰਤ ਵਿਚ ਕੱਪ ਪਹਿਲੀ ਵਾਰ 1982, ਦੂਜੀ ਵਾਰ 2010, ਤੀਜੀ ਵਾਰ 2018 ਤੇ ਚੌਥੀ ਵਾਰ 2023 ਵਿਚ ਖੇਡਿਆ ਜਾ ਰਿਹੈ। ਜੇ ਭਾਰਤੀ ਟੀਮ ਵਿਸ਼ਵ ਕੱਪ ਜਿੱਤ ਜਾਂਦੀ ਹੈ ਤਾਂ ਉੜੀਸਾ ਦੇ ਮੁੱਖ ਮੰਤਰੀ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਹਰ ਖਿਡਾਰੀ ਨੂੰ ਕਰੋੜ ਕਰੋੜ ਰੁਪਏ ਦਾ ਇਨਾਮ ਦਿੱਤਾ ਜਾਵੇਗਾ।

ਹੁਣ ਜਦੋਂ ਭਾਰਤ ਵਿਚ ਕੱਪ ਹੋ ਰਿਹੈ ਤਾਂ ਮੈਨੂੰ 41 ਸਾਲ ਪਹਿਲਾਂ ਹੋਏ ਬੰਬਈ ਦੇ ਹਾਕੀ ਵਿਸ਼ਵ ਕੱਪ ਦੀਆਂ ਯਾਦਾਂ ਚੇਤੇ ਆ ਗਈਆਂ ਹਨ। ਫਾਈਨਲ ਮੈਚ ਪਾਕਿਸਤਾਨ ਤੇ ਜਰਮਨੀ ਦੀਆਂ ਟੀਮਾਂ ਵਿਚਕਾਰ ਸੀ। ਚੰਦ ਤਾਰੇ ਵਾਲੇ ਝੰਡੇ ਲਹਿਰਾਏ ਜਾ ਰਹੇ ਤੇ ‘ਪਾਕਿਸਤਾਨ ਜ਼ਿੰਦਾਬਾਦ’ ਦੇ ਨਾਅਰੇ ਗੂੰਜ ਰਹੇ ਸਨ। ਜਰਮਨੀ ਦੇ ਹਮਾਇਤੀ ਥੋੜ੍ਹੇ ਸਨ। ਉੱਦਣ ਮੈਂ ਪਾਕਿਸਤਾਨੀ ਪ੍ਰੈੱਸ ਰਿਪੋਰਟਰਾਂ ਵਿਚਕਾਰ ਸੀਟ ਮੱਲੀ ਹੋਈ ਸੀ। ਮੇਰੇ ਪਿਛਲੇ ਪਾਸੇ ਕਰਾਚੀ ਤੋਂ ਆਈ ਰਿਪੋਰਟਰ ਬੈਠੀ ਸੀ ਜੋ ਨਿੱਗਰ ਜੁੱਸੇ ਤੇ ਮਰਦਾਵੀਂ ਸਲਵਾਰ ਕਮੀਜ਼ ਨਾਲ ਮਰਦਾਂ ਵਰਗੀ ਹੀ ਲੱਗ ਰਹੀ ਸੀ। ਉਹਦੇ ਖੁੱਲ੍ਹੇ ਵਾਲਾਂ ’ਤੇ ਛਿੜਕਿਆ ਇਤਰ ਫੁਲੇਲ ਮਹਿਕ ਰਿਹਾ ਸੀ ਤੇ ਉਹ ਸਿਗਰਟ ਪੀਂਦੀ ਪਾਕਿਸਤਾਨੀ ਟੀਮ ਨੂੰ ਲਗਾਤਾਰ ਲਲਕਾਰ ਰਹੀ ਸੀ। ਉਹਦਾ ਪ੍ਰੈੱਸ ਗੈਲਰੀ ’ਚੋਂ ਪਾਕਿਸਤਾਨੀ ਟੀਮ ਨੂੰ ਇੰਜ ਲਲਕਾਰਨਾ ਲੱਗਦਾ ਤਾਂ ਗੰਵਾਰ ਸੀ ਪਰ ਸੀ ਦਿਲਚਸਪ। ਕੁਝ ਮਿੰਟਾਂ ਬਾਅਦ ਜਰਮਨੀ ਨੇ ਪਾਕਿਸਤਾਨ ਸਿਰ ਪਹਿਲਾ ਗੋਲ ਕੀਤਾ ਤਾਂ ਉਹਦੀਆਂ ਉਂਗਲਾਂ ਵਿਚੋਂ ਸਿਗਰਟ ਡਿੱਗ ਪਈ, ਉਹਦੇ ਲਲਕਾਰੇ ਵੀ ਬੰਦ ਹੋ ਗਏ।ਫਿਰ 26ਵੇਂ ਮਿੰਟ ਵਿਚ ਜਦੋਂ ਪਾਕਿਸਤਾਨ ਦੇ ਹਸਨ ਸਰਦਾਰ ਨੇ ਗੋਲ ਲਾਹਿਆ ਤਾਂ ਉਹ ਮੁੜ ਜੋਸ਼ ਵਿਚ ਕੂਕੀ ਤੇ ਨਵੀਂ ਸਿਗਰਟ ਸੁਲਗਾਉਣ ਲੱਗੀ। ਅਜੇ ਉਹਨੇ ਸੂਟਾ ਭਰਿਆ ਹੀ ਸੀ ਕਿ ਮਨਜ਼ੂਰ ਜੂਨੀਅਰ ਨੇ ਦੂਜਾ ਗੋਲ ਦਾਗ ਦਿੱਤਾ। ਉਧਰ ਫੱਟਾ ਖੜਕਿਆ ਤੇ ਏਧਰ ਉੱਚੀ ਲੰਮੀ ਸਿੰਧਣ ਨੇ ਜੋਸ਼ ਤੇ ਹੁਲਾਸ ਵੱਸ ਮੇਰੇ ਮੋਢੇ ’ਤੇ ਜ਼ੋਰ ਦਾ ਹੱਥੜ ਮਾਰਿਆ ਜਿਸ ਦੀ ਕਸਕ ਹਾਲਾਂ ਤੱਕ ਨਹੀਂ ਭੁੱਲੀ।

ਜਿੱਦਣ ਪਾਕਿਸਤਾਨ ਨੇ ਹਾਲੈਂਡ ਨੂੰ ਹਰਾ ਕੇ ਫਾਈਨਲ ਵਿਚ ਪ੍ਰਵੇਸ਼ ਕੀਤਾ ਸੀ, ਉੱਦਣ ਹੇਠਲੀਆਂ ਪੌੜੀਆਂ ’ਤੇ ਜੇਤੂ ਪਾਕਿਸਤਾਨੀ ਖਿਡਾਰੀਆਂ ਨਾਲ ਹੱਥ ਮਿਲਾਉਣ ਲਈ ਧੱਕਾ ਪੈ ਰਿਹਾ ਸੀ। ਮੂਹਰੇ ਤਾਰਾਂ ਦਾ ਉੱਚਾ ਜੰਗਲਾ ਲੱਗਿਆ ਸੀ ਪਰ ਦਰਸ਼ਕ ਤਾਰਾਂ ਵਿਚ ਦੀ ਹੱਥ ਬਾਹਰ ਕੱਢੀ ਖੜ੍ਹੇ ਸਨ। ਜਿਥੇ ਜੇਤੂਆਂ ਦਾ ਜਲੌਅ ਯਾਦ ਆਉਂਦਾ ਹੈ ਉਥੇ ਭਾਰਤੀ ਖਿਡਾਰੀਆਂ ਦੀ ਹਾਰ ਵੀ ਭੁੱਲਣ ਵਿਚ ਨਹੀਂ ਆਉਂਦੀ। ਭਾਰਤ ਤੇ ਆਸਟ੍ਰੇਲੀਆ ਦਾ ਮੈਚ ਦੋਵਾਂ ਟੀਮਾਂ ਲਈ ਜ਼ਿੰਦਗੀ-ਮੌਤ ਦਾ ਸਵਾਲ ਸੀ। ਮੈਚ ਤੋਂ ਪਹਿਲਾਂ ਭਾਰਤੀ ਟੀਮ ਦੇ ਕੈਪਟਨ ਸੁਰਜੀਤ ਸਿੰਘ ਨੇ ਕਿਹਾ ਸੀ ਕਿ ਉਹ ਜਾਨ ਮਾਰ ਕੇ ਖੇਡਣਗੇ। ਪਹਿਲਾ ਗੋਲ ਭਾਰਤ ਨੇ ਕੀਤਾ ਤਾਂ ਇੰਨੇ ਪਟਾਕੇ ਚੱਲੇ ਕਿ ਕੰਨ ਬੋਲੇ ਹੋ ਗਏ। ਕੁਝ ਮਿੰਟਾਂ ਪਿੱਛੋਂ ਆਸਟ੍ਰੇਲੀਆ ਨੇ ਗੋਲ ਲਾਹ ਕੇ ਮੈਚ ਬਰਾਬਰ ਕਰ ਲਿਆ। ਭਾਰਤੀ ਖਿਡਾਰੀ ਜੇਤੂ ਗੋਲ ਕਰਨ ਲਈ ਮੁੜ ਮੁੜ ਹਮਲੇ ਕਰਦੇ ਰਹੇ। ਉਲਟਾ ਆਸਟ੍ਰੇਲੀਆ ਇਕ ਗੋਲ ਹੋਰ ਕਰ ਗਿਆ।

ਅਖ਼ੀਰਲੇ ਮਿੰਟਾਂ ਵਿਚ ਭਾਰਤੀ ਖਿਡਾਰੀਆਂ ਨੇ ਜਿੰਨਾ ਜ਼ੋਰ ਲਾਇਆ, ਉਹ ਦੇਖਣ ਵਾਲੇ ਹੀ ਜਾਣਦੇ ਹਨ। ਫੁੱਲ ਬੈਕ ਸੁਰਜੀਤ ਅਗਾਂਹ ਗੋਲਾਂ ਤੱਕ ਜਾਣ ਲੱਗ ਪਿਆ ਪਰ ਗੋਲ ਨਾ ਉੱਤਰਿਆ। ਅੰਤਲੇ ਮਿੰਟ ਵਿਚ ਮਿਲਿਆ ਪੈਨਲਟੀ ਕਾਰਨਰ ਰਾਜਿੰਦਰ ਸਿੰਘ ਨੇ ਗੋਲ ਵਿਚ ਟੰਗਿਆ ਤਾਂ ਸਾਰਾ ਸਟੇਡੀਅਮ ਖ਼ੁਸ਼ੀ ਵਿਚ ਬੱਦਲ ਵਾਂਗ ਗੱਜਿਆ। ਜਦੋਂ ਅੰਪਾਇਰ ਨੇ ਹਿੱਟ ਅੰਦਰ ਕੱਟ ਕਰਾਰ ਦੇ ਦਿੱਤੀ ਤਾਂ ਸਟੇਡੀਅਮ ਨੇ ਡੂੰਘਾ ਹਉਕਾ ਭਰਿਆ। ਉਸ ਦਿਨ ਮੈਚ ਮੁੱਕਣ ਦਾ ਸਮਾਂ ਦੱਸਣ ਵਾਲੀ ਘੁੱਗੂ ਦੀ ਆਵਾਜ਼ ਮੈਨੂੰ ਰੋਹੀ ਵਿਚ ਰੋਂਦੇ ਕੁੱਤੇ ਵਰਗੀ ਲੱਗੀ।

ਹਾਰੇ ਹੋਏ ਖਿਡਾਰੀਆਂ ਦੀ ਜੋ ਹਾਲਤ ਸੀ ਉਹ ਬਿਆਨੋਂ ਬਾਹਰ ਸੀ। ਸੁਰਜੀਤ ਤੇ ਰਾਜਿੰਦਰ ਤਾਂ ਹਾਕੀਆਂ ਸੁੱਟ ਕੇ ਹਾਕੀ ਮੈਦਾਨ ਦੇ ਕਿਨਾਰੇ ਹੀ ਡਿੱਗ ਢਹਿ ਪਏ। ਸੁਰਿੰਦਰ ਸੋਢੀ, ਮੁਹੰਮਦ ਸ਼ਾਹਿਦ ਤੇ ਕੌਸ਼ਿਕ ਵਰਗੇ ਬੈਂਚਾਂ ਤੱਕ ਅੱਪੜ ਤਾਂ ਗਏ ਪਰ ਉਨ੍ਹਾਂ ਨੇ ਹਾਰ ਦੀ (ਬਾਕੀ ਸਫ਼ਾ 31 ’ਤੇ)

## ਨਿਊਜ਼ੀਲੈਂਡ ਹੱਥੋਂ ਹਾਰਨ ਤੋਂ ਬਾਅਦ ਭਾਰਤ ਦਾ ਵਿਸ਼ਵ ਕੱਪ ਜਿੱਤਣ ਦਾ ਸੁਪਨਾ ਚਕਨਾਚੂਰ



ਨਵੀਂ ਦਿੱਲੀ/ਏ.ਟੀ.ਨਿਊਜ਼ :- ਹਾਕੀ ਵਿਸ਼ਵ ਕੱਪ ਦੇ ਪਹਿਲੇ ਕਰਾਸਓਵਰ ਮੈਚ ਵਿੱਚ ਭਾਰਤ ਦਾ ਨਿਊਜ਼ੀਲੈਂਡ ਨਾਲ ਰੋਮਾਂਚਕ ਮੁਕਾਬਲਾ ਹੋਇਆ। ਭਾਰਤ ਨੂੰ ਕੁਆਰਟਰ ਫਾਈਨਲ ਲਈ ਕੁਆਲੀਫਾਈ ਕਰਨ ਲਈ ਇਹ ਮੈਚ ਜਿੱਤਣਾ ਜ਼ਰੂਰੀ ਸੀ ਪਰ ਭਾਰਤ ਸ਼ੂਟਆਊਟ 4-5 ਨਾਲ ਹਾਰ ਗਿਆ। ਇਸ ਨਾਲ ਭਾਰਤ ਦਾ 47 ਸਾਲ ਬਾਅਦ ਹਾਕੀ ਵਿਸ਼ਵ ਕੱਪ ਜਿੱਤਣ ਦਾ ਸੁਪਨਾ ਇਕ ਵਾਰ ਫਿਰ ਚਕਨਾਚੂਰ ਹੋ ਗਿਆ। ਕੀਵੀ ਟੀਮ ਅਤੇ ਭਾਰਤ ਵਿਚਾਲੇ ਪੂਰੇ ਸਮੇਂ ਤੱਕ ਸਕੋਰ 3-3 ਰਿਹਾ। ਪਹਿਲੇ ਸ਼ੂਟਆਊਟ ਵਿੱਚ ਵੀ ਸਕੋਰ 3-3 ਰਿਹਾ।

ਪੈਨਲਟੀ ਸ਼ੂਟਆਊਟ ਵਿੱਚ ਭਾਰਤ 5-4 ਨਾਲ ਪਛੜ ਗਿਆ ਅਤੇ ਹੇਠਲੇ ਦਰਜੇ ਦੀ ਨਿਊਜ਼ੀਲੈਂਡ ਟੀਮ ਨੇ ਮੈਚ ਜਿੱਤ ਲਿਆ।

ਹਾਰਦਿਕ ਸਿੰਘ ਦੀ ਗੈਰ-ਮੌਜੂਦਗੀ ਕਾਰਨ ਟੀਮ ਵਿਚ ਮਨਦੀਪ ਸਿੰਘ ਅਤੇ ਆਕਾਸ਼ਦੀਪ ਵਰਗੇ ਸੀਨੀਅਰ ਖਿਡਾਰੀਆਂ ’ਤੇ ਦਬਾਅ ਵਧ ਗਿਆ ਸੀ। ਭਾਰਤ ਬਿਨਾਂ ਸ਼ੱਕ ਨਿਊਜ਼ੀਲੈਂਡ ਖਿਲਾਫ ਮਜ਼ਬੂਤ ਦਾਅਵੇਦਾਰ ਸੀ ਪਰ ਇਸ ਮੈਚ ਵਿਚ ਨਿਊਜ਼ੀਲੈਂਡ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ।

## ਕਰੋੜਾਂ ਦੀ ਜਾਇਦਾਦ ਦੀ ਮਾਲਕ ਪੰਜਾਬੀ ਅਭਿਨੇਤਰੀਆਂ ਨੀਰੂ ਬਾਜਵਾ ਤੋਂ ਸੋਨਮ ਬਾਜਵਾ



ਲੋਕਾਂ ਵਿੱਚ ਪੰਜਾਬੀ ਅਤੇ ਭੋਜਪੁਰੀ ਸਿਨੇਮਾ ਦਾ ਕ੍ਰੇਜ਼ ਵਧਦਾ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਹੁਣ ਪੰਜਾਬੀ ਖ਼ੂਬਸੂਰਤ ਅਤੇ ਪ੍ਰਤਿਭਾਸ਼ਾਲੀ ਅਭਿਨੇਤਰੀਆਂ ਕਮਾਈ ਦੇ ਮਾਮਲੇ ਵਿੱਚ ਹਿੰਦੀ ਸਿਨੇਮਾ ਦੇ ਅਦਾਕਾਰਾਂ ਨੂੰ ਟੱਕਰ ਦੇ ਰਹੀਆਂ ਹਨ।

**ਸਰਗੁਣ ਮਹਿਤਾ :** ਪੰਜਾਬੀ ਫ਼ਿਲਮਾਂ ਵਿੱਚ ਆਪਣੀ ਮਿਹਨਤ ਨਾਲ ਨਾਮ ਕਮਾਉਣ ਵਾਲੀ ਅਦਾਕਾਰਾ ਸਰਗੁਣ ਮਹਿਤਾ ਇੱਕ ਫ਼ਿਲਮ ਲਈ 40 ਤੋਂ 60 ਲੱਖ ਰੁਪਏ ਫੀਸ ਲੈਂਦੀ ਹੈ। ਰਿਪੋਰਟ ਮੁਤਾਬਕ ਉਸ ਦੀ ਕੁੱਲ ਜਾਇਦਾਦ ਕਰੀਬ 50 ਕਰੋੜ ਰੁਪਏ ਹੈ।

**ਹਿਮਾਂਸ਼ੀ ਖੁਰਾਣਾ :** ਕਈ ਪੰਜਾਬੀ ਫਿਲਮਾਂ ਅਤੇ ਕਈ ਮਿਊਜ਼ਿਕ ਐਲਬਮਾਂ ਵਿਚ ਨਜ਼ਰ ਆ ਚੁੱਕੀ ਹਿਮਾਂਸ਼ੀ ਖੁਰਾਣਾ



ਇਕ ਗੀਤ ਲਈ 50 ਲੱਖ ਰੁਪਏ ਚਾਰਜ ਕਰਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਦੀ ਕੁੱਲ ਜਾਇਦਾਦ ਲਗਭਗ 22 ਕਰੋੜ ਰੁਪਏ ਹੈ।

**ਸੁਰਵੀਨ ਚਾਵਲਾ :** ਪੰਜਾਬੀ ਫਿਲਮਾਂ ਅਤੇ ਬਾਲੀਵੁੱਡ ਫਿਲਮ ਹੇਟ ਸਟੋਰੀ 2 ਵਿੱਚ ਨਜ਼ਰ ਆਉਣ ਵਾਲੀ ਸੁਰਵੀਨ ਚਾਵਲਾ ਵੀ ਇੰਡਸਟਰੀ ਦੀਆਂ ਟਾਪ ਅਭਿਨੇਤਰੀਆਂ ਵਿੱਚੋਂ ਇੱਕ ਹੈ। ਰਿਪੋਰਟਾਂ ਦੀ ਮੰਨੀਏ ਤਾਂ ਉਹ ਹਰ ਸਾਲ ਕਰੀਬ ਦੋ ਕਰੋੜ ਰੁਪਏ ਕਮਾ ਲੈਂਦੀ ਹੈ। ਉਸ ਦੀ ਕੁੱਲ ਜਾਇਦਾਦ ਲਗਭਗ 20 ਕਰੋੜ ਰੁਪਏ ਹੈ।

**ਸੋਨਮ ਬਾਜਵਾ :** ਸੋਨਮ ਬਾਜਵਾ ਪੰਜਾਬੀ ਇੰਡਸਟਰੀ ਦੀਆਂ ਟਾਪ ਅਭਿਨੇਤਰੀਆਂ ਵਿੱਚੋਂ ਇੱਕ ਹੈ। ਖ਼ਬਰਾਂ ਦੀ ਮੰਨੀਏ ਤਾਂ ਉਹ ਇਕ ਫਿਲਮ ਲਈ 2-3 ਕਰੋੜ ਰੁਪਏ ਚਾਰਜ ਕਰਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਦੀ ਕੁੱਲ ਜਾਇਦਾਦ ਲਗਭਗ 35 ਕਰੋੜ ਰੁਪਏ ਹੈ।

**ਨੀਰੂ ਬਾਜਵਾ :** ਨੀਰੂ ਬਾਜਵਾ ਪੰਜਾਬ ਦੀ ਸਭ ਤੋਂ ਵੱਧ ਕਮਾਈ ਕਰਨ ਵਾਲੀ ਅਦਾਕਾਰਾ ਹੈ। ਖ਼ਬਰਾਂ ਮੁਤਾਬਕ ਉਹ ਇਕ ਫਿਲਮ ਲਈ ਇਕ ਤੋਂ ਦੋ ਕਰੋੜ ਰੁਪਏ ਚਾਰਜ ਕਰਦੀ ਹੈ। ਉਸ ਦੀ ਸੰਪਤੀ ਦੀ ਗੱਲ ਕਰੀਏ ਤਾਂ ਨੀਰੂ 111 ਕਰੋੜ ਰੁਪਏ ਦੀ ਜਾਇਦਾਦ ਦੀ ਮਾਲਕ ਹੈ।



## ਬੀ.ਬੀ.ਸੀ. ਡਾਕੂਮੈਂਟਰੀ ਨੂੰ ਭਾਰਤ 'ਚ ਬਲੌਕ ਕਰਨਾ

ਨਰਿੰਦਰ ਮੋਦੀ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ।'ਬੀਬੀਸੀ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਡਾਕੂਮੈਂਟਰੀ ਦੀ 'ਡੂੰਘੀ ਖੋਜ' ਕੀਤੀ ਗਈ ਸੀ ਅਤੇ ਇਸ ਵਿੱਚ ਮੋਦੀ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਲੋਕਾਂ ਦੇ ਜਵਾਬਾਂ ਸਮੇਤ ਆਵਾਜ਼ਾਂ ਅਤੇ ਵਿਚਾਰਾਂ ਦੀ 'ਵਿਆਪਕ ਸ਼੍ਰੇਣੀ' ਸ਼ਾਮਲ ਕੀਤੀ ਗਈ ਸੀ। ਮੋਦੀ ਸਰਕਾਰ 'ਤੇ ਸਾਲਾਂ ਤੋਂ ਆਜ਼ਾਦ-ਬੋਲਣ ਵਾਲੇ ਕਾਰਕੁਨਾਂ ਅਤੇ ਵਿਰੋਧੀ ਨੇਤਾਵਾਂ ਦੁਆਰਾ ਅਸਹਿਮਤੀ ਨੂੰ ਦਬਾਉਣ ਦਾ ਦੋਸ਼ ਲਗਾਇਆ ਗਿਆ ਹੈ। ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ ਦੇ ਬੇਹ ਲੀਹ ਯੀ ਨੇ ਇੱਕ ਬਿਆਨ ਵਿੱਚ ਕਿਹਾ, 'ਇਹ ਆਦੇਸ਼ ਲੋਕਤੰਤਰੀ ਆਦਰਸ਼ਾਂ ਪ੍ਰਤੀ ਦੇਸ਼ ਦੀ ਵਚਨਬੱਧਤਾ ਦਾ ਸਪੱਸ਼ਟ ਤੌਰ 'ਤੇ ਖੰਡਨ ਕਰਦਾ ਹੈ'। ਮੋਦੀ ਅਤੇ ਉਸਦੀ ਸੱਤਾਧਾਰੀ ਭਾਰਤੀ ਜਨਤਾ ਪਾਰਟੀ 2014 ਵਿੱਚ ਭਾਰਤ ਵਿੱਚ ਸੱਤਾ ਵਿੱਚ ਆਈ ਅਤੇ 1.3 ਬਿਲੀਅਨ ਦੇ ਦੇਸ਼ ਵਿੱਚ ਹਿੰਦੂ ਰਾਸ਼ਟਰਵਾਦ ਦੀ ਲਹਿਰ ਉੱਤੇ ਸਵਾਰ ਹੋ ਕੇ ਇਸ ਪਾਰਟੀ ਨੇ ਲਗਭਗ 80% ਆਬਾਦੀ ਦਾ ਵਿਸ਼ਵਾਸ ਪ੍ਰਾਪਤ ਕੀਤਾ ਹੈ।

ਬੀਬੀਸੀ ਨੇ ਸੋਸ਼ਲ ਮੀਡੀਆ 'ਤੇ ਸਾਂਝੇ ਕੀਤੇ ਇੱਕ ਬਿਆਨ ਵਿੱਚ ਕਿਹਾ ਕਿ ਦਸਤਾਵੇਜ਼ੀ ਫਿਲਮ ਦੀ 'ਸਭ ਤੋਂ ਉੱਚੇ ਸੰਪਾਦਕੀ ਮਾਪਦੰਡਾਂ ਦੇ ਅਨੁਸਾਰ ਡੂੰਘਾਈ ਨਾਲ ਖੋਜ ਕੀਤੀ ਗਈ ਸੀ।' ਬਿਆਨ ਵਿੱਚ ਕਿਹਾ ਗਿਆ ਹੈ ਕਿ ਫਿਲਮ ਨੇ 'ਆਵਾਜ਼ਾਂ, ਗਵਾਹਾਂ ਅਤੇ ਮਾਹਰਾਂ ਦੀ ਇੱਕ ਵਿਆਪਕ ਲੜੀ ਨੂੰ ਧਿਆਨ ਵਿੱਚ ਰੱਖਿਆ ਹੈ ... ਜਿਸ ਵਿੱਚ ਭਾਜਪਾ ਦੇ ਲੋਕਾਂ ਦੇ ਜਵਾਬ ਵੀ ਸ਼ਾਮਲ ਹਨ।' ਬਿਆਨ ਵਿੱਚ ਅੱਗੇ ਕਿਹਾ ਗਿਆ ਹੈ ਕਿ ਬੀਬੀਸੀ ਦੁਆਰਾ ਸੰਪਰਕ ਕਰਨ 'ਤੇ ਭਾਰਤ ਸਰਕਾਰ ਨੇ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਨਿਊਯਾਰਕ ਸਥਿਤ ਮਨੁੱਖੀ ਅਧਿਕਾਰ ਸੰਸਥਾ ਰਾਈਟਸ ਵਾਚ ਨੇ 2002 ਵਿਚ ਗੁਜਰਾਤ ਰਾਜ ਵਿੱਚ ਦੰਗਿਆਂ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭੂਮਿਕਾ ਬਾਰੇ ਬੀਬੀਸੀ ਦੀ ਇੱਕ ਡਾਕੂਮੈਂਟਰੀ 'ਤੇ ਪਾਬੰਦੀ ਲਗਾਉਣ ਦੀ ਅਲੋਚਨਾ ਕੀਤੀ ਹੈ। ਸੰਸਥਾ ਨੇ ਆਪਣੇ ਟਵਿੱਟਰ ਅਕਾਊਂਟ 'ਤੇ ਲਿਖਿਆ, ਦਸਤਾਵੇਜ਼ੀ ਵਿੱਚ ਇੱਕ ਰਿਪੋਰਟ ਨੂੰ ਉਜਾਗਰ ਕੀਤਾ ਗਿਆ ਸੀ ਜਿਸ ਵਿੱਚ ਹਿੰਸਾ ਨੂੰ ਸਮਰੱਥ ਬਣਾਉਣ ਵਾਲੇ 'ਦੰਡ-ਰਹਿਤ ਦੇ ਮਾਹੌਲ' ਲਈ ਮੋਦੀ 'ਸਿੱਧੇ ਤੌਰ 'ਤੇ ਜ਼ਿੰਮੇਵਾਰ' ਪਾਇਆ ਗਿਆ ਸੀ।

ਬੀਬੀਸੀ ਦੀ ਦਸਤਾਵੇਜ਼ੀ ਲੜੀ ਯੂ.ਕੇ. ਵਿੱਚ ਪ੍ਰਸਾਰਿਤ

ਦ ਮੋਦੀ ਸਵਾਲ ਦਾ ਦੂਜਾ (ਅਤੇ ਅੰਤਮ) ਐਪੀਸੋਡ ਬੀਬੀਸੀ ਟੂ ਯੂ.ਕੇ. ਵਿੱਚ ਪ੍ਰਸਾਰਿਤ ਕੀਤਾ ਗਿਆ। ਦਸਤਾਵੇਜ਼ੀ ਫਿਲਮ ਦਾ ਇਹ ਭਾਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤ ਦੀ ਮੁਸਲਿਮ ਘੱਟਗਿਣਤੀ ਵਿਚਕਾਰ 'ਦੁਖਦੇ ਰਿਸ਼ਤੇ' ਦਾ ਮੁਆਇਨਾ ਕਰਦਾ ਹੈ, ਜਦੋਂ ਮੋਦੀ 2014 ਤੇ 2019 ਵਿੱਚ ਆਪਣੀ ਸਰਕਾਰ ਦੇ ਫਤਵੇ ਤੋਂ ਵੱਧ ਬਹੁਮਤ ਨਾਲ ਦੁਬਾਰਾ ਚੁਣੇ ਗਏ ਸਨ।

ਬੀਬੀਸੀ ਦੀ ਇਸ ਲੜੀ ਵਿੱਚ ਅੰਤਿਮ ਐਪੀਸੋਡ ਪ੍ਰਭਾਵਿਤ ਧਿਰਾਂ, ਅਕਾਦਮਿਕਾਂ, ਪ੍ਰੈਸ ਅਤੇ ਸਿਵਲ ਸੁਸਾਇਟੀ ਦੇ ਮੈਂਬਰਾਂ ਦੀਆਂ ਸੁਤੰਤਰ ਰਿਪੋਰਟਾਂ, ਗਵਾਹੀਆਂ ਅਤੇ ਟਿੱਪਣੀਆਂ ਨੂੰ ਦਿਖਾਉਂਦਾ ਹੈ, ਅਤੇ ਸਰਕਾਰ ਤੇ ਪੁਲਿਸ ਦੇ ਬਚਾਅ ਦਾ ਹਵਾਲਾ ਦਿੰਦਾ ਹੈ। ਹਰ ਮੁੱਦੇ 'ਤੇ ਇਸ ਵਿੱਚ ਭਾਜਪਾ ਦੇ ਦ੍ਰਿਸ਼ਟੀਕੋਣ ਦੀ ਨੁਮਾਇੰਦਗੀ ਕਰਨ ਵਾਲੇ ਤਿੰਨ ਵਿਅਕਤੀਆਂ, ਸਭ ਤੋਂ ਪ੍ਰਮੁੱਖ ਪੱਤਰਕਾਰ ਅਤੇ ਭਾਜਪਾ ਦੇ ਸਾਬਕਾ ਸੰਸਦ ਮੈਂਬਰ ਸਵਪਨ ਦਾਸਗੁਪਤਾ ਦੀਆਂ ਵਿਸਤ੍ਰਿਤ ਟਿੱਪਣੀਆਂ ਵੀ ਸ਼ਾਮਲ ਹਨ।

ਡਾਕੂਮੈਂਟਰੀ ਦਾ ਨਵਾਂ ਐਪੀਸੋਡ ਮੋਦੀ ਵੱਲੋਂ ਖੁਸ਼ਹਾਲੀ ਦੇ ਨਵੇਂ ਯੁੱਗ ਅਤੇ ਨਵੇਂ ਭਾਰਤ ਦਾ ਵਾਅਦਾ ਕਰਨ ਦੇ ਬਾਵਜੂਦ, ਉਨ੍ਹਾਂ ਦੇ ਸ਼ਾਸਨ ਵਿੱਚ ਦੇਸ਼, ਧਾਰਮਿਕ ਅਸ਼ਾਂਤੀ ਨਾਲ ਭਰਿਆ ਹੋਇਆ ਹੈ। ਹਾਲਾਂਕਿ ਗੁਜਰਾਤ ਦੰਗਿਆਂ ਬਾਰੇ ਉਸ ਦੇ ਵਿਰੁੱਧ ਸਾਰੇ ਦੋਸ਼ ਭਾਰਤ ਦੀ ਸਰਵਉੱਚ ਅਦਾਲਤ ਦੁਆਰਾ ਸਾਫ਼ ਕਰ ਦਿੱਤੇ ਗਏ ਸਨ, ਪਰ ਇਹ ਲਾਜ਼ਮੀ ਹੈ ਕਿ ਚਿੰਤਾ ਦੂਰ ਨਹੀਂ ਹੋਣਗੀਆਂ , ਨਵਾਂ ਐਪੀਸੋਡ ਦਾਅਵਾ ਕਰਦਾ ਹੈ।

ਭਾਰਤ ਵਿੱਚ, ਬੀਬੀਸੀ ਫਿਲਮ ਨੇ ਸਿੱਟਾ ਕੱਢਿਆ ਕਿ, 'ਰਿਪੋਰਟਰਾਂ ਨੂੰ ਆਪਣੇ ਕੰਮ ਕਰਨ ਲਈ ਹਿੰਸਾ, ਧਮਕਾਉਣ ਅਤੇ ਗ੍ਰਿਫਤਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਪ੍ਰਚਾਰਕਾਂ ਦਾ ਕਹਿਣਾ ਹੈ ਕਿ ਨਰਿੰਦਰ ਮੋਦੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਪ੍ਰੈਸ ਦੀ ਅਜ਼ਾਦੀ ਵਿੱਚ ਗਿਰਾਵਟ ਆਈ ਹੈ। ਮਨੁੱਖੀ ਅਧਿਕਾਰਾਂ ਦੇ ਪ੍ਰਚਾਰਕਾਂ ਦਾ ਕਹਿਣਾ ਹੈ ਕਿ ਉਨ੍ਹਾਂ 'ਤੇ ਵੀ ਹਮਲੇ ਹੋ ਰਹੇ ਹਨ।'

ਫਿਲਮ ਦਾ ਦਾਅਵਾ ਹੈ ਕਿ 2015 ਤੋਂ ਬਾਅਦ ਭਾਰਤ ਵਿੱਚ ਹਜ਼ਾਰਾਂ NGO ਬੰਦ ਹੋ ਗਈਆਂ ਹਨ। ਫਿਲਮ ਦੇ ਅੰਤਮ ਪਲਾਂ ਵਿੱਚ, ਦਾਸਗੁਪਤਾ ਨੂੰ ਇਹ ਕਹਿੰਦੇ ਹੋਏ ਸੁਣਿਆ ਜਾ ਸਕਦਾ ਹੈ, 'ਸਾਡਾ ਲੋਕਤੰਤਰ' ਸੰਪੂਰਨ ਨਹੀਂ ਹੈ, ਪਰ ਇਹ ਲਗਾਤਾਰ ਸੁਧਾਰ ਕਰ ਰਿਹਾ ਹੈ।

ਸੱਚ ਨੂੰ ਆਮ ਜਨਤਾ ਸਾਹਮਣੇ ਰੱਖਦੀ ਇਸ ਦਸਤਾਵੇਜ਼ੀ ਫਿਲਮ ਦਾ ਅੰਤਰਰਾਸ਼ਟਰੀ ਰੌਲਾ ਕਿਉਂ ਨਹੀ ? ਕਿਉਂਕਿ ਜਦੋਂ ਮੋਦੀ 2014 ਵਿੱਚ ਸੱਤਾ ਵਿੱਚ ਆਏ ਤਾਂ ਅਮਰੀਕਾ ਦੇ ਥਿੰਕ ਟੈਂਕ ਫਰੀਡਮ ਹਾਊਸ ਨੇ ਭਾਰਤ ਨੂੰ ਇੱਕ ਆਜ਼ਾਦ ਦੇਸ਼ ਮੰਨਿਆ ਸੀ। ਜਾਫਰੇਲੋਟ ਦੇ ਅਨੁਸਾਰ, [ਪੱਛਮ] ਭਾਰਤ ਅਤੇ ਚੀਨ ਦੇ ਚੰਗੇ ਸੰਬੰਧਾਂ ਨੂੰ ਦੇਖ ਰਿਹਾ ਹੈ, ਇਹੀ ਕਾਰਨ ਹੈ ਕਿ ਉਹ ਆਲੋਚਨਾ ਨਹੀਂ ਕਰਨਗੇ, ਉਹ ਭਾਰਤੀ ਸਰਕਾਰ ਲਏ ਗਏ ਫੈਸਲਿਆਂ ਦੀ ਨਿੰਦਾ ਨਹੀਂ ਕਰਨਗੇ, ਮਨੁੱਖੀ ਅਧਿਕਾਰ ਹੁਣ ਸੂਚੀ ਵਿੱਚ ਬਹੁਤ ਉੱਚੇ ਨਹੀਂ ਹਨ ਕਿਉਂਕਿ ਇੱਥੇ ਇੱਕ ਵੱਡੀ ਚੁਣੌਤੀ (ਚੀਨ) ਹੈ।

ਫਿਲਮ ਦੇ ਵਰਣਨ ਵਿੱਚ ਕਿਹਾ ਗਿਆ ਹੈ ਕਿ ਮੋਦੀ ਅਤੇ ਉਸਦੀ ਸਰਕਾਰ ਕਿਸੇ ਵੀ ਸੁਝਾਅ ਨੂੰ ਰੱਦ ਕਰਦੇ ਹਨ ਕਿ ਉਨ੍ਹਾਂ ਦੀਆਂ ਨੀਤੀਆਂ ਮੁਸਲਮਾਨਾਂ ਪ੍ਰਤੀ ਕਿਸੇ ਵੀ ਪੱਖਪਾਤ ਨੂੰ ਦਰਸਾਉਂਦੀਆਂ ਹਨ, 'ਪਰ ਇਨ੍ਹਾਂ ਨੀਤੀਆਂ ਦੀ ਮਨੁੱਖੀ ਅਧਿਕਾਰ ਸੰਗਠਨਾਂ ਜਿਵੇਂ ਕਿ ਐਮਨੈਸਟੀ ਇੰਟਰਨੈਸ਼ਨਲ ਦੁਆਰਾ ਵਾਰ-ਵਾਰ ਆਲੋਚਨਾ ਕੀਤੀ ਗਈ ਹੈ। ਐਮਨੈਸਟੀ ਦੁਆਰਾ ਰੱਦ ਕੀਤੇ ਗਏ ਦੋਸ਼, ਭਾਰਤ ਸਰਕਾਰ ਦੇ ਅਨੁਸਾਰ ਵਿੱਤੀ ਬੇਨਿਯਮੀਆਂ ਦੀ ਜਾਂਚ ਦੇ ਸਬੰਧ ਵਿੱਚ ਇਸਦੇ ਬੈਂਕ ਖਾਤਿਆਂ ਨੂੰ ਫ੍ਰੀਜ਼ ਕਰਨ ਤੋਂ ਬਾਅਦ ਉਸ ਸੰਗਠਨ ਨੇ ਹੁਣ ਦਿੱਲੀ ਵਿੱਚ ਆਪਣੇ ਦਫਤਰ ਬੰਦ ਕਰ ਦਿੱਤੇ ਹਨ।'

ਇਸ ਬੀਬੀਸੀ ਲੜੀ ਦੇ ਪਹਿਲੇ ਐਪੀਸੋਡ ਦੀਆਂ ਵੀਡੀਓ ਰਿਕਾਰਡਿੰਗਾਂ ਨੂੰ ਭਾਰਤ ਵਿੱਚ ਆਨਲਾਈਨ ਪੋਰਟਲਾਂ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਬੰਦ ਕਰਨ ਦਾ ਆਦੇਸ਼ ਦਿੱਤਾ ਗਿਆ ਸੀ, ਜਿਸ ਵਿੱਚ ਕੇਂਦਰ ਸਰਕਾਰ ਦੁਆਰਾ 'ਨਰਿੰਦਰ ਮੋਦੀ ਦੇ ਅਕਸ ਨੂੰ ਬਚਾਉਣ' ਲਈ ਕੀਤੀ ਗਈ ਸੈਂਸਰਸ਼ਿਪ ਐਕਟ ਵਿੱਚ 'ਐਮਰਜੈਂਸੀ' ਸ਼ਕਤੀਆਂ ਦੀ ਮੰਗ ਕੀਤੀ ਗਈ ਸੀ। ਮੀਡੀਆ ਸੰਸਥਾਵਾਂ, ਸਿਵਲ ਸੁਸਾਇਟੀ ਅਤੇ ਵਿਰੋਧੀ ਪਾਰਟੀਆਂ ਨੂੰ ਡਾਕੂਮੈਂਟਰੀ ਵਿੱਚ ਬੀਬੀਸੀ ਨੂੰ ਦਿੱਤੇ ਇੰਟਰਵਿਊ ਵਿੱਚ ਮੋਦੀ ਵੱਲੋਂ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਨ ਅਤੇ ਦੋਸ਼ਾਂ ਤੋਂ ਇਨਕਾਰ ਕਰਨ ਦੇ ਬਾਵਜੂਦ ਸੈਂਸਰਿੰਗ ਜ਼ਰੂਰੀ ਮਹਿਸੂਸ ਕੀਤੀ ਗਈ।

**

## ਜੇ.ਐਨ.ਯੂ. 'ਚ ਡਾਕੂਮੈਂਟਰੀ ਦੀ ਸਕਰੀਨਿੰਗ ਦੌਰਾਨ

ਹਟਾਉਣ ਦੇ ਹੁਕਮ ਜਾਰੀ ਕਰਨ ਦੇ ਬਾਵਜੂਦ ਵੀ ਜੇਐਨਯੂ ਵਿਦਿਆਰਥੀ ਯੂਨੀਅਨ ਨੇ ਇਸ ਫਿਲਮ ਨੂੰ ਦਿਖਾਉਣ ਦਾ ਫੈਸਲਾ ਲਿਆ. ਪਥਰਾਅ ਕਰਨ ਵਾਲੇ ਵਿਦਿਆਰਥੀ ਕੌਣ ਸਨ ਇਸ ਗੱਲ ਦਾ ਪਤਾ ਨਾ ਲੱਗ ਸਕਿਆ. ਜੇਐਨਯੂ ਵਿਦਿਆਰਥੀ ਯੂਨੀਅਨ ਦੀ ਪ੍ਰਧਾਨ ਆਇਸ਼ੀ ਘੋਸ਼ ਦਾ ਕਹਿਣਾ ਹੈ ਕਿ 'ਮੋਦੀ ਸਰਕਾਰ ਪਬਲਿਕ ਸਕਰੀਨਿੰਗ ਰੋਕ ਸਕਦੀ ਹੈ ਪਰ ਪਬਲਿਕ ਵਿਊਇੰਗ ਨਹੀਂ ਰੋਕ ਸਕਦੀ'

***

## ਬੀਬੀਸੀ ਲੜੀ ਵਿਵਾਦ ਸਬੰਧੀ ਆਨਲਾਈਨ ਪਟੀਸ਼ਨ 'ਚ

ਉਬਤੇ 25000 ਤੋਂ ਵੱਧ ਲੋਕਾਂ ਨੇ ਸਹੀ ਪਾਈ ਹੈ। ਆਨਲਾਈਨ ਹੋਈ ਪਟੀਸ਼ਨ ਵਿੱਚ ਬੀਬੀਸੀ ਦੀ ਦਸਤਾਵੇਜ਼ੀ 'ਇੰਡੀਆ: ਦਿ ਮੋਦੀ ਕੁਐਸਚਨ' ਦੀ ਨਿਰਪੱਖ ਜਾਂਚ ਦੀ ਮੰਗ ਕਰਦੇ ਹੋਏ ਸਰਕਾਰੀ ਬਰਾਡਕਾਸਟਰ ਵੱਲੋਂ 'ਸੰਪਾਦਕੀ ਨਿਰਪੱਖਤਾ ਦੇ ਸਿਖਰਲੇ ਮਿਆਰਾਂ' ਨੂੰ ਪੂਰਾ ਕਰਨ ਵਿੱਚ ਨਾਕਾਮ ਰਹਿਣ ਲਈ ਨਿਖੇਧੀ ਕੀਤੀ ਗਈ ਹੈ। ਸਹੀਕਾਰਾਂ ਵਿੱਚੋਂ ਇਕ ਲਾਰਡ ਰਾਮੀ ਰੇਂਗਰ ਨੇ ਕਿਹਾ, "ਬੀਬੀਸੀ ਨੇ ਦੋ ਵਾਰ ਜਮਹੂਰੀ ਤਰੀਕੇ ਨਾਲ ਚੁਣੇ ਵਿਸ਼ਵ ਦੀ ਸਭ ਤੋਂ ਵੱਡੀ ਜਮਹੂਰੀਅਤ ਦੇ ਪ੍ਰਧਾਨ ਮੰਤਰੀ ਖਿਲਾਫ਼ ਝੂਠਾ ਬਿਰਤਾਂਤ ਸਿਰਜਿਆ ਹੈ।

***

## ਬੀ.ਬੀ.ਸੀ. ਦਸਤਾਵੇਜ਼ੀ ਬਾਰੇ ਸਰਕਾਰ ਤੇ ਵਿਰੋਧੀ

ਫਿਲਮ ਨੂੰ ਵਿਖਾਉਣ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ। ਭਾਜਪਾ ਦੀ ਇਸ ਕਾਰਵਾਈ ਨੂੰ ਉਦੋਂ ਬਲ ਮਿਲਿਆ ਜਦੋਂ ਕੇਰਲਾ ਦੇ ਸਾਬਕਾ ਮੁੱਖ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਏ.ਕੇ. ਐਂਟਨੀ ਦੇ ਪੁੱਤਰ ਅਨਿਲ ਨੇ ਦਸਤਾਵੇਜ਼ੀ ਵਿਖਾਉਣ ਦਾ ਵਿਰੋਧ ਕੀਤਾ। ਭਾਜਪਾ ਯੂਥ ਮੋਰਚੇ ਵੱਲੋਂ ਕੀਤੇ ਗਏ ਰੋਸ ਪ੍ਰਦਰਸ਼ਨਾਂ ਦੌਰਾਨ ਪੁਲੀਸ ਨੇ ਕਈ ਥਾਈਂ ਪਾਰਟੀ ਕਾਰਕੁਨਾਂ ਨੂੰ ਖਦੇੜ ਦਿੱਤਾ ਜਿਸ ਕਾਰਨ ਟਕਰਾਅ ਦੀ ਸਥਿਤੀ ਟਲ ਗਈ।

ਉਧਰ ਹੈਦਰਾਬਾਦ ਸੈਂਟਰਲ ਯੂਨੀਵਰਸਿਟੀ (ਐਚਸੀਯੂ) ਵਿੱਚ ਸੋਮਵਾਰ ਰਾਤ ਨੂੰ 'ਫਰੈਟਰਨਿਟੀ ਮੂਵਮੈਂਟ- ਐਚਸੀਯੂ ਯੂਨਿਟ' ਦੇ ਬੈਨਰ ਹੇਠ ਵਿਦਿਆਰਥੀਆਂ ਦੇ ਇਕ ਵਿਸ਼ੇਸ਼ ਵਰਗ ਨੂੰ ਗੁਜਰਾਤ ਦੰਗਿਆਂ ਬਾਰੇ ਬੀਬੀਸੀ ਦੀ ਵਿਵਾਦਿਤ ਦਸਤਾਵੇਜ਼ੀ ਦਿਖਾਈ ਗਈ। ਉਧਰ ਯੂਨੀਵਰਸਿਟੀ ਅਥਾਰਿਟੀ ਨੇ ਇਸ ਬਾਰੇ ਰਿਪੋਰਟ ਮੰਗ ਲਈ ਹੈ। ਵਿਦਿਆਰਥੀ ਸਮੂਹ ਨੇ ਦਸਤਾਵੇਜ਼ੀ ਵਿਖਾਉਣ ਤੋਂ ਪਹਿਲਾਂ ਯੂਨੀਵਰਸਿਟੀ ਅਥਾਰਿਟੀ ਤੋਂ ਲੋੜੀਂਦੀ ਪ੍ਰਵਾਨਗੀ ਨਹੀਂ ਲਈ ਸੀ।

ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਬੀਬੀਸੀ ਦਸਤਾਵੇਜ਼ੀ ਦੇ ਹਵਾਲੇ ਨਾਲ ਕਿਹਾ ਕਿ ਕੁਝ ਲੋਕ ਅਜੇ ਵੀ 'ਬਸਤੀਵਾਦ ਦੀ ਖੁਮਾਰੀ' ਵਿਚੋਂ ਨਹੀਂ ਨਿਕਲ ਸਕੇ ਤੇ ਉਨ੍ਹਾਂ ਲਈ 'ਅੰਗਰੇਜ਼' ਅੱਜ ਵੀ ਉਨ੍ਹਾਂ ਦੇ ਸ਼ਾਸਕ ਹਨ। ਕਾਨੂੰਨ ਮੰਤਰੀ ਨੇ ਹਿੰਦੀ ਵਿੱਚ ਕੀਤੇ ਟਵੀਟ 'ਚ ਕਿਹਾ, "ਕੁਝ ਲੋਕਾਂ ਲਈ ਗੋਰੇ ਸ਼ਾਸਕ ਅੱਜ ਵੀ ਮਾਲਕ ਹਨ, ਜਿਨ੍ਹਾਂ ਲਈ ਭਾਰਤ ਦੀ ਸਰਵਉਚ ਅਦਾਲਤ ਦਾ ਫੈਸਲਾ ਜਾਂ ਭਾਰਤ ਦੇ ਲੋਕਾਂ ਦੀ ਇੱਛਾ ਨਹੀਂ ਬਲਕਿ ਇਨ੍ਹਾਂ ਗੋਰੇ ਸ਼ਾਸਕਾਂ ਦਾ ਭਾਰਤ ਬਾਰੇ ਫੈਸਲਾ ਅੰਤਿਮ ਹੈ।" ਦੂਜੇ ਪਾਸੇ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ 2002 ਗੁਜਰਾਤ ਦੰਗਿਆਂ ਬਾਰੇ ਬੀਬੀਸੀ ਦੀ ਵਿਵਾਦਿਤ ਦਸਤਾਵੇਜ਼ੀ ਦੇ ਹਵਾਲੇ ਨਾਲ ਅੱਜ ਕਿਹਾ ਕਿ ਦਸਤਾਵੇਜ਼ੀ 'ਤੇ ਕਿਸੇ ਤਰ੍ਹਾਂ ਦੀ ਪਾਬੰਦੀ ਲਾਉਣ ਜਾਂ ਲੋਕਾਂ ਨੂੰ ਡਰਾਉਣ ਧਮਕਾਉਣ ਤੇ ਦਬਕਾਉਣ ਨਾਲ ਸੱਚ ਨੂੰ ਸਾਹਮਣੇ ਆਉਣ ਤੋਂ ਨਹੀਂ ਰੋਕਿਆ ਜਾ ਸਕਦਾ। ਇਥੇ ਭਾਰਤ ਜੋੜੋ ਯਾਤਰਾ ਤੋਂ ਇਕ ਪਾਸੇ ਕੀਤੀ ਪ੍ਰੈਬਸ ਕਾਨਫਰੰਸ ਦੌਰਾਨ ਗਾਂਧੀ ਨੇ ਕਿਹਾ, "ਜੇਕਰ ਤੁਸੀਂ ਸਾਡੇ ਧਰਮ ਗ੍ਰੰਥਾਂ ਨੂੰ ਪੜ੍ਹੋਗੇ, ਜੇਕਰ ਤੁਸੀਂ ਭਗਵਤ ਗੀਤਾ ਜਾਂ ਉਪਨਿਸ਼ਦਾਂ ਨੂੰ ਪੜ੍ਹੋਗੇ, ਤੁਸੀਂ ਵੇਖੋਗੇ ਕਿ ਇਨ੍ਹਾਂ ਵਿੱਚ ਲਿਖਿਆ ਹੈ ਕਿ ਸੱਚ ਨੂੰ ਬਹੁਤਾ ਚਿਰ ਲੁਕਾਇਆ ਨਹੀਂ ਜਾ ਸਕਦਾ। ਸੱਚ ਹਮੇਸ਼ਾ ਸਾਹਮਣੇ ਆਉਂਦਾਹੈ।

**ਅਮਰੀਕਾ ਵਲੋਂ ਬੀਬੀਸੀ ਦਸਤਾਵੇਜ਼ੀ ਤੋਂ ਕੀਤਾ ਕਿਨਾਰਾ** :ਅਮਰੀਕਾ ਨੇ ਬੀਬੀਸੀ ਵੱਲੋਂ ਬਣਾਈ ਗਈ ਦਸਤਾਵੇਜ਼ੀ 'ਇੰਡੀਆ: ਦਿ ਮੋਦੀ ਕੁਐਸਚਨ' ਤੋਂ ਕਿਨਾਰਾ ਕਰ ਲਿਆ ਹੈ। ਅਮਰੀਕਾ ਨੇ ਕਿਹਾ ਕਿ ਉਹ ਇਸ ਦਸਤਾਵੇਜ਼ੀ ਤੋਂ ਅਣਜਾਣ ਹੈ। ਇਕ ਪਾਕਿਸਤਾਨੀ ਪੱਤਰਕਾਰ ਵੱਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਅਮਰੀਕਾ ਦੇ ਗ੍ਰਹਿ ਵਿਭਾਗ ਦੇ ਬੁਲਾਰੇ ਨੈਬਡ ਪ੍ਰਾਈਸ ਨੇ ਦੱਸਿਆ ਕਿ ਅਮਰੀਕਾ ਤੇ ਭਾਰਤ ਵਿਚਾਲੇ ਜਮਹੂਰੀ ਕਦਰਾਂ-ਕੀਮਤਾਂ ਦੇ ਅਧਾਰ 'ਤੇ ਡੂੰਘੇ ਸਬੰਧ ਹਨ। ਜਦੋਂ ਪੱਤਰਕਾਰ ਨੇ ਬੀਬੀਸੀ ਦਸਤਾਵੇਜ਼ੀ ਬਾਰੇ ਜ਼ੋਰ ਦੇ ਕੇ ਪੁੱਛਿਆ ਤਾਂ ਪ੍ਰਾਈਸ ਨੇ ਕਿਹਾ, "ਮੈਂ ਇਸ ਦਸਤਵੇਜ਼ੀ ਬਾਰੇ ਜਾਣੂ ਨਹੀਂ ਹਾਂ ਜਿਸ ਬਾਰੇ ਤੁਸੀ ਗੱਲ ਕਰ ਰਹੇ ਹੋ। ਮੈਂ ਤਾਂ ਉਨ੍ਹਾਂ ਜਮਹੂਰੀ ਕਦਰਾਂ ਕੀਮਤਾਂ ਬਾਰੇ ਹੀ ਜਾਣਦਾ ਹਾਂ, ਜੋ ਕਿ ਭਾਰਤ ਤੇ ਅਮਰੀਕਾ ਵਿਚਾਲੇ ਆਪਸ ਵਿੱਚ ਸਾਂਝੀਆਂ ਕੀਤੀਆਂ ਜਾਂਦੀਆਂ ਹਨ।"

***

## ਵੱਡਾ ਡੌਨ ਜਾਂ ਕੁਸ਼ਤੀ ਸੁਧਾਰਕ

'ਸਾਬਕਾ ਸਪੋਰਟਸ ਅਥਾਰਟੀ ਆਫ ਇੰਡੀਆ ਕੋਚ ਅਜੀਤ ਸਿੰਘ ਨੇ ਦੱਸਿਆ, 'ਮੈਂ ਮਾਫੀਆ ਨੂੰ ਨਫਰਤ ਕਰਦਾ ਹਾਂ। ਮੈਂ ਨਿਯਮਿਤ ਤੌਰ 'ਤੇ ਗੈਂਗਸਟਰ ਕਲਚਰ ਦੇ ਖਿਲਾਫ ਵੀਡੀਓ ਬਣਾਉਂਦਾ ਹਾਂ, ਪਰ ਸ਼ਰਨ ਸਿੰਘ ਉਹ ਗੁੰਡਾ ਹੈ ਜਿਸਦੀ ਕੁਸ਼ਤੀ ਨੂੰ ਲੋੜ ਹੈ। ਉਨ੍ਹਾਂ ਤੋਂ ਬਿਨਾਂ, ਪਹਿਲਵਾਨਾਂ ਨੂੰ ਅਨੁਸ਼ਾਸਨ ਦੇਣਾ ਜਾਂ ਉਨ੍ਹਾਂ ਨੂੰ ਲਾਈਨ ਵਿਚ ਰੱਖਣਾ ਬਹੁਤ ਮੁਸ਼ਕਲ ਹੋਵੇਗਾ। ਉਸ ਨੇ ਕੁਸ਼ਤੀ ਲਈ ਜੋ ਕੀਤਾ ਹੈ ਉਹ ਵਿਲੱਖਣ ਹੈ।

ਸਿੰਘ ਆਪਣੇ ਸਕੂਲ ਦੇ ਦਿਨਾਂ ਤੋਂ ਹੀ ਪਹਿਲਵਾਨ ਰਹੇ ਹਨ ਅਤੇ ਦੇਸ਼ ਵਿੱਚ ਖੇਡਾਂ ਦਾ ਮੱਕਾ ਕਹੇ ਜਾਣ ਵਾਲੇ ਉੱਤਰ ਪ੍ਰਦੇਸ਼ ਵਿੱਚ ਆਪਣੀ ਰਾਜਨੀਤੀ ਦੇ ਸ਼ੁਰੂਆਤੀ ਦਿਨਾਂ ਤੋਂ ਹੀ ਇਹ ਖੇਡ ਖੇਡ ਰਹੇ ਹਨ। ਸਿੰਘ ਦੀ ਭਾਰਤ ਵਿੱਚ ਖੇਡ 'ਤੇ ਪਕੜ ਮੁੱਖ ਤੌਰ 'ਤੇ ਪੈਸੇ ਦੀ ਖੁੱਲ੍ਹੀ ਰਕਮ ਦੀ ਵਰਤੋਂ ਕਰਕੇ ਇਸ ਖੇਤਰ ਵਿੱਚ ਦੰਗਲਾਂ ਨੂੰ ਆਯੋਜਿਤ ਕਰਨ ਦੀਆਂ ਕੋਸ਼ਿਸ਼ਾਂ ਤੋਂ ਮਿਲਦੀ ਹੈ।

ਗੋਂਡਾ ਜ਼ਿਲ੍ਹਾ ਭਾਜਪਾ ਪ੍ਰਧਾਨ ਅਮਰ ਕਿਸ਼ੋਰ ਕਸ਼ਯਪ ਨੇ ਕਿਹਾ, 'ਨੇਤਾ ਬ੍ਰਿਜ ਭੂਸ਼ਣ ਸਿੰਘ ਨੇ ਆਪਣੀ ਨਿਗਰਾਨੀ ਹੇਠ ਕਈ ਵਾਰ ਜੂਨੀਅਰ ਅਤੇ ਰਾਸ਼ਟਰੀ ਚੈਂਪੀਅਨਸ਼ਿਪਾਂ ਦਾ ਆਯੋਜਨ ਕੀਤਾ ਹੈ। ਮੈਟ ਰੈਸਲਿੰਗ ਦੇ ਪ੍ਰਚਲਿਤ ਹੋਣ ਤੋਂ ਪਹਿਲਾਂ, ਉਹ ਆਪਣੇ ਖਰਚੇ 'ਤੇ ਦੰਗਲ ਕਰਵਾਉਂਦੇ ਸਨ।

ਦਿ ਇੰਡੀਅਨ ਐਕਸਪ੍ਰੈਸ ਵਿੱਚ ਇੱਕ ਪ੍ਰੋਫਾਈਲ ਦੱਸਦੀ ਹੈ ਕਿ ਕਿਵੇਂ ਬ੍ਰਿਜ ਭੂਸ਼ਣ ਸਿੰਘ ਸਥਾਨਕ ਟੂਰਨਾਮੈਂਟਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਂਦਾ ਸੀ, ਰੈਫਰੀ ਨੂੰ ਮੁਅੱਤਲ ਕਰਦਾ ਸੀ ਅਤੇ ਖੁਦ ਖੇਡਾਂ ਦਾ ਫੈਸਲਾ ਕਰਦਾ ਸੀ। ਕਥਿਤ ਤੌਰ 'ਤੇ, ਉਹ ਅਜੇ ਵੀ ਦੰਗਲ ਵਿੱਚ ਸ਼ੋਅ ਚਲਾਉਂਦਾ ਹੈ ਅਤੇ 2022 ਵਿੱਚ ਇੱਕ ਰੇਲਵੇ ਕੋਚ ਨੂੰ 'ਓਵਰ-ਐਨੀਮੇਟਡ' ਹੋਣ ਕਾਰਨ ਮੁਅੱਤਲ ਵੀ ਕਰ ਦਿੱਤਾ ਸੀ।

ਕਥਿਤ ਤੌਰ 'ਤੇ ਖਿਡਾਰੀ ਰਾਸ਼ਟਰੀ ਚੈਂਪੀਅਨਸ਼ਿਪ ਵਿਚ ਮੈਚ ਖੇਡਣ ਤੋਂ ਪਹਿਲਾਂ ਉਸ ਦੇ ਪੈਰ ਛੂਹ ਕੇ ਅਸ਼ੀਰਵਾਦ ਲੈਂਦੇ ਸਨ।

ਸੋਮਵੀਰ ਰਾਠੀ ਜੋ ਇੱਕ ਪਹਿਲਵਾਨ ਹੈ, ਹੁਣ ਸਿੰਘ ਦੇ ਵਿਰੋਧ ਵਿੱਚ ਸ਼ਾਮਲ ਹੋ ਗਿਆ ਹੈ। ਉਹ ਸੋਚਦਾ ਹੈ ਕਿ ਸਿਆਸਤਦਾਨਾਂ ਨੂੰ ਖੇਡ ਨੂੰ ਪਿਆਰ ਕਰਨ ਨਾਲੋਂ ਕੁਸ਼ਤੀ ਨੂੰ ਨੁਕਸਾਨ ਪਹੁੰਚਾਉਣ ਦੀ ਜ਼ਿਆਦਾ ਚਿੰਤਾ ਹੈ। ਰਾਠੀ ਨੇ ਦੱਸਿਆ, 'ਜੋ ਕੋਈ ਵੀ ਜੀਵਨ ਵਿੱਚ ਇੱਕ ਵਾਰ ਅਖਾੜੇ ਵਿੱਚ ਦਾਖਲ ਹੁੰਦਾ ਹੈ, ਉਹ ਆਪਣੇ ਆਪ ਨੂੰ ਇੱਕ ਪਹਿਲਵਾਨ ਕਹਿਣਾ ਸ਼ੁਰੂ ਕਰ ਦਿੰਦਾ ਹੈ, ਭਾਵੇਂ ਉਸਨੂੰ ਖੇਡ ਬਾਰੇ ਕੁਝ ਵੀ ਪਤਾ ਨਾ ਹੋਵੇ।'

ਨੌਜਵਾਨ ਪਹਿਲਵਾਨ ਦਾ ਕਹਿਣਾ ਹੈ ਕਿ ਸਿੰਘ ਲਗਭਗ ਡੇਢ ਦਹਾਕੇ ਤੱਕ ਬਿਨਾਂ ਕਿਸੇ ਵਿਰੋਧ ਦੇ ਡਬਲਯੂਐਫਆਈ ਦੇ ਪ੍ਰਧਾਨ ਵਜੋਂ ਚੁਣੇ ਗਏ ਅਤੇ ਆਪਣੇ ਪਰਿਵਾਰ ਰਾਹੀਂ ਹੋਰ ਫੈਡਰੇਸ਼ਨਾਂ ਨੂੰ ਵੀ ਕੰਟਰੋਲ ਕੀਤਾ। ਰਾਠੀ ਨੇ ਦੋਸ਼ ਲਾਇਆ ਕਿ ਬਿਹਾਰ ਰੈਸਲਿੰਗ ਫੈਡਰੇਸ਼ਨ ਦੀ ਅਗਵਾਈ ਉਸ ਦਾ ਜਵਾਈ ਕਰ ਰਿਹਾ ਹੈ, ਜਦੋਂ ਕਿ ਉਸ ਦਾ ਪੁੱਤਰ ਉੱਤਰ ਪ੍ਰਦੇਸ਼ ਫੈਡਰੇਸ਼ਨ ਨੂੰ ਕੰਟਰੋਲ ਕਰਦਾ ਹੈ।

ਰਾਠੀ ਨੇ ਇਹ ਵੀ ਕਿਹਾ ਕਿ ਬ੍ਰਿਜ ਭੂਸ਼ਣ ਸ਼ਰਨ ਸਿੰਘ 'ਬਹੁਤ ਜ਼ਿਆਦਾ ਗਾਲਾਂ ਕੱਢਦੇ ਹਨ'। ਵਾਇਰਲ ਹੋ ਰਹੇ ਇੱਕ ਵੀਡੀਓ ਕਲਿੱਪ ਵਿੱਚ ਬ੍ਰਿਜ ਭੂਸ਼ਣ ਸ਼ਰਨ ਸਿੰਘ ਪਹਿਲਵਾਨ ਨੂੰ ਥੱਪੜ ਮਾਰਦਾ ਦਿਖਾਈ ਦਿੰਦਾ ਹੈ ਜੋ ਸਿੰਘ ਦਾ ਕ੍ਰੋਧੀ ਸੁਭਾਅ ਅਤੇ ਖਿਡਾਰੀਆਂ ਪ੍ਰਤੀ ਸਤਿਕਾਰ ਦੀ ਘਾਟ ਦੇਖੀ ਜਾ ਸਕਦੀ ਹੈ।

ਅੰਤ ਵਿੱਚ ਰਾਠੀ ਨੇ ਪੁੱਛਿਆ, 'ਉਸਦੀਆਂ ਕਾਰਵਾਈਆਂ ਨੇ ਪਹਿਲਵਾਨਾਂ ਨੂੰ ਰਾਜਨੀਤੀ ਵਿੱਚ ਸ਼ਾਮਲ ਕਰ ਦਿੱਤਾ ਹੈ। ਕੀ ਅਸੀਂ ਰਾਜਨੀਤੀ ਖੇਡੀਏ ਜਾਂ ਕੁਸ਼ਤੀ ?

***

## ਬ੍ਰਿਟਿਸ਼ ਸਿੱਖ ਸਕੂਲ ਵਿੱਚ

ਕੀਤੀਆਂ ਸੇਵਾਵਾਂ ਤੋਂ ਬਾਅਦ ਸੰਸਥਾ ਲਈ ਹੋਰ ਮੁਸ਼ਕਲਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਸਨ। ਸਰਕਾਰ ਦੇ ਇਨਕਮ ਟੈਕਸ ਵਿਭਾਗ ਵਲੋਂ ਪਿਛਲੇ ਦਿਨੀਂ ਚੱਲਦੇ ਸਕੂਲ ਵਿੱਚ ਬੱਚਿਆਂ ਦੇ ਸਾਹਮਣੇ 100 ਤੋਂ ਵੀ ਜਿਆਦਾ ਅਧਿਕਾਰੀਆਂ ਨੂੰ ਲੈ 12 ਘੰਟੇ ਤੱਕ ਚੱਲੀ ਰੇਡ ਸਾਬਤ ਕਰਦੀ ਹੈ ਕਿ ਭਾਰਤ ਸਰਕਾਰ ਸਿੱਖੀ ਦੇ ਪ੍ਰਚਾਰ ਲਈ ਸਿੱਖਾਂ ਨੂੰ ਕਦੇ ਖੁੱਲ੍ਹ ਨਹੀਂ ਦੇਵੇਗੀ ਅਤੇ ਸਦਾ ਰੋੜੇ ਅਟਕਾਉਣ ਦਾ ਕੰਮ ਕਰੇਗੀ। ਕੇਂਦਰ ਅਤੇ ਸੂਬਾ ਸਰਕਾਰਾਂ ਨੇ ਸਦਾ ਹੀ ਸਿੱਖ ਕੌਮ ਨਾਲ ਦੁਸ਼ਮਣੀ ਰੱਖੀ ਹੈ।

ਵਿਦੇਸ਼ਾਂ ਵਿੱਚ ਵਸਦੇ ਸਿੱਖ ਆਪਣੇ ਮੂਲ ਨਾਲ ਜੁੜੇ ਹੋਏ ਹਨ ਅਤੇ ਪੰਜਾਬ ਦਾ ਭਲਾ ਕਰਨ ਲਈ ਉੱਥੇ ਜਾ ਕੇ ਸੇਵਾਵਾਂ ਕਰਦੇ ਹਨ ਜੋ ਕਿ ਭਾਰਤ ਸਰਕਾਰ ਨੂੰ ਨਹੀਂ ਸੁਖਾਉਂਦੀਆਂ । ਭਾਰਤ ਸਰਕਾਰ ਪੰਜਾਬ ਦੇ ਸਿੱਖਾਂ ਨੂੰ ਵਿਦੇਸ਼ਾਂ ਵਿੱਚ ਵਿਚਰਦੇ ਅਜ਼ਾਦ ਸਿੱਖਾਂ ਨਾਲੋਂ ਦੂਰ ਕਰਕੇ ਆਪਣੇ ਅਧੀਨ ਹੀ ਰੱਖਣਾ ਚਾਹੁੰਦੀਆਂ ਹਨ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਲੋਂ ਅਪੀਲ ਕੀਤੀ ਗਈ ਹੈ ਕਿ ਆਓ ਆਪਾਂ ਮਿਲ ਕੇ ਭਾਰਤ ਸਰਕਾਰ ਦੇ ਇਸ ਨਾਪਾਕ ਮਨਸੂਬੇ ਨੂੰ ਕਾਮਯਾਬ ਨਾ ਹੋਣ ਦਈਏ ਅਤੇ ਵਿਦੇਸ਼ਾਂ ਵਿੱਚੋਂ ਜਾ ਕੇ ਨਿਸ਼ਕਾਮਨਾ ਸਹਿਤ ਪੰਥ ਅਤੇ ਪੰਜਾਬ ਦਾ ਭਲਾ ਕਰ ਰਹੀਆਂ ਸਮੂਹ ਸੰਸਥਾਵਾਂ, ਵਿਅਕਤੀਆਂ ਨਾਲ ਡਟ ਕੇ ਖੜ੍ਹੀਏ ਤਾਂ ਕਿ ਉਨ੍ਹਾਂ ਦੇ ਪੰਜਾਬ ਵਿਚਲੇ ਸਮਾਜ ਭਲਾਈ ਦੇ ਕਾਰਜਾਂ ਨੂੰ ਭਾਰਤ ਸਰਕਾਰ ਕੋਝੇ ਹੱਥਕੰਡਿਆਂ ਨਾਲ ਰੋਕ ਨਾ ਲਗਾ ਸਕੇ।

***

## ਗਣਤੰਤਰ ਦਿਵਸ ਮੌਕੇ ਪੰਜਾਬ ਦੀ ਝਾਕੀ ਸ਼ਾਮਲ

ਦਿਵਸ ਲਈ ਪੰਜਾਬ ਸਰਕਾਰ ਵੱਲੋਂ ਭੇਜੀ ਝਾਕੀ ਨੂੰ ਰੱਦ ਕਰ ਦਿੱਤਾ ਹੈ। ਪੰਜਾਬ ਨੇ 'ਇੰਡੀਆ ਐਟ 75: ਫਰੀਡਮ ਸਟ੍ਰੱਗਲ' ਤੇ ਮੁਲਕ ਲਈ ਪੰਜਾਬ ਦੇ ਯੋਗਦਾਨ ਦੇ ਵਿਸ਼ੇ 'ਤੇ ਕੇਂਦਰਿਤ ਤਿੰਨ ਝਾਕੀਆਂ ਦੀ ਤਜਵੀਜ਼ ਭੇਜੀ ਸੀ। ਕੇਂਦਰੀ ਰੱਖਿਆ ਮੰਤਰਾਲੇ ਵੱਲੋਂ ਬਣਾਈ ਵਿਸ਼ਾ ਮਾਹਿਰ ਕਮੇਟੀ ਨੇ ਪੰਜਾਬ ਨੂੰ ਆਊਟ ਕਰਨ 'ਤੇ ਸਹੀ ਪਾਈ ਹੈ। ਪਿਛਲੇ ਵਰ੍ਹੇ ਗਣਤੰਤਰ ਦਿਵਸ ਪਰੇਡ 'ਚੋਂ ਤਾਮਿਲਨਾਡੂ, ਪੱਛਮੀ ਬੰਗਾਲ ਅਤੇ ਕੇਰਲਾ ਦੀ ਝਾਕੀ ਨੂੰ ਬਾਹਰ ਕੀਤਾ ਗਿਆ ਸੀ।

ਪੰਜਾਬ ਨੂੰ ਢਾਹ ਲਾਉਣ ਦੀ ਯੋਜਨਾ: ਬਾਜਵਾ

ਸੀਨੀਅਰ ਕਾਂਗਰਸੀ ਨੇਤਾ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਕੇਂਦਰ ਸਰਕਾਰ ਯੋਜਨਾਬੱਧ ਤਰੀਕੇ ਨਾਲ ਪੰਜਾਬ ਨੂੰ ਹੀਣਾ ਕਰ ਰਿਹਾ ਹੈ। ਪਹਿਲਾਂ ਕਾਲੇ ਖੇਤੀ ਕਾਨੂੰਨ ਲਿਆ ਕੇ ਕਿਸਾਨੀ ਨੂੰ ਅਤੇ ਫਿਰ ਅਗਨੀ ਪੱਥ ਯੋਜਨਾ ਨਾਲ ਜਵਾਨੀ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸੇ ਕੜੀ ਵਿਚ ਸਿੱਖ ਰੈਜੀਮੈਂਟ ਨੂੰ ਆਊਟ ਕੀਤਾ ਗਿਆ ਅਤੇ ਹੁਣ ਇਸੇ ਤਰਕੀਬ ਤਹਿਤ ਝਾਕੀ ਬਾਹਰ ਕਰ ਦਿੱਤੀ ਗਈ। ਉਨ੍ਹਾਂ ਕਿਹਾ ਕਿ ਕਾਂਗਰਸ 'ਚੋਂ ਭਾਜਪਾ 'ਚ ਗਏ ਨੇਤਾ ਹੁਣ ਆਪਣੀ ਜਮੀਰ ਨੂੰ ਜਗਾਉਣ।

ਦੂਜੇ ਪਾਸੇ ਭਾਜਪਾ ਆਗੂ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਇਹ ਮੰਦਭਾਗੀ ਗੱਲ ਹੈ। ਉਨ੍ਹਾਂ ਨੇ ਕਿਹਾ, "ਜੋ ਕਮੀਆਂ ਪੇਸ਼ੀਆਂ ਸਨ, ਉਹ ਦੂਰ ਕੀਤੀਆਂ ਜਾਂਦੀਆਂ ਹਨ। ਪੰਜਾਬ ਸਰਕਾਰ ਨੂੰ ਇਸ ਬਾਰੇ ਵੀ ਧਿਆਨ ਦੇਣਾ ਚਾਹੀਦਾ ਹੈ।

ਦਰਅਸਲ, ਅਜਿਹਾ 2017 ਤੋਂ ਬਾਅਦ ਹੋਇਆ ਹੈ, ਜਦੋਂ ਪੰਜਾਬ ਦੀ ਝਾਕੀ ਗਣਤੰਤਰ ਦਿਵਸ ਦੀ ਪਰੇਡ ਵਿੱਚ ਸ਼ਾਮਲ ਨਹੀਂ ਹੋਵੇਗੀ।

ਦੂਜੇ ਪਾਸੇ ਰੱਖਿਆ ਮੰਤਰਾਲੇ ਨੇ ਗਣਤੰਤਰ ਦਿਹਾੜੇ ਦੀ ਪਰੇਡ ਲਈ ਸੂਬਿਆਂ ਦੀਆਂ ਝਾਕੀਆਂ ਦੀ ਚੋਣ ਵਿਚ ਪੰਜਾਬ ਨਾਲ ਵਿਤਕਰੇ ਦੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਅਧਿਕਾਰੀਆਂ ਮੁਤਾਬਕ, ਝਾਕੀਆਂ ਦੀ ਚੋਣ ਮਾਹਿਰਾਂ ਦੀ ਇਕ ਕਮੇਟੀ ਵੱਲੋਂ ਕੀਤੀ ਗਈ ਹੈ। ਚੋਣ ਦੇ ਕਈ ਆਧਾਰ ਹੁੰਦੇ ਹਨ। ਪੰਜਾਬ ਸਮੇਤ ਕਿਸੇ ਵੀ ਸੂਬੇ ਦੇ ਸੰਦਰਭ 'ਚ ਫੈਸਲਾ ਨਿਰਪੱਖ ਤਰੀਕੇ ਨਾਲ ਕੀਤਾ ਗਿਆ ਹੈ।

ਮੰਤਰਾਲੇ ਦੇ ਅਧਿਕਾਰੀਆਂ ਨੇ ਕਿਹਾ ਕਿ ਗਣਤੰਤਰ ਦਿਹਾੜਾ ਪਰੇਡ ਲਈ ਸੂਬਿਆਂ ਦੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ ਝਾਕੀਆਂ ਦੀ ਚੋਣ ਡਵੀਜ਼ਨਲ ਆਧਾਰ 'ਤੇ ਕੀਤੀ ਗਈ ਹੈ। ਇਸ ਵਿਚ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਛੇ ਮੰਡਲਾਂ-ਉਬਤਰੀ, ਮੱਧ, ਪੂਰਬੀ, ਪੱਛਮੀ, ਦੱਖਣੀ ਤੇ ਉਬਤਰ ਪੂਰਬੀ ਵਿਚ ਵਰਗੀਕ੍ਰਿਤ ਕੀਤਾ ਗਿਆ ਹੈ। ਆਮ ਤੌਰ 'ਤੇ ਪਰੇਡ ਲਈ ਹਰ ਇਲਾਕੇ ਦੇ ਅਨੁਪਾਤ ਦੇ ਆਧਾਰ 'ਤੇ ਲਗਪਗ 15 ਝਾਕੀਆਂ ਦੀ ਚੋਣ ਕੀਤੀ ਜਾਂਦੀ ਹੈ। ਇਸ 'ਚ ਇਹ ਦੇਖਿਆ ਜਾਂਦਾ ਹੈ ਕਿ ਜਿਨ੍ਹਾਂ ਸੂਬਿਆਂ ਨੂੰ ਹਾਲੀਆ ਸਾਲਾਂ 'ਚ ਮੌਕਾ ਨਹੀਂ ਮਿਲਿਆ, ਉਨ੍ਹਾਂ ਨੂੰ ਮੌਕਾ ਦਿੱਤਾ ਜਾਵੇ।

ਇਸ ਤੋਂ ਪਹਿਲਾਂ ਮੰਤਰਾਲੇ ਨੇ ਇਹ ਜਾਣਕਾਰੀ ਦਿੱਤੀ ਸੀ ਕਿ ਇਕ ਮਾਹਿਰ ਕਮੇਟੀ ਵਲੋਂ ਵੱਖ-ਵੱਖ ਸੂਬਿਆਂ-ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ ਝਾਕੀਆਂ ਦੀਆਂ ਤਜਵੀਜ਼ਾਂ ਦੀ ਜਾਂਚ ਕੀਤੀ ਗਈ। ਇਸ ਤੋਂ ਇਲਾਵਾ ਕਮੇਟੀ ਦੇ ਮੈਂਬਰਾਂ ਵਲੋਂ ਝਾਕੀ ਦੇ ਵਿਸ਼ੇ ਵਸਤੂ, ਪੇਸ਼ਕਾਰੀ, ਕਲਾਤਮਕ ਪ੍ਰਦਰਸ਼ਨ ਤੇ ਤਕਨੀਕੀ ਆਧਾਰ 'ਤੇ ਸੂਬਿਆਂ ਦੇ ਨੁਮਾਇੰਦਿਆਂ ਨਾਲ ਕਈ ਦੌਰ ਦੀ ਗੱਲਬਾਤ ਵੀ ਹੋਈ ਸੀ। ਮੰਤਰਾਲੇ ਨੇ ਕਿਹਾ ਕਿ ਇਸ ਵਾਰੀ ਪਰੇਡ ਦੌਰਾਨ 17 ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ 23 ਝਾਕੀਆਂ ਪ੍ਰਦਰਸ਼ਿਤ ਕੀਤੀਆਂ ਜਾਣਗੀਆਂ। ਪਰੇਡ 'ਵਿਚ ਕੇਂਦਰੀ ਮੰਤਰਾਲਿਆਂ ਤੇ ਵਿਭਾਗਾਂ ਦੀਆਂ ਛੇ ਝਾਕੀਆਂ ਅਸਾਮ, ਅਰੁਣਾਚਲ, ਤ੍ਰਿਪੁਰਾ, ਬੰਗਾਲ, ਜੰਮੂ ਕਸ਼ਮੀਰ, ਲੱਦਾਖ, ਦਾਦਰਾ ਨਗਰ ਹਵੇਲੀ, ਦਮਨ ਤੇ ਦੀਵ, ਗੁਜਰਾਤ, ਹਰਿਆਣਾ, ਉਬਤਰ ਪ੍ਰਦੇਸ਼, ਉਬਤਰਾਖੰਡ, ਝਾਰਖੰਡ, ਮਹਾਰਾਸ਼ਟਰ,

## ਬੀਬੀਸੀ ਨੇ ਡਾਕੂਮੈਂਟਰੀ ’ਚ ਗੁਜਰਾਤ ਦੰਗਿਆਂ

ਰੋਕੀ ਸੀ। ਬੀਬੀਸੀ ਦੇ ਅਨੁਸਾਰ, ਉਸੇ ਸਮੇਂ ਯੂਰਪੀਅਨ ਯੂਨੀਅਨ ਦੁਆਰਾ ਇੱਕ ਜਾਂਚ ਕਮੇਟੀ ਵੀ ਸਥਾਪਿਤ ਕੀਤੀ ਗਈ ਸੀ, ਜਿਸ ਨੇ ਇਸ ਮਾਮਲੇ ਨੂੰ ਦੇਖਿਆ ਸੀ। ਕਥਿਤ ਤੌਰ ’ਤੇ ਇਹ ਪਾਇਆ ਗਿਆ ਕਿ ‘ਮੰਤਰੀਆਂ ਨੇ ਹਿੰਸਾ ਵਿੱਚ ਸਰਗਰਮ ਹਿੱਸਾ ਲਿਆ ਅਤੇ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਦੰਗਿਆਂ ਵਿੱਚ ਦਖਲ ਨਾ ਦੇਣ ਲਈ ਨਿਰਦੇਸ਼ ਦਿੱਤੇ ਗਏ ਸਨ।’ ਗੁਜਰਾਤ ਹਿੰਸਾ ਬਾਰੇ ਮੋਦੀ ਦੀ ਇੰਟਰਵਿਊ ਲੈਣ ਵਾਲੀ ਬੀਬੀਸੀ ਦੀ ਜਿਲ ਮੈਕਗਿਵਿੰਗ ਕਹਿੰਦੀ ਹੈ : ਮੋਦੀ ਦੋਸਤਾਨਾ ਨਹੀਂ ਹਨ। ਉਸ ਨੂੰ ਇੰਟਰਵਿਊ ਲਈ ਮਨਾਉਣਾ ਬਹੁਤ ਔਖਾ ਸਾਬਤ ਹੋਇਆ। ਉਸਨੇ ਮੈਨੂੰ ਇੱਕ ਬਹੁਤ ਹੀ ਬਹੁਤ ਸ਼ਕਤੀਸ਼ਾਲੀ ਅਤੇ ਬਹੁਤ ਖਤਰਨਾਕ ਵਿਅਕਤੀ ਵਜੋਂ ਪ੍ਰਭਾਵਿਤ ਕੀਤਾ।’ ਗੁਜਰਾਤ ਵਿੱਚ ਵਾਰ-ਵਾਰ ਹੋਈ ਹਿੰਸਾ ਅਤੇ ਉਥਲ-ਪੁਥਲ ਬਾਰੇ ਉਨ੍ਹਾਂ ਦੇ ਸਵਾਲ ਦੇ ਜਵਾਬ ਵਿੱਚ, ਮੋਦੀ ਨੂੰ ਜਵਾਬ ਦਿੰਦੇ ਹੋਏ ਦੇਖਿਆ ਜਾ ਸਕਦਾ ਹੈ।ਉਸ ਨੇ ਮੈਨੂੰ ਕਿਹਾ ਸੀ ਕਿ ਤੁਹਾਨੂੰ ਪਹਿਲਾਂ ਆਪਣੀ ਜਾਣਕਾਰੀ ਭਾਰਤ ਬਾਰੇ ਠੀਕ ਕਰਨੀ ਚਾਹੀਦੀ ਹੈ। ਸੂਬੇ ਗੁਜਰਾਤ ਵਿੱਚ ਬਹੁਤ ਸ਼ਾਂਤੀ ਹੈ।ਰਾਜ ਵਿੱਚ ਕਾਨੂੰਨ ਵਿਵਸਥਾ ਦੇ ਕਥਿਤ ਮਾੜੇ ਪ੍ਰਬੰਧਾਂ ਦੇ ਸਵਾਲ ’ਤੇ ਉਨ੍ਹਾਂ ਕਿਹਾ ਕਿ ਤੁਹਾਡੀ ਪੂਰੀ ਤਰ੍ਹਾਂ ਨਾਲ ਗੁੰਮਰਾਹਕੁੰਨ ਜਾਣਕਾਰੀ ਹੈ ਅਤੇ ਮੈਂ ਤੁਹਾਡੇ ਵਿਸ਼ਲੇਸ਼ਣ ਨਾਲ ਸਹਿਮਤ ਨਹੀਂ ਹਾਂ।ਤੁਹਾਨੂੰ ਅੰਗਰੇਜ਼ਾਂ ਨੂੰ ਮਨੁੱਖੀ ਅਧਿਕਾਰਾਂ ਬਾਰੇ ਸਾਨੂੰ ਉਪਦੇਸ਼ ਨਹੀਂ ਦੇਣਾ ਚਾਹੀਦਾ।’ ਹਾਲਾਂਕਿ, ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਇਸ ਪੂਰੇ ਘਟਨਾਕ੍ਰਮ ਵਿੱਚ ਅਜਿਹਾ ਕੁਝ ਹੈ ਜੋ ਮੋਦੀ ਵੱਖਰੇ ਤਰੀਕੇ ਨਾਲ ਦਸਣਾ ਚਾਹੁੰਦੇ ਹਨ, ਤਾਂ ਮੋਦੀ ਨੇ ਕਿਹਾ, ‘ਇੱਕ ਅਜਿਹਾ ਖੇਤਰ ਜਿੱਥੇ ਮੈਂ ਵੱਖਰਾ ਢੰਗ ਨਾਲ ਕੰਮ ਕਰ ਸਕਦਾ ਸੀ, ਉਹ ਹੈ- ਮੀਡੀਆ ਕਿਵੇਂ ਹੈਂਡਲ ਕਰਨਾ ਹੈ।’ ਡਾਕੂਮੈਂਟਰੀ ਵਿੱਚ ਜ਼ਿਕਰ ਕੀਤਾ ਹੈ ਕਿ ਬ੍ਰਿਟਿਸ਼ ਜਾਂਚ ਰਿਪੋਰਟ ਦਾ ਸਿੱਟਾ ਇਹ ਹੈ ਕਿ ਜਦ ਤੱਕ ਮੋਦੀ ਸੱਤਾ ਵਿੱਚ ਹਨ, ਨਿਆਂ ਅਸੰਭਵ ਰਹੇਗਾ।’ ਬੀਬੀਸੀ ਦੀ ਇਹ ਡਾਕੂਮੈਂਟਰੀ ਫਿਲਹਾਲ ਭਾਰਤ ਵਿੱਚ ਦੇਖਣ ਲਈ ਉਪਲਬਧ ਨਹੀਂ ਹੈ।ਬੀਬੀਸੀ ਨੂੰ ਟਿੱਪਣੀ ਲਈ ਸੰਪਰਕ ਕੀਤਾ ਗਿਆ ਅਤੇ ਉਨ੍ਹਾਂ ਕਿਹਾ ਕਿ ਦਸਤਾਵੇਜ਼ੀ ਫ਼ਿਲਮ ਲਈ ਮੁਸ਼ੱਕਤ ਨਾਲ ਖੋਜ ਕੀਤੀ ਗਈ ਸੀ ਅਤੇ ਇਸ ਵਿਚ ਬਹੁਤ ਲੋਕਾਂ ਦੀਆਂ ਆਵਾਜ਼ਾਂ ਅਤੇ ਵਿਚਾਰਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਵਿਚ ਮੋਦੀ ਦੀ ਭਾਰਤੀ ਜਨਤਾ ਪਾਰਟੀ ਦੇ ਲੋਕ ਵੀ ਸ਼ਾਮਲ ਹਨ। ਬੀਬੀਸੀ ਦੇ ਬੁਲਾਰੇ ਨੇ ਕਿਹਾ ਸੀ ਕਿ ਅਸੀਂ ਭਾਰਤ ਸਰਕਾਰ ਨੂੰ ਇਸ ਸੀਰੀਜ਼ ਵਿਚ ਚੁੱਕੇ ਗਏ ਮੁੱਦਿਆਂ ਦਾ ਜਵਾਬ ਦੇਣ ਦੇ ਅਧਿਕਾਰ ਦੀ ਪੇਸ਼ਕਸ਼ ਕੀਤੀ ਸੀ, ਪਰ ਉਨ੍ਹਾਂ ਨੇ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਜ਼ਿਕਰਯੋਗ ਹੈ ਕਿ ਮੋਦੀ ’ਤੇ ਦੰਗਿਆਂ ਨੂੰ ਰੋਕਣ ਵਿਚ ਅਸਫਲ ਰਹਿਣ ਦਾ ਇਲਜ਼ਾਮ ਲੱਗਿਆ ਸੀ, ਪਰ ਉਹ ਇਨ੍ਹਾਂ ਇਲਜ਼ਾਮਾਂ ਤੋਂ ਇਨਕਾਰ ਕਰਦੇ ਰਹੇ ਸਨ ਅਤੇ 2012 ਵਿਚ ਭਾਰਤ ਦੀ ਸੁਪਰੀਮ ਕੋਰਟ ਦੀ ਜਾਂਚ ਵਿਚ ਉਨ੍ਹਾਂ ਨੂੰ ਇਲਜ਼ਾਮਾਂ ਤੋਂ ਬਰੀ ਕਰ ਦਿੱਤਾ ਗਿਆ ਸੀ। ਮੋਦੀ ਦੇ ਬਰੀ ਹੋਣ ’ਤੇ ਸਵਾਲ ਚੁੱਕਣ ਵਾਲੀ ਜ਼ਕੀਆ ਜਾਫਰੀ ਦੀ ਇੱਕ ਪਟੀਸ਼ਨ ਪਿਛਲੇ ਸਾਲ ਖ਼ਾਰਜ ਕਰ ਦਿੱਤੀ ਗਈ ਸੀ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਸੀ ਕਿ ਵੱਡੀ ਅਪਰਾਧਿਕ ਸਾਜ਼ਿਸ਼ ਦੇ ਦੋਸ਼ ਦਾ ਸਭ ਤੋਂ ਉੱਚਾ ਪੱਧਰ ਤਾਸ਼ ਦੇ ਪੱਤਿਆਂ ਵਾਂਗ ਖਿਲਰ ਗਿਆ ਸੀ।

***

## ਦਲਿਤ ਜੁਝਾਰੂ ਬੀਬੀ ਲਲਕਾਰ

ਮਿਡ-ਡੇ-ਮੀਲ ਸਮੇਂ ਵੱਖਰੀ ਥਾਲੀ ਦਿੱਤੀ ਜਾਂਦੀ ਸੀ।ਅਸੀਂ ਇਨ੍ਹਾਂ ਬੱਚਿਆਂ ਦੀ ਕੌਂਸਲਿੰਗ ਕੀਤੀ। ਪ੍ਰਿੰਸੀਪਲ ਅਤੇ ਬਲਾਕ ਸਿੱਖਿਆ ਅਫ਼ਸਰ ਨਾਲ ਗੱਲ ਕੀਤੀ ਅਤੇ ਉਨ੍ਹਾਂ ਨੂੰ ਵਾਪਸ ਸਕੂਲ ਦਾਖਲ ਕਰਵਾਇਆ । ਇਸ ਦੇ ਨਾਲ ਹੀ ਮੈਂ ਪਿੰਡਾਂ ਵਿੱਚ ਲਾਇਬ੍ਰੇਰੀਆਂ ਸ਼ੁਰੂ ਕਰ ਦਿੱਤੀਆਂ। ਹੁਣ ਤੱਕ ਸਾਡੀ ਟੀਮ ਨੇ ਚਾਰ-ਚਾਰ ਡਾਕਟਰ ਅੰਬੇਡਕਰ ਦੇ ਨਾਮ ਲਾਇਬ੍ਰੇਰੀਆਂ ਸ਼ੁਰੂ ਕੀਤੀਆਂ ਹਨ। ਇੱਥੇ ਸਾਡੇ ਵਲੰਟੀਅਰ 200 ਤੋਂ ਵੱਧ ਬੱਚਿਆਂ ਨੂੰ ਪੜ੍ਹਾਉਂਦੇ ਹਨ। ਉਹ ਦਸਦੀ ਹੈ ਕਿ ਉਸਨੇ 15 ਪਿੰਡਾਂ ਵਿੱਚ 800 ਤੋਂ ਵੱਧ ਦਲਿਤ ਬੱਚਿਆਂ ਨੂੰ ਸਿੱਖਿਆ ਨਾਲ ਜੋੜਿਆ, ਅਣਗਿਣਤ ਦਲਿਤ ਪਰਿਵਾਰਾਂ ਨੂੰ ਇਨਸਾਫ ਦਿਵਾਇਆ ਅਤੇ ਉਚ ਜਾਤੀ ਦੇ ਗੁੰਡਿਆਂ ਤੋਂ ਦਲਿਤਾਂ ਦੀਆਂ ਜ਼ਮੀਨਾਂ ਆਜ਼ਾਦ ਕਰਾਕੇ ਦਿਤੀਆਂ ਹਨ।

ਅਸੀਂ ਮੁੱਖ ਮੰਤਰੀ ਆਵਾਸ ਯੋਜਨਾ ਤਹਿਤ ਲਗਭਗ 400 ਲੋਕਾਂ ਨੂੰ ਘਰ, ਬੁਢਾਪਾ ਪੈਨਸ਼ਨ, ਪਖਾਨੇ ਮੁਹੱਈਆ ਕਰਵਾਏ ਹਨ।

ਜਿਹੜੇ ਉੱਚ ਜਾਤੀ ਦੇ ਲੋਕ ਦਲਿਤਾਂ ਉਪਰ ਤਸ਼ੱਦਦ ਕਰਦੇ ਹਨ, ਉਨ੍ਹਾਂ ਵਿਰੁੱਧ ਕਾਨੂੰਨੀ ਲੜਾਈ ਲੜਨ ਲਈ ਪੀੜਤ ਦਲਿਤਾਂ ਨੂੰ ਪ੍ਰੇਰਿਤ ਕੀਤਾ ਜਾਂਦਾ ਹੈ। ਸਾਡੀ ਟੀਮ ਵਿੱਚ ਵਕੀਲ ਵੀ ਹਨ, ਜੋ ਐਫਆਈਆਰ ਦਰਜ ਕਰਨ ਤੋਂ ਲੈ ਕੇ ਅਦਾਲਤ ਤੱਕ ਸਭ ਕੁਝ ਸਮਝਾਉਂਦੇ ਹਨ। ਪਿੰਡ ਦੇ ਦਰਦ ਨੂੰ ਬਿਆਨ ਕਰਦਿਆਂ ਗੀਤਾ ਕਹਿੰਦੀ ਹੈ, ਨਾਰਹਾਨ ਪਿੰਡ ਦੇ ਲੋਕਾਂ ਲਈ ਵਿਕਾਸ ਅਜੇ ਵੀ ਮਹਿਜ਼ ਸੁਪਨਾ ਹੈ। ਸਾਡੇ ਕੋਲ ਖੇਤ ਹਨ, ਪਰ ਉਸ ਵਿੱਚ ਕੋਈ ਫ਼ਸਲ ਨਹੀਂ ਹੈ। ਜ਼ਮੀਨ ਬੰਜਰ ਹੈ। ਇੱਥੇ ਮਿੱਟੀ ਦੇ ਪਹਾੜ ਹਨ, ਯਾਨੀ ਕਿ ਜੰਗਲਾਂ ਵਾਲੀਆਂ ਜ਼ਮੀਨਾਂ ਹਨ। ਅੱਜ ਵੀ ਪਿੰਡ ਤੋਂ 35 ਕਿਲੋਮੀਟਰ ਦੂਰ ਸ਼ਹਿਰ ਵਿੱਚ ਜਾਣ ਦਾ ਕੋਈ ਪ੍ਰਬੰਧ ਨਹੀਂ ਹੈ। ਲੋਕਾਂ ਨੂੰ ਟਰੈਕਟਰ ਜਾਂ ਆਪਣੇ ਵਾਹਨ ਰਾਹੀਂ ਜਾਣਾ ਪੈਂਦਾ ਹੈ। ਇਹੀ ਕਾਰਨ ਹੈ ਕਿ ਸਾਰਾ ਪਿੰਡ ਲਗਭਗ ਖਾਲੀ ਪਿਆ ਹੈ, ਪਰ ਮੈਂ ਪ੍ਰਣ ਲਿਆ ਹੈ ਕਿ ਮੈਂ ਪਿੰਡ ਵਿਚ ਰਹਿਕੇ ਲੋਕਾਂ ਦੇ ਹੱਕਾਂ ਲਈ ਜੂਝਾਂਗੀ। ਹੁਣ ਉਚ ਜਾਤੀ ਦੇ ਲੋਕ ਵੀ ਆਪਣੀਆਂ ਸਮੱਸਿਆਵਾਂ ਲੈ ਕੇ ਮੇਰੇ ਕੋਲ ਆਉਂਦੇ ਹਨ। ਸਰਕਾਰੀ ਅਫਸਰ ਪਿੰਡ ਦੇ ਮੁਖੀ ਦਾ ਵੀ ਕੋਈ ਕੰਮ ਨਹੀਂ ਕਰਦੇ, ਇਸ ਲਈ ਉਹ ਹੁਣ ਮੇਰੇ ਕੋਲ ਆਉਂਦੇ ਹਨ, ਕਿਉਂਕਿ ਲੋਕ ਮੇਰੇ ਨਾਲ ਖਲੋਤੇ ਹਨ।

***

## ਬਾਬਾ ਦੀਪ ਸਿੰਘ ਜੀ ਸ਼ਹੀਦ

ਸਿੰਘ ਏਨੀ ਬਹਾਦਰੀ ਨਾਲ ਲੜੇ ਕਿ ਦੁਸ਼ਮਣ ਦੀਆਂ ਫੌਜਾਂ ਚਾਰੇ ਪਾਸਿਆਂ ਤੋਂ ਭੱਜਣ ਲੱਗੀਆਂ। ਸਿੰਘ ਅੰਮ੍ਰਿਤਸਰ ਵਲ ਵਧਦੇ ਗਏ। ਬਾਬਾ ਜੀ ਆਪਣਾ 18 ਸੇਰ ਦਾ ਖੰਡਾ (ਦੋਧਾਰੀ ਤਲਵਾਰ) ਖੜਕਾਉਂਦੇ ਰਾਮਸਰ ਕੋਲ ਪਹੁੰਚ ਗਏ। ਉਹ ਵੈਰੀਆਂ ਨੂੰ ਮੁਕਾਉਂਦੇ ਜਾ ਰਹੇ ਸਨ।

ਯਾਕੂਬ ਖਾਂ ਅਤੇ ਬਾਬਾ ਜੀ ਵਿਚਕਾਰ ਫਸਵੀਂ ਟੱਕਰ ਹੋਈ। ਬਾਬਾ ਜੀ ਦੇ ਵਾਰ ਨਾਲ ਯਾਕੂਬ ਖਾਂ ਢੇਰੀ ਹੋ ਗਿਆ। ਤਕ ਅਸਮਾਨ ਖਾਂ ਜੰਗ ਦੇ ਮੈਦਾਨ ਵਿਚ ਆ ਗਿਆ। ਬਾਬਾ ਜੀ ਦੀ ਉਸ ਨਾਲ ਆਹਮੋ-ਸਾਹਮਣੇ ਟੱਕਰ ਹੋ ਗਈ। ਇਕ ਸਾਂਝੇ ਵਾਰ ਵਿਚ ਅਸਮਾਨ ਖਾਂ ਮਾਰਿਆ ਗਿਆ। ਬਾਬਾ ਜੀ ਦੀ ਗਰਦਨ ਤੇ ਡੂੰਘਾ ਫੱਟ ਲੱਗਾ। ਉਨ੍ਹਾਂ ਦੀ ਗਰਦਨ ਲਗਭਗ ਵੱਖ ਹੋਣ ਤੇ ਸੀ। ਬਾਬਾ ਜੀ ਨੇ ਖੱਬੇ ਹੱਥ ਦੀ ਟੇਕ ਨਾਲ ਸੀਸ ਨੂੰ ਸੰਭਾਲਿਆ ਅਤੇ ਸੱਜੇ ਹੱਥ ਨਾਲ ਖੰਡਾ ਖੜਕਾਉਂਦੇ ਲੜਦੇ ਗਏ। ਦੁਸ਼ਮਣਾਂ ਦੇ ਆਹੂ ਲਾਹੁੰਦੇ ਗਏ। ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਤੱਕ ਜਾ ਪਹੁੰਚੇ। ਬਾਬਾ ਜੀ 15 ਨਵੰਬਰ 1757 ਨੂੰ ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਸ਼ਹੀਦੀ ਪਾ ਗਏ।

ਬਾਬਾ ਜੀ ਇਕ ਸੰਜਮੀ ਯੋਧੇ ਸਨ। ਦੁਸ਼ਮਣ ਉਨ੍ਹਾਂ ਦੀ ਬਹਾਦਰੀ ਤੋਂ ਥਰ ਥਰ ਕੰਬਦੇ ਸਨ। ਉਨ੍ਹਾਂ ਨੂੰ ਆਪਣੀ ਬਹਾਦਰੀ ਦਾ ਹੰਕਾਰ ਨਹੀਂ ਸੀ। ਉਹ ਆਪਣੇ ਸਾਥੀ ਸਿੰਘਾਂ ਨਾਲ ਹਰਿਮੰਦਰ ਸਾਹਿਬ ਜੀ ਦੀ ਮਰਯਾਦਾ ਨੂੰ ਬਹਾਲ ਰੱਖਣ ਲਏ ਸ਼ਹੀਦ ਹੋਏ। ਉਹ ਬਹਾਦਰ ਅਤੇ ਦਲੇਰ ਸ਼ਹੀਦ ਵਜੋਂ ਯਾਦ ਕੀਤੇ ਜਾਂਦੇ ਹਨ। ਉਨ੍ਹਾਂ ਨੇ ਕੌਮ ਨੂੰ ਜੁਲਮ ਦੇ ਵਿਰੁਧ ਲੜਦੇ ਰਹਿਣ ਲਈ ਉਤਸ਼ਾਹਤ ਕੀਤਾ। ਉਨ੍ਹਾਂ ਦਾ ਯਾਦ ਵਿਚ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਾਲੀ ਛੱਤ ਤੇ ਜਿੱਥੇ ਉਨ੍ਹਾਂ ਨੇ ਆਪਣਾ ਸੀਸ ਭੇਟ ਕੀਤਾ, ਗੁਰਦੁਆਰਾ ਸਾਹਿਬ ਹੈ। ਦੂਜਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਸ਼ਹੀਦ ਗੁਰਦੁਆਰਾ ਰਾਮਸਰ ਦੇ ਨੇੜੇ ਜਿੱਥੇ ਦੇਹ ਸਸਕਾਰ ਹੋਇਆ ਸੁਸ਼ੋਭਿਤ ਹੈ। ਬਾਬਾ ਜੀ ਦਾ ਦੋਧਾਰੀ ਖੰਡਾ ਅਕਾਲ ਤਖਤ ਸਾਹਿਬ ਜੀ ਦੇ ਸਸਤਰਾਂ ਵਿਚ ਸੰਭਾਲਿਆ ਪਿਆ ਹੈ। ਹਰ ਰੋਜ਼ ਸ਼ਾਮ ਨੂੰ ਸ਼ਸਤਰਾਂ ਦੇ ਦਰਸ਼ਨ ਬੜੀ ਸ਼ਰਧਾ ਭਾਵਨਾ ਨਾਲ ਸੰਗਤਾਂ ਨੂੰ ਕਰਵਾਏ ਜਾਂਦੇ ਹਨ।

ਅੰਤਿਕਾ : ਹੇ ਭਾਈ ਜੇ ਤੈਨੂੰ ਪ੍ਰਭੂ ਦੀ ਖੇਡ ਖੇਡਣ ਦਾ ਸ਼ੌਕ ਹੈ ਤਾਂ ਆਪਣਾ ਸਿਰ ਤਲੀ ’ਤੇ ਰੱਖ ਕੇ ਮੇਰੀ ਗਲੀ ਵਿਚ ਆ। ਲੋਕ ਲਾਜ਼ ਨੂੰ ਛੱਡ ਕੇ, ਹਉਮੈ ਦੂਰ ਕਰਕੇ ਆ। ਪ੍ਰਭੂ ਪ੍ਰੀਤ ਦੇ ਇਸ ਰਸਤੇ ’ਤੇ ਤਦੇ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਂ ਕੀਤਾ ਜਾਵੇ, ਪਰ ਕੋਈ ਝਿਜਕ ਨਾਂਹ ਕੀਤੀ ਜਾਵੇ। ਜਦੋਂ ਬਿਨਾਂ ਝਿਜਕ ਦੇ ਲੋਕ ਲਾਜ਼ ਅਤੇ ਹਉਮੈ ਛੱਡੀ ਜਾਵੇ। ਅੰਗ-1412

***

## ਅਮਰੀਕਾ ਵਿਚ ਆਰਥਿਕ ਮੰਦੀ ਦਾ

ਭਾਈਵਾਲਾਂ ਦੇ ਨਾਲ ਮੁਲਾਕਾਤ ਕਰਦਾ ਹਾਂ ਕੁਝ ਚੀਜ਼ਾਂ ਬਿਲਕੁਲ ਸਪੱਸ਼ਟ ਹੋ ਗਈਆਂ ਹਨ। ਪਹਿਲੀ ਗੱਲ ਇਹ ਹੈ ਕਿ ਗ੍ਰਾਹਕਾਂ ਨੇ ਮਹਾਂਮਾਰੀ ਦੇ ਦੌਰਾਨ ਡਿਜੀਟਲ ਸਮੱਗਰੀ ’ਤੇ ਆਪਣੇ ਖਰਚਿਆਂ ਵਿੱਚ ਤੇਜ਼ੀ ਨਾਲ ਵਾਧਾ ਕਰ ਲਿਆ ਸੀ, ਪਰ ਹੁਣ ਗ੍ਰਾਹਕ ਇਸ ਨੂੰ ਬਦਲ ਰਹੇ ਹਨ। ਅਸੀਂ ਇਹ ਵੀ ਦੇਖ ਰਹੇ ਹਾਂ ਕਿ ਦੁਨੀਆ ਭਰ ਦੇ ਵੱਖ-ਵੱਖ ਸੈਕਟਰਾਂ ਦੀਆਂ ਕੰਪਨੀਆਂ ਦੇ ਵੱਲੋਂ ਬਹੁਤ ਧਿਆਨ ਦੇ ਨਾਲ ਕਦਮ ਚੁੱਕੇ ਜਾ ਰਹੇ ਹਨ। ਕੰਪਨੀਆਂ ਅਜਿਹਾ ਇਸ ਲਈ ਕਰ ਰਹੀਆਂ ਹਨ ਕਿਉਂਕਿ ਕਈ ਦੇਸ਼ਾਂ ਵਿੱਚ ਮੰਦੀ ਆ ਚੁੱਕੀ ਹੈ ਅਤੇ ਕਈ ਹੋਰ ਦੇਸ਼ਾਂ ਵਿੱਚ ਵੀ ਇਸ ਦੇ ਆਉਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਇਸ ਦੇ ਨਾਲ ਹੀ ਏਆਈ ਵਿੱਚ ਤਰੱਕੀ ਦੇ ਨਾਲ ਕੰਪਿਊਟਿੰਗ ਦੀ ਇੱਕ ਨਵੀਂ ਲਹਿਰ ਵੀ ਸ਼ੁਰੂ ਹੋ ਰਹੀ ਹੈ। ਅਸੀਂ ਦੁਨੀਆ ਦੇ ਸਭ ਤੋਂ ਉੱਨਤ ਮਾਡਲ ਨੂੰ ਇੱਕ ਨਵੇਂ ਕੰਪਿਊਟਿੰਗ ਪਲੇਟਫਾਰਮ ਵਿੱਚ ਬਦਲਣ ਦੇ ਰਾਹ ’ਤੇ ਆ ਗਏ ਹਾਂ। ਇਨ੍ਹਾਂ ਚੀਜ਼ਾਂ ਦੇ ਆਧਾਰ ’ਤੇ ਸਾਨੂੰ ਇੱਕ ਕੰਪਨੀ ਦੇ ਰੂਪ ਵਿੱਚ ਨਤੀਜੇ ਪ੍ਰਦਾਨ ਕਰਨ ਦੇ ਨਾਲ-ਨਾਲ ਲੰਬੇ ਸਮੇਂ ਦੇ ਟੀਚਿਆਂ ਲਈ ਨਿਵੇਸ਼ ਕਰਨਾ ਜਾਰੀ ਹੀ ਰੱਖਣਾ ਹੋਵੇਗਾ। ਮੈਨੂੰ ਯਕੀਨ ਹੈ ਕਿ ਮਾਈਕ੍ਰੋਸਾਫਟ ਇਸ ਸਥਿਤੀ ਤੋਂ ਮਜ਼ਬੂਤੀ ਨਾਲ ਬਾਹਰ ਆ ਜਾਵੇਗਾ, ਪਰ ਇਸ ਦੇ ਲਈ ਸਾਨੂੰ 3 ਤਰਜੀਹਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੁਝ ਫੈਸਲੇ ਲੈਣੇ ਪੈਣਗੇ।

## ਪੰਜਾਬ ਦੇ ਮੌਜੂਦਾ ਹਾਲਾਤ

ਨਕੋਦਰ ਵਿੱਚ ਇੱਕ ਕੱਪੜਾ ਵਪਾਰੀ ਅਤੇ ਉਸਦੇ ਗੰਨਮੈਨ ਦੀ ਹੱਤਿਆ ਕਰ ਦਿੱਤੀ ਗਈ। ਉਸ ਤੋਂ 30 ਲੱਖ ਰੁਪਏ ਦੀ ਫਿਰੌਤੀ ਮੰਗੀ ਗਈ ਸੀ। ਜਦੋਂ ਉਸ ਨੂੰ ਗੰਨਮੈਨ ਦਿੱਤਾ ਗਿਆ ਤਾਂ ਉਸ ਨੂੰ ਫ਼ੋਨ ਆਇਆ ਕਿ ‘ਪੁਲਿਸ ਤੈਨੂੰ ਕਦੋਂ ਤੱਕ ਬਚਾਏਗੀ ?’ ਦੋ ਬਾਈਕ ਸਵਾਰ ਬਦਮਾਸ਼ਾਂ ਨੇ ਉਸ ਦੀ ਦੁਕਾਨ ਦੇ ਬਾਹਰ ਹੀ ਉਸ ਦਾ ਕਤਲ ਕਰ ਦਿੱਤਾ। ਨਤੀਜਾ ਇਹ ਹੈ ਕਿ ਵਪਾਰੀ ਵਰਗ ਬਹੁਤ ਘਬਰਾ ਗਿਆ ਹੈ। ਕਈਆਂ ਨੂੰ ਫਿਰੌਤੀ ਦੀ ਮੰਗ ਕਰਨ ਵਾਲੇ ਫੋਨ ਆ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਲਈ ਚੁਣੌਤੀ ਕਈ ਤਰ੍ਹਾਂ ਦੀ ਹੈ। ਵੱਡੀ ਸਮੱਸਿਆ ਆਰਥਿਕ ਵਿਵਸਥਾ ਦੀ ਹੈ। ਕਰਜ਼ਾ 3 ਲੱਖ ਕਰੋੜ ਨੂੰ ਪਾਰ ਕਰ ਗਿਆ ਹੈ। ਲੋਕ ਮੁਫ਼ਤ ਮਿਲਣ ਵਾਲੀਆਂ ਸਹੂਲਤਾਂ ਤੋਂ ਖੁਸ਼ ਹਨ ਪਰ ਸੂਬੇ ਦੀ ਮਾਲੀ ਹਾਲਤ ਬਦ ਤੋਂ ਬਦਤਰ ਹੋ ਗਈ ਹੈ। ਅੰਦਾਜ਼ਾ ਹੈ ਕਿ ਹਰ ਪੰਜਾਬੀ ਸਿਰ 1 ਲੱਖ ਤੋਂ ਵੱਧ ਦਾ ਕਰਜ਼ਾ ਹੈ। ਖੇਤੀ ਲਾਹੇਵੰਦ ਨਹੀਂ ਰਹੀ, ਜਿਸ ਦਾ ਪ੍ਰਗਟਾਵਾ ਲੰਬੀ ਕਿਸਾਨ ਹੜਤਾਲ ਤੋਂ ਵੀ ਹੁੰਦਾ ਹੈ। ਨੌਜਵਾਨ ਕਾਹਲੀ ਵਿੱਚ ਵਿਦੇਸ਼ਾਂ ਨੂੰ ਭੱਜ ਰਹੇ ਹਨ। ਘਰਾਂ ’ਤੇ ਲਟਕਦੇ ਤਾਲੇ ਦਰਸਾਉਂਦੇ ਹਨ ਕਿ ਇੱਥੇ ਇੱਕ ਵੱਡੀ ਸਮਾਜਿਕ ਸਮੱਸਿਆ ਹੈ। ਕੇਂਦਰ ਦੀ ਨਜ਼ਰ-ਏ-ਇਨਾਇਤ ਇੱਥੇ ਵੀ ਨਹੀਂ ਹੈ। ਭਾਖੜਾ ਡੈਮ ਅਤੇ ਚੰਡੀਗੜ੍ਹ ਤੋਂ ਬਾਅਦ ਕੋਈ ਵੱਡਾ ਪ੍ਰਾਜੈਕਟ ਨਹੀਂ ਮਿਲਿਆ ਪਰ ਕੇਂਦਰੀ ਮੰਤਰੀ ਪਿਊਸ਼ ਗੋਇਲ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਟੈਕਸਟਾਈਲ ਪਾਰਕ ਬਣਾਇਆ ਜਾਣਾ ਸੀ ਪਰ ਪੰਜਾਬ ਸਰਕਾਰ ਨੇ ਜ਼ਮੀਨ ਨਹੀਂ ਦਿੱਤੀ ਅਤੇ ਅਰਜ਼ੀ ਵਾਪਸ ਲੈ ਲਈ। ਇਹ ਪਾਰਕ ਲੁਧਿਆਣਾ ਨੇੜੇ ਸਤਲੁਜ ਦੇ ਕੰਢੇ ਇੱਕ ਰਿਜ਼ਰਵ ਜੰਗਲ ਵਿੱਚ ਬਣਾਇਆ ਜਾਣਾ ਸੀ, ਪਰ ਵਾਤਾਵਰਨ ਪ੍ਰੇਮੀਆਂ ਦੇ ਇਤਰਾਜ਼ਾਂ ਤੋਂ ਬਾਅਦ ਸਰਕਾਰ ਪਿੱਛੇ ਹਟ ਗਈ। ਪਰ ਸਰਕਾਰ ਬਦਲਵੀਂ ਥਾਂ ਕਿਉਂ ਨਹੀਂ ਦੇ ਸਕੀ ? ਜੇਕਰ ਅਸੀਂ ਉਦਯੋਗ ਚਾਹੁੰਦੇ ਹਾਂ, ਤਾਂ ਸਾਨੂੰ ਸਰਗਰਮ ਹੋਣਾ ਪਵੇਗਾ ਕਿਉਂਕਿ ਰਾਜ ਅਜਿਹੇ ਪ੍ਰੋਜੈਕਟਾਂ ਨੂੰ ਹਥਿਆਉਣ ਲਈ ਮੁਕਾਬਲਾ ਕਰ ਰਹੇ ਹਨ। ਉਂਝ, ਕਾਨੂੰਨ ਵਿਵਸਥਾ ਦੀ ਵਿਗੜ ਰਹੀ ਸਥਿਤੀ ਭਗਵੰਤ ਮਾਨ ਅਤੇ ਉਨ੍ਹਾਂ ਦੀ ਸਰਕਾਰ ਲਈ ਨਵੀਂ ਚੁਣੌਤੀ ਹੈ। ਉਨ੍ਹਾਂ ਨੂੰ ਹਰ ਖੇਤਰ ਵਿੱਚ ਸਰਗਰਮ ਹੋਣਾ ਪਵੇਗਾ। ਹਰ ਕਿਸੇ ਨੂੰ ਖੁਸ਼ ਰੱਖਣ ਦੀ ਕੋਸ਼ਿਸ਼ ਵਿੱਚ, ਇਹ ਨਹੀਂ ਹੋਣਾ ਚਾਹੀਦਾ ਕਿ ਇਹ ਕਿਸੇ ਨੂੰ ਸੰਤੁਸ਼ਟ ਨਾ ਰੱਖ ਸਕੇ। ਉਸ ਨੂੰ ਆਪਣਾ ਨਰਮ ਅਕਸ ਬਦਲਣਾ ਪਵੇਗਾ। ਚਿੰਤਾ ਨਾ ਕਰੋ ਜੇਕਰ ਤੁਸੀਂ ਕੁਝ ਉਪ ਚੋਣਾਂ ਹਾਰ ਜਾਂਦੇ ਹੋ ਤਾਂ ਤੁਹਾਡੇ ਕੋਲ 92 ਵਿਧਾਇਕ ਹਨ। ਕੋਈ ਅੰਦਰੂਨੀ ਚੁਣੌਤੀ ਨਹੀਂ। ਉਸ ਨੇ ਉਹ ਕਰਨਾ ਹੈ ਜੋ ਸੂਬੇ ਦੇ ਹਿੱਤ ਵਿੱਚ ਹੈ, ਸਭ ਕੁਝ ਰਾਜਨੀਤੀ ਨਹੀਂ ਹੈ। ਪੰਜਾਬ ਪਹਿਲਾਂ ਵੀ ਦੂਸਰੇ ਰਾਜਨੀਤਿਕ ਦਲਾਂ ਨੂੰ ਅਜ਼ਮਾ ਚੁੱਕਾ ਹੈ ਅਤੇ ਅੱਜ ਜੋ ਪੰਜਾਬ ਦੇ ਮਾੜੇ ਹਾਲਾਤ ਹਨ ਤਾਂ ਇਨ੍ਹਾਂ ਪਾਰਟੀਆਂ ਕਰਕੇ ਹੀ ਹੋਏ ਹਨ। ਭਗਵੰਤ ਮਾਨ ਦੀ ਜ਼ਿੰਮੇਵਾਰੀ ਬਹੁਤ ਵੱਡੀ ਹੈ। ਉਨ੍ਹਾਂ ਦੀ ਸਰਕਾਰ ਦੀ ਕਾਮਯਾਬੀ ਪੰਜਾਬ ਦੇ ਭਵਿੱਖ ਲਈ ਬਹੁਤ ਜ਼ਰੂਰੀ ਹੈ।

***

## ਅਨੰਦ ਮੈਰਿਜ ਐਕਟ ਨੂੰ ਲਾਗੂ

ਲਾਲਪੁਰਾ ਨੇ ਅਫ਼ਸੋਸ ਪ੍ਰਗਟਾਉਂਦਿਆਂ ਕਿਹਾ ਕਿ ਹਾਲੇ ਤੱਕ ਸਿਰਫ਼ ਤਿੰਨ ਸੂਬਿਆਂ ਕੇਰਲ, ਦਿੱਲੀ ਅਤੇ ਮੱਧ ਪ੍ਰਦੇਸ਼ ‘ਵਿਚ ਇਹ ਕਾਨੂੰਨ ਲਾਗੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੇਰਲ, ਜਿਥੇ ਸਿੱਖਾਂ ਦੀ ਨਿਗੁਣੀ ਗਿਣਤੀ ਹੈ, ਦੇਸ਼ ‘ਚ ਇਹ ਕਾਨੂੰਨ ਲਾਗੂ ਕਰਨ ਵਾਲਾ ਪਹਿਲਾ ਰਾਜ ਸੀ ।।ਲਾਲਪੁਰਾ ਨੇ ਕਿਹਾ ਕਿ ਪੰਜਾਬ, ਜਿਥੇ ਸਿੱਖਾਂ ਦੀ ਬਹੁਤਾਤ ਹੈ, ‘ਚ ਮੈਰਿਜ ਸਰਟੀਫਿਕੇਟ ਜਾਰੀ ਕਰਨ ਲਈ ਸਿਰਫ਼ ਇਕ ਪ੍ਰੋਫਾਰਮਾ ਹੀ ਭੇਜਿਆ ਗਿਆ ।ਜ਼ਿਕਰਯੋਗ ਹੈ ਕਿ ਕਮਿਸ਼ਨ ਵਲੋਂ 14 ਦਸੰਬਰ ਨੂੰ ਸਾਰੀਆਂ ਸੂਬਾ ਸਰਕਾਰਾਂ ਨੂੰ ਆਪੋ-ਆਪਣੇ ਰਾਜ ‘ਚ ਅਨੰਦ ਮੈਰਿਜ ਐਕਟ ਨੂੰ ਨੋਟੀਫਾਈ ਕਰਨ ਦੀ ਅਪੀਲ ਕੀਤੀ ਸੀ। ਜਿਸ ‘ਚ ਪੰਜਾਬ ਵਲੋਂ ਉਸ ਨੂੰ ਖਾਸਾ ਹਾਂ-ਪੱਖੀ ਹੁੰਗਾਰਾ ਨਹੀਂ ਮਿਲਿਆ । ਜਦਕਿ ਹਰਿਆਣਾ ਅਤੇ ਉਤਰਾਖੰਡ ਸਰਕਾਰ ਨੇ ਛੇਤੀ ਹੀ ਇਹ ਕਾਨੂੰਨ ਲਾਗੂ ਕਰਨ ਦਾ ਭਰੋਸਾ ਦੁਆਇਆ ਹੈ।

***

## ਕੈਲੀਫੋਰਨੀਆ ’ਚ ਦੋ ਥਾਈਂ ਗੋਲੀਬਾਰੀ

ਗੋਲੀ ਲੱਗਣ ਨਾਲ ਮੌਤ ਹੋ ਗਈ ਅਤੇ ਪੰਜਵਾਂ ਜ਼ਖਮੀ ਵਿਅਕਤੀ ਮਿਲਿਆ। ਇਸ ਤੋਂ ਥੋੜ੍ਹੀ ਦੇਰ ਬਾਅਦ, ਅਧਿਕਾਰੀਆਂ ਨੇ ਨਜ਼ਦੀਕੀ ਇੱਕ ਦੂਜੇ ਸਥਾਨ @ਤੇ ਤਿੰਨ ਹੋਰ ਲੋਕਾਂ ਨੂੰ ਗੋਲੀ ਲੱਗਣ ਕਾਰਨ ਮਰੇ ਹੋਏ ਪਾਇਆ। ਇੱਕ ਸ਼ੈਰਿਫ ਦੇ ਡਿਪਟੀ ਨੇ ਹਾਫ ਮੂਨ ਬੇ ਵਿੱਚ ਇੱਕ ਸ਼ੈਰਿਫ ਦੇ ਸਟੇਸ਼ਨ @ਤੇ ਸ਼ੱਕੀ, ਝਾਓ ਨੂੰ ਆਪਣੀ ਕਾਰ ਵਿੱਚ ਦੇਖਿਆ। ਉਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਅਤੇ ਉਸ ਦੀ ਗੱਡੀ ਵਿਚੋਂ ਇਕ ਹਥਿਆਰ ਬਰਾਮਦ ਹੋਇਆ। ਸ਼ੈਰਿਫ ਵਿਭਾਗ ਦਾ ਮੰਨਣਾ ਹੈ ਕਿ ਉਸਨੇ ਇਕੱਲੇ ਕੰਮ ਕੀਤਾ। ਕਾਂਗਰਸਮੈਨ ਸੇਨ ਜੋਸ਼ ਬੇਕਰ ਨੇ ਕਿਹਾ ,ਅਸੀਂ ਅਜੇ ਵੀ ਇਹ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਅਸਲ ਵਿੱਚ ਕੀ ਹੋਇਆ ਅਤੇ ਕਿਉਂ, ਪਰ ਇਹ ਸਿਰਫ਼ ਅਵਿਸ਼ਵਾਸ਼ਯੋਗ @ਤੇ ਦੁਖਦਾਈ ਹੈ। ਹਾਫ ਮੂਨ ਬੇ ਇੱਕ ਛੋਟਾ ਤੱਟਵਰਤੀ ਸ਼ਹਿਰ ਹੈ ਜਿਸ ਵਿੱਚ ਖੇਤੀਬਾੜੀ ਕਰਦੇ ਹੁਣ ਤੱਕ ਲਗਭਗ 12,000 ਲੋਕਾਂ ਦਾ ਘਰ ਹੈ। ਸ਼ਹਿਰ ਅਤੇ ਆਲੇ-ਦੁਆਲੇ ਦੇ ਸੈਨ ਮਾਟੇਓ ਕਾਉਂਟੀ ਖੇਤਰ ਫੁੱਲਾਂ ਦੇ ਨਾਲ-ਨਾਲ ਬ੍ਰਸੇਲ ਸਪਾਉਟ ਵਰਗੀਆਂ ਸਬਜ਼ੀਆਂ ਪੈਦਾ ਕਰਨ ਲਈ ਜਾਣਿਆ ਜਾਂਦਾ ਹੈ ਤੇ ਇਸ ਦੇ ਨਾਲ ਹੀ ਕਾਉਂਟੀ ਕੁਝ ਖੇਤਰਾਂ ਵਿੱਚ ਭੰਗ ਦੀ ਖੇਤੀ ਦੀ ਆਗਿਆ ਵੀ ਦਿੰਦਾ ਹੈ। ਜਨਗਣਨਾ ਦੇ ਅੰਕੜਿਆਂ ਅਨੁਸਾਰ, ਇਹ ਬਹੁਗਿਣਤੀ ਗੋਰਾ ਭਾਈਚਾਰਾ ਹੈ ਅਤੇ ਆਬਾਦੀ ਦਾ ਲਗਭਗ 5% ਏਸ਼ੀਆਈ ਹੈ। ਪਾਈਨ ਨੇ ਕਿਹਾ, ਅਸੀਂ ਹਾਫ ਮੂਨ ਬੇ ਵਿੱਚ ਅੱਜ ਦੀ ਤ੍ਰਾਸਦੀ ਤੋਂ ਦੁਖੀ ਹਾਂ ਇਹ ਬੰਦੂਕ ਦੀ ਹਿੰਸਾ ਬੰਦ ਹੋਣੀ ਚਾਹੀਦੀ ਹੈ। ਕੈਲੀਫੋਰਨੀਆ ਦੇ ਗਵਰਨਰ ਗੇਵਿਨ ਨਿਊਸਮ ਨੇ ਟਵੀਟ @ਚ ਕਿਹਾ, ਉਹ ÷ਇੱਕ ਸਮੂਹਿਕ ਗੋਲੀਬਾਰੀ ਦੇ ਪੀੜਤਾਂ ਨਾਲ ਹਸਪਤਾਲ ਦੀ ਮੀਟਿੰਗ ਵਿੱਚ ਸੀ ਜਦੋਂ ਮੈਨੂੰ ਇਸ ਹੋਰ ਗੋਲੀਬਾਰੀ ਬਾਰੇ ਜਾਣਕਾਰੀ ਮਿਲੀ।

***

## ਨਕੋਦਰ ਬੇਅਦਬੀ ਕਾਂਡ

ਬਾਪੂ ਬਲਦੇਵ ਸਿੰਘ ਜੀ ਨੇ ਦੱਸਿਆ ਕਿ ਇਨ ਾਂ ਚਾਰੇ ਸ਼ਹੀਦਾਂ ਦੀ ਯਾਦ ਵਿੱਚ 4 ਫ਼ਰਵਰੀ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਮੂਹ ਵਿਖੇ ਸਥਿਤ ਗੁ: ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ ਵਿਖੇ ਅਖੰਡ ਪਾਠ ਸਾਹਿਬ ਜੀ ਦੀ ਭੋਗ ਪਾਏ ਜਾਣਗੇ। ਇਸੇ ਲੜੀ ਤਹਿਤ 5 ਫਰਵਰੀ ਨੂੰ ਅਮਰੀਕਾ ਦੇ ਗੁਰਦਵਾਰਾ ਸਾਹਿਬ ਸੈਨ ਹੋਜ਼ੇ ਵਿਖੇ ਭੋਗ ਪਾਏ ਜਾਣਗੇ। ਇਸੇ ਦਿਨ ਹੀ ਫਰਾਂਸ ਦੇ ਗੁਰਦਵਾਰਾ ਸਿੰਘ ਸਭਾ ਬੋਬੀਨੀ ਵਿੱਚ ਵੀ ਸ਼ਹੀਦੀ ਸਮਾਗਮ ਕੀਤਾ ਜਾਵੇਗਾ। ਸ਼ਹੀਦ ਭਾਈ ਰਵਿੰਦਰ ਸਿੰਘ ਜੀ ਦੇ ਨਕੋਦਰ ਨੇੜਲੇ ਪਿੰਡ ਲਿੱਤਰਾਂ ਵਿਚ 5 ਫਰਵਰੀ ਨੂੰ ਭੋਗ ਪਾਏ ਜਾਣਗੇ। ਉਨ ਾਂ ਦੱਸਿਆ ਕਿ 12 ਫਰਵਰੀ ਨੂੰ ਕੈਲੀਫੋਰਨੀਆ ਦੇ ਸ਼ਹਿਰ ਫਰੀਮੌਂਟ ਦੇ ਗੁਰਦਵਾਰਾ ਸਾਹਿਬ ਵਿੱਚ ਭੋਗ ਪਾਏ ਜਾਣਗੇ।

***

## 51 ਕੈਦੀਆਂ ਦੀ ਰਿਹਾਈ 26 ਜਨਵਰੀ

ਇਲਾਵਾ ਬਿਮਾਰ ਤੇ ਅਪਾਹਜ ਕੈਦੀਆਂ ਨੂੰ ਵੀ ਸਕੀਮ ਹੇਠ ਸਜ਼ਾ ਵਿਚ ਛੋਟ ਦੇਣਾ ਸ਼ਾਮਿਲ ਹੈ। ਲੇਕਿਨ ਦਿਲਚਸਪ ਗੱਲ ਇਹ ਹੈ ਕਿ ਇਸ ਵਾਰ ਵੀ ਸੂਬੇ ਦੇ ਗ੍ਰਹਿ ਵਿਭਾਗ ਨੂੰ ਸਕੀਮ ਹੇਠ 2-3 ਮਹੀਨੇ ਪਹਿਲਾਂ 51 ਉਨ੍ਹਾਂ ਕੈਦੀਆਂ ਦੀ ਸੂਚੀ ਦੇ ਦਿੱਤੀ ਗਈ ਸੀ, ਜੋ ਸ਼ਰਤਾਂ ਪੂਰੀਆਂ ਕਰਦੇ ਸਨ ਅਤੇ ਇਨ੍ਹਾਂ ਕੈਦੀਆਂ ਵਿਚ ਹੀ ਨਵਜੋਤ ਸਿੰਘ ਸਿੱਧੂ ਵੀ ਸ਼ਾਮਿਲ ਸਨ, ਲੇਕਿਨ ਰਾਜ ਸਰਕਾਰ ਵਲੋਂ ਇਸ ਸੂਚੀ ਨੂੰ ਵੀ ਪ੍ਰਵਾਨਗੀ ਨਹੀਂ ਦਿੱਤੀ ਗਈ। ਸਰਕਾਰੀ ਪੱਧਰ ‘ਤੇ ਇਸ ਸੂਚੀ ਨੂੰ ਪ੍ਰਵਾਨਗੀ ਨਾ ਦੇਣ ਦਾ ਕੋਈ ਕਾਰਨ ਵੀ ਨਹੀਂ ਦੱਸਿਆ ਜਾ ਰਿਹਾ।

## ਅਮਰੀਕਾ ਤੋਂ ਪ੍ਰਵਾਸੀ ਸਿੱਖ ਮਿਹਰਬਾਨ ਸਿੰਘ

ਮਿਹਰਬਾਨ ਸਿੰਘ ਦਾ ਕਹਿਣਾ ਹੈ ਕਿ ਪ੍ਰਵਾਸੀ ਪੰਜਾਬੀਆਂ ਨੂੰ ਪੰਜਾਬ ਵਿਚ ਸਨਅਤ ਤੇ ਕਾਰੋਬਾਰ ਲਿਆਉਣੇ ਚਾਹੀਦੇ ਹਨ ਤਾਂ ਜੋ ਪੰਜਾਬ ਵਿਚ ਪੰਜਾਬੀ ਯੂਥ ਨੂੰ ਵਧੀਆ ਰੁਜ਼ਗਾਰ ਮਿਲ ਸਕੇ। ਸਰਕਾਰ ਨੂੰ ਇਸ ਸੰਬੰਧ ਵਿਚ ਪ੍ਰਵਾਸੀ ਪੰਜਾਬੀਆਂ ਨੂੰ ਵਪਾਰ ਕਰਨ ਲਈ ਵਧੀਆ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ ਤਾਂ ਜੋ ਉਹ ਪੰਜਾਬ ਵਿਚ ਨਿਵੇਸ਼ ਕਰਨ ਤਾਂ ਜੋ ਪੰਜਾਬ ਨੂੰ ਆਰਥਿਕ ਤੌਰ ਉਪਰ ਮਜ਼ਬੂਤ ਬਣਾਇਆ ਜਾ ਸਕੇ। ਮਿਹਰਬਾਨ ਸਿੰਘ ਨੇ ਕਿਹਾ ਕਿ ਪੰਜਾਬ ਵਿਚੋਂ ਪੜ੍ਹੇ ਲਿਖੇ ਨੌਜਵਾਨਾਂ ਦਾ ਬਾਹਰਲੇ ਮੁਲਕਾਂ ਨੂੰ ਜਾਣ ਦਾ ਲਗਾਤਾਰ ਵਧ ਰਿਹਾ ਰੁਝਾਨ ਸਾਡੇ ਸਾਰਿਆਂ ਲਈ ਖ਼ਾਸਕਰ ਸਰਕਾਰਾਂ ਲਈ ਇਕ ਮੰਥਨ ਕਰਨ ਵਾਲਾ ਵਿਸ਼ਾ ਹੈ। ਉਹ ਆਖਦੇ ਹਨ ਕਿ ਜਿਨ੍ਹਾਂ ਮੁਲਕਾਂ ਨੇ ਆਪਣੇ ਦੇਸ਼ ਦੇ ਨੌਜਵਾਨਾਂ ਨੂੰ ਮਿਆਰੀ ਸਿੱਖਿਆ ਦੇ ਨਾਲ ਨਾਲ ਚੰਗੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਹਨ, ਉਹ ਅੱਜ ਵਿਕਸਿਤ ਦੇਸ਼ਾਂ ਦੀ ਮੋਹਰਲੀ ਕਤਾਰ ਵਿੱਚ ਹਨ। ਉਨ੍ਹਾਂ ਕਿਹਾ ਕਿ ਭਾਰਤ ਤੇ ਖਾਸ ਕਰਕੇ ਪੰਜਾਬ ਵਿੱਚ ਮਿਆਰੀ ਸਿੱਖਿਆ ਤੇ ਸਿਹਤ ਸੇਵਾਵਾਂ ਲਈ ਠੋਸ ਯੋਜਨਾਵਾਂ ਦੀ ਬਹੁਤ ਵੱਡੀ ਘਾਟ ਹੈ। ਸਿੱਖਿਆ ਪ੍ਰਾਪਤ ਕਰ ਲੈਣ ਤੋਂ ਬਾਅਦ ਵੀ ਨੌਜਵਾਨਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ। ਜਿੰਨੀ ਤੇਜ਼ੀ ਨਾਲ ਨੌਜਵਾਨ ਵਰਗ ਪਰਵਾਸ ਕਰ ਰਿਹਾ ਹੈ, ਉਸ ਦੇ ਮੱਦੇਨਜ਼ਰ ਪੰਜਾਬ ਵਿੱਚ ਨੌਜਵਾਨ ਪੀੜ੍ਹੀ ਦੀ ਗਿਣਤੀ ਘਟਣ ਦਾ ਖ਼ਦਸ਼ਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪੈਸੇ ਦੀ ਗੱਲ ਕਰੀਏ ਤਾਂ ਹਰ ਸਾਲ ਲਗਭਗ 1.45 ਲੱਖ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਾਈ ਲਈ 25 ਅਰਬ 30 ਕਰੋੜ ਰੁਪਏ ਖਰਚ ਕਰਦੇ ਹਨ। 80 ਫੀਸਦੀ ਮਾਪੇ ਬਾਰ੍ਹਵੀਂ ਤੋਂ ਬਾਅਦ ਬੱਚਿਆਂ ਨੂੰ ਵਿਦੇਸ਼ ਭੇਜਣ ਦੇ ਇੱਛੁਕ ਹਨ ਅਤੇ 90 ਫੀਸਦੀ ਵਿਦਿਆਰਥੀ ਪੰਜਾਬ ਦੀ ਬਜਾਏ ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ, ਅਮਰੀਕਾ, ਯੂਰਪੀ ਅਤੇ ਹੋਰ ਦੇਸ਼ਾਂ ਵਿੱਚ ਜਾਣ ਦੇ ਪੱਖ ਵਿੱਚ ਹਨ। ਉਹ ਆਖਦੇ ਹਨ ਕਿ ਪੰਜਾਬ ਦੇ ਬਜਟ ਦਾ ਲਗਭਗ 17 ਫੀਸਦੀ ਹਿੱਸਾ ਹਰ ਸਾਲ ਮਾਪਿਆਂ ਵੱਲੋਂ ਬੱਚਿਆਂ ਦੀ ਪੜ੍ਹਾਈ ਲਈ ਦੂਜੇ ਦੇਸ਼ਾਂ ਵਿੱਚ ਭੇਜਿਆ ਜਾ ਰਿਹਾ ਹੈ। ਸਰਕਾਰ ਨੂੰ ਪੜ੍ਹੇ ਲਿਖੇ ਕਾਬਿਲ ਬੱਚਿਆਂ ਨੂੰ ਦੇਸ਼ ਵਿੱਚ ਰੱਖਣ ਲਈ ਭਰਵੇਂ ਉਪਰਾਲੇ ਕਰਨੇ ਚਾਹੀਦੇ ਹਨ ਤੇ ਰੁਜ਼ਗਾਰ ਲਈ ਪ੍ਰਵਾਸੀ ਪੰਜਾਬੀਆਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਦੇਸ਼ ਵਿੱਚੋਂ ਬਰੇਨ-ਡਰੇਨ ਨਾ ਹੋਵੇ।

****

## ਬ੍ਰਹਿਮੰਡ ਨੂੰ ਸੁਣਨ ਦੇ

ਲਗਭਗ 4 ਕਿਲੋਮੀਟਰ ਹੈ. ਗੁਰੂਤਾ ਤਰੰਗਾਂ ਨੂੰ ਫੜਨ ਲਈ LIGO ਨੂੰ ਇਸ 4 ਕਿਲੋਮੀਟਰ ਵਿੱਚ ਇੱਕ ਪ੍ਰੋਟੋਨ ਦੇ 10 ਹਜ਼ਾਰਵੇਂ ਹਿੱਸੇ ਤੱਕ ਦੇ ਆਏ ਫਰਕ ਨੂੰ ਮਾਪਣਾ ਪੈਂਦਾ ਹੈ। ਏਨੇ ਸੰਵੇਦਨਾਸ਼ੀਲ ਯੰਤਰ ਦਾ ਇੱਕ ਨੁਕਸਾਨ ਇਹ ਹੁੰਦਾ ਹੈ ਕਿ ਉਹ ਆਪਣੇ ਆਸ ਪਾਸ ਦੇ ਕੰਪਨ ਜਿਵੇਂ ਕਿ ਟ੍ਰੈਫ਼ਿਕ ਦਾ ਲੰਘਣਾ, ਦੂਰੋਂ ਲੰਘ ਰਹੀ ਰੇਲ, ਧਰਤੀ ਤੇ ਕਿਤੇ ਵੀ ਭੁਚਾਲ, ਮੌਸਮੀ ਹਰਕਤਾਂ ਆਦਿ ਨੂੰ ਵੀ ਫੜਨ ਲੱਗ ਜਾਂਦਾ ਹੈ। ਇਸੇ ਕਰਕੇ ਇਨ੍ਹਾਂ ਨੂੰ ਦੂਰ ਦੁਰਾਡੇ ਕਿਸੇ ਸ਼ਾਂਤ ਜਗ੍ਹਾ ਤੇ ਬਣਾਇਆ ਜਾਂਦਾ ਹੈ ਅਤੇ ਇਹ ਸਭ ਕੰਪਨਾਂ ਤੋਂ ਬਚਣ ਲਈ ਕਈ ਤਰੀਕੇ ਅਪਣਾਏ ਜਾਂਦੇ ਹਨ। ਏਥੋਂ ਤੱਕ ਕਿ ਪੂਰਾ ਯੰਤਰ ਖਲਾਅ ਵਿੱਚ ਕੰਮ ਕਰਦਾ ਹੈ। LHC ਤੋਂ ਬਾਅਦ ਇਹ ਦੁਨੀਆ ਦਾ ਸਭ ਤੋਂ ਵੱਡਾ ਖਲਾਅ ਵਿੱਚ ਕੰਮ ਕਰਨ ਵਾਲਾ ਉਪਕਰਣ ਹੈ। ਇਹ ਸਭ ਕਰਨ ਤੋਂ ਬਾਅਦ ਵੀ ਕਿਸੇ ਕਿਸਮ ਦੀ ਗੜਬੜੀ ਤੋਂ ਬਚਣ ਲਈ, ਹਮੇਸ਼ਾ ਘੱਟੋ-ਘੱਟ 2 LIGO ਉਪਕਰਣਾਂ ਦੇ ਡਾਟਾ ਨੂੰ ਮਿਲਾ ਕੇ ਦੇਖਿਆ ਜਾਂਦਾ ਹੈ ਤਾਂਕਿ ਕਿਸੇ ਕਿਸਮ ਦੀ ਆਸ ਪਾਸ ਦੀ ਹਲਚਲ ਦੇ ਅਸਰ ਨੂੰ ਨਕਾਰਿਆ ਜਾਂ ਸਕੇ। ਇਸ ਸਮੇਂ ਪੂਰੀ ਦੁਨੀਆ ਵਿੱਚ LIGO ਪ੍ਰਯੋਗਸ਼ਾਲਾਵਾਂ ਚੱਲ ਰਹੀਆਂ ਹਨ। ਇਨ੍ਹਾਂ ਵਿੱਚੋਂ ਦੋ ਅਮਰੀਕਾ, ਇੱਕ ਜਰਮਨੀ, ਇੱਕ ਇਟਲੀ ਅਤੇ ਇੱਕ ਜਪਾਨ ਵਿੱਚ ਹਨ। ਛੇਵੀਂ ਪ੍ਰਯੋਗਸ਼ਾਲਾ ਭਾਰਤ ਦੇ ਮਹਾਰਾਸ਼ਟਰ ਪ੍ਰਦੇਸ਼ ਵਿੱਚ ਬਣ ਰਹੀ ਹੈ।

ਆਈਨਸਟਾਈਨ ਦੁਆਰਾ ਸਿਧਾਂਤ ਦਿੱਤੇ ਜਾਣ ਤੋਂ 100 ਸਾਲਾਂ ਬਾਅਦ, 14 ਸਤੰਬਰ, 2015 ਨੂੰ, ਦੁਆਰਾ ਗੁਰੂਤਾ ਤਰੰਗਾਂ ਦਾ ਪਹਿਲੀ ਵਾਰ ਪਤਾ ਲਗਾਇਆ ਗਿਆ। ਇਹ ਤਰੰਗਾਂ 1.3 ਖਰਬ ਸਾਲ ਪਹਿਲਾਂ ਦੋ ਬਲੈਕ ਹੋਲ ਦੇ ਟਕਰਾਉਣ ਤੇ ਪੈਦਾ ਹੋਈਆਂ ਸਨ। ਡਾਟਾ ਦੇ ਵਿਸ਼ਲੇਸ਼ਣ ਤੋਂ ਵਿਗਿਆਨੀਆਂ ਨੇ ਪਤਾ ਲਗਾਇਆ ਕਿ ਇੱਕ ਬਲੈਕ ਹੋਲ ਸੂਰਜ ਤੋਂ 36 ਗੁਣਾਂ ਤੇ ਦੂਸਰਾ 29 ਗੁਣਾਂ ਭਾਰਾ ਸੀ।

ਹੁਣ ਸਵਾਲ ਇਹ ਉੱਠ ਸਕਦਾ ਹੈ ਕਿ ਜੇ ਇਹ ਕੰਮ ਏਨਾ ਹੀ ਔਖਾ ਹੈ ਤਾਂ ਕਰਨਾ ਕਿਉਂ ? ਇਸਦੇ ਕਈ ਉੱਤਰ ਹਨ। ਸਭ ਤੋਂ ਪਹਿਲੀ ਗੱਲ ਗੁਰੂਤਾ ਤਰੰਗਾਂ ਤੇ ਰਸਤੇ ਵਿੱਚ ਆਉਣ ਵਾਲੀਆਂ ਅੜਚਨਾਂ ਦਾ ਕੋਈ ਫਰਕ ਨਹੀਂ ਪੈਂਦਾ। ਇਹ ਹਰ ਕਿਸਮ ਦੇ ਤਾਰੇ, ਗ੍ਰਹਿ, ਗਲੈਕਸੀ ਆਦਿ 'ਚੋਂ ਲੰਘ ਕੇ ਸਾਡੇ ਤੱਕ ਪਹੁੰਚ ਸਕਦੀਆਂ ਨੇ। ਪ੍ਰਕਾਸ਼ ਤਰੰਗਾਂ ਵਿੱਚ ਇਹ ਗੁਣ ਨਹੀਂ ਹੈ। ਬਲੈਕ ਹੋਲ, ਜਿਨ੍ਹਾਂ ਨੂੰ ਅਸੀਂ ਸਿੱਧੇ ਤਰੀਕੇ ਨਾਲ ਨਹੀਂ ਦੇਖ ਸਕਦੇ, ਗੁਰੂਤਾ ਤਰੰਗਾਂ ਕਰਕੇ ਉਨ੍ਹਾਂ ਦੇ ਟਕਰਾਅ ਅਤੇ ਨਵੇਂ ਬਲੈਕ ਹੋਲ ਨੂੰ ਦੇਖਣ ਅਤੇ ਘੋਗਣ ਦਾ ਇੱਕ ਹੋਰ ਤਰੀਕਾ ਮਿਲ ਗਿਆ ਹੈ। ਸਿਰਫ਼ ਪ੍ਰਕਾਸ਼ ਤੱਕ ਸੀਮਿਤ ਰਹਿਣ ਕਰਕੇ ਬ੍ਰਹਿਮੰਡ ਵਿੱਚ ਹੋ ਰਹੇ ਬਹੁਤੇ ਅਤਿ-ਸ਼ਕਤੀਸ਼ਾਲੀ ਵਰਤਾਰੇ ਸਾਡੀ ਪਹੁੰਚ ਤੋਂ ਬਾਹਰ ਸਨ। ਪਰ ਗੁਰੂਤਾ ਤਰੰਗਾਂ ਦੇ ਆਉਣ ਕਰਕੇ ਹੁਣ ਸਾਡੇ ਸਾਹਮਣੇ ਬ੍ਰਹਿਮੰਡ ਨੂੰ ਦੇਖਣ ਜਾਂ ਫਿਰ ਇਉਂ ਕਹੀਏ ਕਿ ਸੁਣਨ ਦਾ ਇੱਕ ਨਵਾਂ ਰਾਹ ਖੁੱਲ੍ਹ ਗਿਆ ਹੈ। ਗੁਰੂਤਾ ਤਰੰਗਾਂ ਨੂੰ ਅਸਲ ਵਿੱਚ ਸੁਣਿਆ ਜਾ ਸਕਦਾ ਹੈ ਜੇਕਰ ਸਾਡੇ ਕੰਨ ਵੀ LIGO ਜਿੰਨੇ ਸੰਵੇਦਨਾਸ਼ੀਲ ਹੋਣ। LIGO ਟੀਮ ਨੇ ਇਨ੍ਹਾਂ ਤਰੰਗਾਂ ਨੂੰ ਸੁਣਨਯੋਗ ਬਣਾ ਕੇ ਆਪਣੀ ਵੈੱਬਸਾਈਟ ਤੇ ਸਾਂਝਾ ਕੀਤਾ ਹੈ, ਜੇਕਰ ਤੁਸੀਂ ਸੁਣਨਾ ਚਾਹੋ ਤਾਂ ਉਨ੍ਹਾਂ ਦੀ ਵੈੱਬਸਾਈਟ ਖੋਲ੍ਹ ਕੇ ਸੁਣ ਸਕਦੇ ਹੋ। ਗੁਰੂਤਾ ਤਰੰਗਾਂ ਦੀ ਇਹ ਤਕਨੀਕ ਬਿਲਕੁਲ ਇੱਕ ਬੋਲੇ ਇਨਸਾਨ ਨੂੰ ਪਹਿਲੀ ਵਾਰ ਸੁਣਨ ਦੇ ਬਰਾਬਰ ਹੈ। ਆਓ ਦੇਖੀਏ ਕਿ ਬ੍ਰਹਿਮੰਡ ਸਾਡੇ ਲਈ ਕਿਹੜੀਆਂ ਧੁਨਾਂ ਸਾਂਭੀ ਬੈਠਾ ਹੈ।

***

## ਭੇਤੀ ਬੰਦੇ

ਹਵਾ ਸੀ ਕਿ ਕਿਤੇ ਦੂਰ ਠਹਿਰ ਗਈ ਸੀ। ਹੁੱਸੜ ਆਪਣੇ ਪੈਰ ਨਹੀਂ ਸੀ ਛੱਡ ਰਿਹਾ। ਪਰ ਕਾਨ੍ਹੇ ਦੀ ਸਾਨਗੀ ਦੀਆਂ ਸੁਰਾਂ ਨੇ ਅੰਬਰ ਤੱਕ ਪਸਰੀ ਗਰਦ ਨੂੰ ਹੌਲੀ ਹੌਲੀ ਛੰਡਣਾ ਸ਼ੁਰੂ ਕਰ ਦਿੱਤਾ।

ਕਾਨ੍ਹਾ ਪੂਰੇ ਰੰਗ ਵਿਚ ਰੰਗਿਆ ਗਾ ਰਿਹਾ ਸੀ। ਭਾਨੇ ਨੇ ਦਰਾਂ ਵੱਲ ਘੁਸਰ ਮੁਸਰ ਹੁੰਦੀ ਸੁਣੀ ਤੇ ਗਹੁ ਨਾਲ ਦੇਖਿਆ ਸਿਪਾਹੀ ਸਨ। ਉਹਨੇ ਇਸ਼ਾਰੇ ਨਾਲ ਉਨ੍ਹਾਂ ਨੂੰ ਮੰਜੇ 'ਤੇ ਬਹਿਣ ਲਈ ਕਿਹਾ, 'ਆਹ ਦੇਖ ਓਏ ਚੌਧਰੀ ਆ। ਛੋਟੇ ਭਾਈ ਆਏ ਆ।'

ਭਾਨੇ ਦੀ ਆਵਾਜ਼ ਸੁਣ ਕੇ ਕਾਨ੍ਹੇ ਨੇ ਬੰਦ ਅੱਖਾਂ ਖੋਲ੍ਹੀਆਂ ਤਾਂ ਸਿਪਾਹੀ ਦੇਖ ਕੇ ਬਿੰਦ ਭਰ ਲਈ ਉਹਦੀ ਨਿਗ੍ਹਾ ਪਥਰਾ ਗਈ।

'ਚਲੋ ਬਈ ਉਠੋ, ਤੁਹਾਨੂੰ ਸਾਬ੍ਹ ਯਾਦ ਕਰਦੇ ਆ।'

'ਕੀ ਹੋ ਗਿਆ ਸਰਕਾਰੇ ? ਸੁੱਖ ਤਾਂ ਆ ?' ਭਾਨਾ ਉਠ ਕੇ ਕਿੱਲੀ ਉਤੋਂ ਕੁੜਤਾ ਲਾਹ ਕੇ ਪਾਉਣ ਲੱਗ ਪਿਆ।

'ਓਏ ਭਰਾਵੋ ਚਲੇ ਤਾਂ ਚਲਦੇ ਆਂ, ਪਰ ਉਦਾਂ ਨਾ ਸਾਡੇ ਨਾਲ ਕਰਿਓ ਜਿੱਦਾਂ ਪਰਸੋਂ ਇਕ ਮੁੰਡੇ ਨਾਲ ਕੀਤੀ ਆ। ਪਹਿਲਾਂ ਤਾਂ ਕੁੱਟ ਕੁੱਟ ਠਾਣੇ 'ਚ ਮਾਰ 'ਤਾ। ਫੇਰ ਲੈਨਾਂ 'ਤੇ ਸੁੱਟ ਆਏ,' ਕਹਿੰਦਿਆਂ ਕਾਨ੍ਹੇ ਨੇ ਸਾਨਗੀ ਪਰ੍ਹਾਂ ਰੱਖ ਦਿੱਤੀ।

ਸਿਪਾਹੀਆਂ ਨੇ ਇਕ ਦੂਜੇ ਦੇ ਮੂੰਹ ਵੱਲ ਦੇਖਿਆ।

'ਕਾਨ੍ਹਿਆ ਕਿਉਂ ਤੂੰ ਐਵੇਂ ਬੋਲਦਾ ਰਹਿੰਦੈਂ। ਮਾਰ 'ਤਾ ਤਾਂ ਫੇ ਕੀ ਹੋਇਆ। ਕਮਲਿਆ ਠਾਣੇ ਹੁੰਦੇ ਕਾਹਦੇ ਲਈ ਆ!' ਸਿਰ 'ਤੇ ਪੱਗ ਲਪੇਟਦਾ ਭਾਨਾ ਬੋਲਿਆ।

'ਮੂੰਹ ਬੰਦ ਕਰਕੇ ਤੁਰਨ ਦੀ ਗੱਲ ਕਰੋ, ਕਿਉਂ ਭੌਂਕੀ ਜਾਨੇ ਓਂ,' ਦੋ ਸਿਪਾਹੀ ਇਕੱਠੇ ਝਈ ਲੈ ਕੇ ਪਏ ਤੇ ਕਾਨ੍ਹੇ ਭਾਨੇ ਨੂੰ ਅੱਗੇ ਅੱਗੇ ਤੋਰ ਲਿਆ।

ਥਾਣੇ ਅੰਦਰ ਦਾਖ਼ਲ ਹੁੰਦਿਆਂ ਹੀ, ਲਾਟੂ ਦੀ ਲੋਏ, ਪੱਖੇ ਮੂਹਰੇ ਕੁਰਸੀ 'ਤੇ ਬੈਠੇ ਥਾਣੇਦਾਰ ਨੇ ਉਨ੍ਹਾਂ ਵੱਲ ਦੇਖਿਆ ਤੇ ਉਠ ਪਿਆ, 'ਆ ਗਏ ਪ੍ਰਾਹੁਣੇ। ਸੁਣਾਈ ਕੋਈ ਰੱਬ ਦੇ ਘਰ ਦੀ' ਬੋਲਦਾ ਹੋਇਆ ਉਹ ਉਨ੍ਹਾਂ ਦੇ ਕੋਲ ਆ ਗਿਆ। 'ਪਿਓ ਦਿਓ ਪੁੱਤੋ ਤੁਸੀਂ ਬਾਜ਼ ਨਈਂ ਆਏ। ਇਕ ਦਿਨ ਹੋਇਆ, ਦੋ ਦਿਨ ਹੋਏ। ਤੁਸੀਂ ਤਾਂ ਹੱਦ ਈ ਕਰ ਦਿੱਤੀ। ਸਾਲੇ ਤਾਨਸੈਨ ਦੇ,' ਬੋਲਦੇ ਹੋਏ ਨੇ ਕੋਲ ਖੜ੍ਹੇ ਸਿਪਾਹੀਆਂ ਵੱਲ ਦੇਖਿਆ, 'ਮੈਂ ਤੁਹਾਨੂੰ ਕਿਹਾ ਸੀ ਇਨ੍ਹਾਂ ਦੇ ਗਿੱਟੇ-ਗੋਡੇ ਤੋੜ ਕੇ ਲਿਆਇਓ।' ਫਿਰ ਉਹ ਮਾਲਖ਼ਾਨੇ ਵੱਲ, ਹਨੇਰੇ 'ਚ ਜਾਂਦਾ ਗੁੱਸੇ ਵਿਚ ਬੋਲਿਆ, 'ਪਾ ਓ ਬਿੱਕਰਾ ਇਨ੍ਹਾਂ ਨੂੰ ਲੰਮਿਆਂ ਜ਼ਰਾ। ਝਾੜ ਜ਼ਰਾ ਮਿੱਟੀ ਆਹ ਵੱਡੇ ਫੌਜੀ ਦੀ।'

ਕਾਨ੍ਹੇ ਨੇ ਭਾਨੇ ਵੱਲ ਮੁਸਕਰਾ ਕੇ ਦੇਖਿਆ, 'ਲੈ ਬਈ ਝੜਾ ਲੈ ਮਿੱਟੀ ਭਾਨਿਆ। ਇਹਦੇ ਤਾਂ ਬਈ ਖਰਖਰਾ ਵੀ ਮਾਰ ਦਿਓ।'

'ਹੁਣ ਤਾਂ ਬੂਥਾ ਬੰਦ ਕਰੋ। ਬਕਵਾਸ ਕਰੀ ਜਾਂਦੇ ਆ,' ਕਾਨ੍ਹੇ ਦੇ ਮਗਰ ਆਉਂਦੇ ਸਿਪਾਹੀ ਨੇ ਦਬਵੀਂ ਆਵਾਜ਼ 'ਚ ਕਹਿੰਦਿਆਂ ਕਾਨ੍ਹੇ ਦੀ ਪਿੱਠ 'ਤੇ ਡੰਡੇ ਦੀ ਹੁੱਝ ਮਾਰੀ।

ਸੱਚੀਂ ਮੁੱਚੀਂ ਜਿਵੇਂ ਕੋਈ ਕੰਧਾਂ ਤੋਂ ਮਿੱਟੀ ਝਾੜਦਾ ਹੈ। ਜਿਵੇਂ ਬੱਕਰੇ ਨੂੰ ਹਲਾਲ ਕੀਤਾ ਜਾ ਰਿਹਾ ਹੋਵੇ। ਜਿਵੇਂ ਆਵਾਜ਼ ਨੂੰ ਕੋਈ ਬੰਨ੍ਹਣ ਦੀ ਕੋਸ਼ਿਸ਼ ਕਰ ਰਿਹਾ ਹੋਵੇ।

'ਦੇਖੂੰ ਮੈਂ ਕਿੱਦਾਂ ਤੁਸੀਂ ਮੂੰਹ 'ਚੋਂ ਵਾਜ਼ ਵੀ ਕਢਦੇ ਆਂ। ਜੀਭਾਂ ਨਾ ਕੁਤਰ ਦਿੱਤੀਆਂ ਤਾਂ,' ਰੋਅਬਦਾਰ ਬੋਲਾਂ ਤੋਂ ਕੰਧਾਂ ਕੰਬ ਕੰਬ ਜਾ ਰਹੀਆਂ ਸਨ।

ਜਦੋਂ ਬੱਸ ਅੱਡੇ ਵਿਚ ਦੁਕਾਨਾਂ ਵਾਲਿਆਂ ਨੂੰ ਭਾਨੇ ਤੇ ਕਾਨ੍ਹੇ ਪੁਲਿਸ ਦੇ ਲੈ ਜਾਣ ਬਾਰੇ ਪਤਾ ਲੱਗਾ ਤਾਂ ਦਿਨ ਦੇ ਦੱਸ ਵੱਜਣ ਵਾਲੇ ਸਨ। ਹਰਜੀਤ ਸਿੰਘ ਫਰੂਟਵਾਲਾ ਦੌੜ ਕੇ ਅਖ਼ਬਾਰਾਂ ਵਾਲੇ ਭੱਲੇ ਨੂੰ ਲੈਣ ਚਲਾ ਗਿਆ ਤੇ ਸੋਡਾ ਵਾਟਰ ਵਾਲਾ ਭਗਤ ਚੰਦ ਛੇ ਸੱਤ ਜਾਣਿਆਂ ਨੂੰ ਲੈ ਕੇ ਥਾਣੇ ਆ ਗਿਆ।

ਅਖ਼ਬਾਰ ਵਾਲੇ ਭੱਲੇ ਨੇ ਕੋਈ ਗੱਲ ਪਿੜ ਪੱਲੇ ਨਾ ਪਾਈ।

ਤੇ ਹੁਣ ਹਸਪਤਾਲ ਦੇ ਐਮਰਜੈਂਸੀ ਵਾਰਡ ਵਿਚ ਸਾਡੇ ਸਾਹਮਣੇ ਕਾਨ੍ਹਾ ਮੰਜੇ 'ਤੇ ਬੇਹੋਸ਼ ਪਿਆ ਸੀ। ਮਿੱਟੀ ਤੇ ਲਹੂ ਨਾਲ ਭਰੇ ਲੀੜੇ, ਮੂੰਹ ਦੁਆਲੇ ਜੰਮੇ ਲਹੂ ਦੀਆਂ ਪੇਪੜੀਆਂ, ਵੱਖੀ ਤੋਂ ਪਾਟਿਆ ਕੁੜਤਾ ਜਿਹਦੇ ਅੰਦਰ ਨੀਲਾ ਪਿਆ ਪਿੰਡਾ ਵੀ ਦਿਸ ਰਿਹਾ ਸੀ। ਨਰਸ ਦੋ ਵਾਰੀ ਆ ਕੇ ਉਹਨੂੰ ਦੇਖ ਕੇ ਗਈ। ਗੁਲੂਕੋਜ਼ ਦੀ ਬੋਤਲ ਮੁੱਕਣ ਵਾਲੀ ਸੀ।

ਜਿਹੜਾ ਡਰਾਈਵਰ ਆਪਣੇ ਪਿੰਡੋਂ, ਟਰਾਲੀ 'ਚ ਕਾਨ੍ਹੇ ਨੂੰ ਪਾ ਕੇ ਲਿਆਇਆ ਸੀ ਉਹ ਸਾਡੇ ਕੋਲ ਖੜ੍ਹਾ ਦੱਸ ਰਿਹਾ ਸੀ, 'ਇਹ ਕੱਲਾ ਈ ਟੋਇਆਂ 'ਚ ਪਿਆ ਸੀ, ਮਾਰ ਕੁੱਟ ਕੇ ਸੁੱਟਿਆ। ਪਛਾਣਿਆ ਨਾ ਜਾਵੇ। ਮੈਂ ਕਿਹਾ ਇਹ ਤਾਂ ਸਾਡਾ ਸਾਨਗੀ ਵਾਲਾ ਕਾਨ੍ਹੈ। ਬਈ ਇਹ ਕਿੱਥੇ। ਭਰਾਵੋ ਓਸੇ ਵੇਲੇ ਪਾਣੀ ਲਿਆ ਕੇ ਮੂੰਹ 'ਚ ਪਾਇਆ 'ਤੇ ਚੁੱਕ ਕੇ ਲੈ ਆਂਦਾ।'

'ਜੇ ਹੋਰ ਘੜੀ ਪਿਆ ਰਹਿੰਦਾ ਤਾਂ ਗਿਆ ਸੀ,' ਭਗਤ ਚੰਦ ਹੌਲੀ ਜਿਹੇ ਬੋਲਿਆ।

'ਬਈ ਭਾਨਾ ਫੇ ਕਿਥੇ ਗਿਆ ?' ਹਰਜੀਤ ਸਿੰਘ ਨੇ ਕਿਹਾ, 'ਤੁਸੀਂ ਅੱਗੇ ਪਿੱਛੇ ਨਿਗ੍ਹਾ ਮਾਰਨੀ ਸੀ। ਕੀ ਪਤਾ ਭਾਨਾ ਵੀ ਉਥੇ ਈ ਹੋਵੇ,' ਉਹਨੇ ਡਰਾਈਵਰ ਨੂੰ ਕਿਹਾ।

'ਬੰਦੇ ਚੰਗੇ ਸੀ। ਬੜਾ ਦਿਲ ਲਾਉਂਦੇ ਸੀ। ਬੱਸ ਹੁਣ ਤਾਂ ਆਖ਼ਰੀ ਦਰਸ਼ਨ ਆ,' ਪਾਨ ਵਾਲਾ ਗਿਰਧਾਰੀ ਬੋਲਿਆ। 'ਸੱਟਾਂ ਬਹੁਤ ਆ, ਸਿਰ ਵਿਚ ਸੱਟ ਜ਼ਿਆਦਾ।'

ਤਦ ਕਾਨ੍ਹੇ ਨੇ ਅੱਖਾਂ ਪੁੱਟੀਆਂ। ਅਸੀਂ ਸਾਰੇ ਉਹਦੇ ਨੇੜੇ ਨੂੰ ਝੁਕੇ।

'ਕਾਨ੍ਹਿਆ! ਹੋਸ਼ ਕਰ ਭਾਈ। ਅਸੀਂ ਆਂ ਤੇਰੇ ਕੋਲ,' ਭਗਤ ਚੰਦ ਕਾਨ੍ਹੇ ਦੇ ਨੇੜੇ ਹੋਰ ਝੁਕ ਕੇ ਬੋਲਿਆ।

'ਓਏ ਮੇਰੀ ਸਾਨਗੀ ਕਿਥੇ ਆ ਭਾਨਿਆ! ਉਹ ਭਾਨਿਆ,' ਕਾਨ੍ਹੇ ਨੇ ਹੱਥ ਨੂੰ ਉਪਰ ਚੁੱਕਿਆ ਪਰ ਹੱਥ ਹੇਠਾਂ ਡਿੱਗ ਪਿਆ, 'ਲਿਆ ਮੇਰਾ ਗਜ਼। ਆਹ ਕੀ ਹੋ ਗਿਆ ਮੈਨੂੰ ?' ਉਹਨੇ ਉਚੀ ਆਵਾਜ਼ 'ਚ ਕਿਹਾ ਤੇ ਅੱਖਾਂ ਪੂਰੀਆਂ ਖੋਲ੍ਹ ਦਿੱਤੀਆਂ।

ਅਸੀਂ ਪਿਛਾਂਹ ਹਟ ਗਏ ਤੇ ਇਕ ਦੂਜੇ ਦੀਆਂ ਅੱਖਾਂ ਵਿਚ ਬੈਠੇ ਕਾਨ੍ਹੇ ਨੂੰ ਦੇਖਣ ਲੱਗੇ।

***

## ਵਿਸ਼ਵ ਹਾਕੀ ਕੱਪ ਨਾਲ

ਨਮੋਸ਼ੀ ਦਾ ਭਾਰ ਹਾਕੀਆਂ ਉਤੇ ਠੋਡੀਆਂ ਧਰ ਕੇ ਝੱਲਿਆ। ਕਈਆਂ ਨੇ ਸਿਰ ਹੱਥਾਂ ਵਿਚ ਫੜ ਲਏ ਤੇ ਕਈ ਉਂਞ ਹੀ ਸਿਰ ਗੋਡਿਆਂ 'ਚ ਦੇ ਕੇ ਬਹਿ ਗਏ। ਉਨ੍ਹਾਂ ਦੀਆਂ ਅੱਖਾਂ ਹੰਝੂਆਂ ਨਾਲ ਡੱਕੀਆਂ ਹੋਈਆਂ ਸਨ। ਦਿਲਬਰੀਆਂ ਤੇ ਦਿਲਾਸਿਆਂ ਪਿੱਛੋਂ ਭਾਰਤੀ ਟੀਮ ਸਟੇਡੀਅਮ ਤੋਂ ਬਾਹਰ ਜਾਣ ਲੱਗੀ ਤਾਂ ਗੈਲਰੀ ਉਪਰੋਂ ਇਕ ਛੋਕਰੇ ਨੇ ਖਿਡਾਰੀਆਂ ਨੂੰ ਗਾਲ਼ਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਉਸਨੇ ਮਿਹਣਾ ਮਾਰਿਆ, 'ਅਰੇ ਸੁਸਰੋ, ਅਬ ਗੁੱਲੀ ਡੰਡਾ ਖੇਲਨੇ ਲਗ ਜਾਓ' ਤਾਂ ਕਈਆਂ ਤੋਂ ਡੱਕੇ ਹੋਏ ਹੰਝੂ ਡੱਕੇ ਨਾ ਜਾ ਸਕੇ ਤੇ ਆਖ਼ਰ ਡੁੱਲ੍ਹ ਗਏ।

ਅਸੀਂ ਸਟੇਡੀਅਮ ਤੋਂ ਬਾਹਰ ਨਿਕਲੇ ਤਾਂ ਲਹੌਰੀਆਂ ਦੀ ਢਾਣੀ ਮਸੋਸੀ ਖੜ੍ਹੀ ਸੀ। ਅਜੀਬ ਗੱਲ ਸੀ। ਹਾਰਿਆ ਭਾਰਤ, ਨਮੋਸ਼ੀ ਭਾਰਤੀਆਂ ਦੀ ਹੋਈ ਪਰ ਉਹ ਸਾਡੇ ਸ਼ਰੀਕ, ਖ਼ੁਸ਼ ਹੋਣ ਦੀ ਥਾਂ ਉਲਟਾ ਸਾਡੇ ਗ਼ਮ 'ਚ ਭਿੱਜੇ ਖੜ੍ਹੇ ਸਨ। ਸ਼ਰੀਕ ਦਾ ਰਿਸ਼ਤਾ ਵੀ ਕਿਆ ਰਿਸ਼ਤਾ ਹੈ, ਅਪਣੱਤ ਵੀ ਪੁੱਜ ਕੇ ਤੇ ਲਾਗ-ਡਾਟ ਵੀ ਪੁੱਜ ਕੇ, ਨਾ ਸ਼ਰੀਕ ਜਿੰਨਾ ਕੋਈ ਮੋਹ ਪਾਲ ਸਕਦਾ ਹੈ ਤੇ ਨਾ ਉਹਦੇ ਜਿੰਨਾ ਕੋਈ ਵੈਰ ਪੁਗਾ ਸਕਦਾ ਹੈ। ਉਹ ਲਹੌਰੀਏ ਭਾਊ ਮੁੜ ਮੁੜ ਆਂਹਦੇ, 'ਧੁਆਡੀ ਟੀਮ ਭਾਅ ਜੀ ਤਕੜੀ ਸੀ। ਅਸੀਂ ਤਾਂ ਲਾਔਰੋਂ ਚੱਲੇ ਈ 'ਆਪਣੀਆਂ' ਟੀਮਾਂ ਦਾ ਫਾਈਨਲ ਮੈਚ ਦੇਖਣ ਲਈ ਸੀ। ਕਿਧਰੇ ਫਾਈਨਲ ਮੈਚ ਹਿੰਦੋਸਤਾਨ ਤੇ ਪਾਕਿਸਤਾਨ ਦਾ ਹੁੰਦਾ ਤਾਂ ਨਜ਼ਾਰੇ ਬੱਝ ਜਾਂਦੇ।'

ਫਿਰ ਉਹ ਸਮਾਂ ਆਇਆ ਜਦੋਂ ਜੇਤੂਆਂ ਨੇ ਜਿੱਤ-ਮੰਚ 'ਤੇ ਚੜ੍ਹਨਾ ਸੀ। ਪਾਕਿਸਤਾਨੀਆਂ ਦੇ ਮੂੰਹਾਂ 'ਤੇ ਲਾਲੀਆਂ ਸਨ। ਹਾਕੀ ਦੀ ਸਰਦਾਰੀ ਦਾ ਚਿੰਨ੍ਹ ਸੋਨ-ਰੰਗਾ ਵਿਸ਼ਵ ਕੱਪ ਮੇਜ਼ ਉਤੇ ਲਿਸ਼ਕਾਂ ਮਾਰ ਰਿਹਾ ਸੀ। ਉਹ ਕੱਪ 1971 ਵਿਚ ਪਾਕਿਸਤਾਨ ਨੇ ਹੀ ਕੌਮਾਂਤਰੀ ਹਾਕੀ ਫੈਡਰੇਸ਼ਨ ਨੂੰ ਭੇਟ ਕੀਤਾ ਸੀ। ਉਸ ਦੀ ਉਚਾਈ .650 ਮੀਟਰ ਤੇ ਵਜ਼ਨ 11560 ਗ੍ਰਾਮ ਹੈ। ਕੁਲ ਵਜ਼ਨ ਵਿਚ 895 ਗ੍ਰਾਮ ਸੋਨਾ, 6851 ਗਰਾਮ ਚਾਂਦੀ ਤੇ 350 ਗ੍ਰਾਮ ਹਾਥੀ ਦੰਦ ਲੱਗਾ ਹੋਇਆ ਹੈ। ਬਾਕੀ ਵਜ਼ਨ ਸਾਗਵਾਨ ਦੀ ਲੱਕੜੀ ਦਾ ਹੈ।

ਰਾਸ਼ਟਰਪਤੀ ਲਾਲ ਦਰੀ 'ਤੇ ਤੁਰ ਕੇ ਕੱਪ ਤਕ ਗਏ। ਜਦੋਂ ਕੱਪ ਪਾਕਿਸਤਾਨੀ ਟੀਮ ਦੇ ਕਪਤਾਨ ਅਖ਼ਤਰ ਰਸੂਲ ਨੂੰ ਭੇਟ ਕੀਤਾ ਤਾਂ ਉਸ ਨੇ ਇੰਨੀ ਸ਼ਿੱਦਤ ਨਾਲ ਚੁੰਮਿਆ ਜਿਵੇਂ ਵਰ੍ਹਿਆਂ ਦਾ ਵਿਛੜਿਆ ਮਹਿਬੂਬ ਮਸਾਂ ਮਿਲਿਆ ਹੋਵੇ। ਉਸ ਸਮੇਂ ਸੈਂਕੜੇ ਕੈਮਰਿਆਂ ਨੇ ਅੱਖਾਂ ਖੋਲ੍ਹੀਆਂ ਤੇ ਉਸ ਯਾਦਗਾਰੀ ਦ੍ਰਿਸ਼ ਨੂੰ ਆਪਣੇ ਸੀਨਿਆਂ 'ਚ ਸਮੋ ਲਿਆ। ਫਿਰ ਪਾਕਿਸਤਾਨ ਦੀ ਸਾਰੀ ਦੀ ਸਾਰੀ ਟੀਮ ਲੰਮੇ ਸਫੈਦ ਜਿੱਤ-ਮੰਚ ਉਤੇ ਜਾ ਖੜ੍ਹੀ ਹੋਈ। ਚੁਫੇਰੇ ਹਜ਼ਾਰਾਂ ਤਾੜੀਆਂ ਨੇ ਭਰਵੀਂ ਦਾਦ ਦਿੱਤੀ। ਉਸ ਪਿੱਛੋਂ ਸਟੇਡੀਅਮ ਦੀ ਫ਼ਿਜ਼ਾ ਅੰਦਰ ਪਾਕਿਸਤਾਨ ਦਾ ਕੌਮੀ ਤਰਾਨਾ ਗੂੰਜਿਆ ਤੇ ਚੰਦ-ਤਾਰੇ ਵਾਲਾ ਪਰਚਮ ਉੱਚਾ ਉਠਿਆ।

ਜਦੋਂ ਕੱਪ ਸਟੇਡੀਅਮ ਤੋਂ ਬਾਹਰ ਲਿਜਾਇਆ ਜਾਣ ਲੱਗਾ ਤਾਂ ਅਸੀਂ ਵੀ ਉਹਦੇ ਨਾਲ ਹੋ ਤੁਰੇ। ਦਰਸ਼ਕ ਉਹਨੂੰ ਹੱਥ ਲਾ ਲਾ ਦੇਖ ਰਹੇ ਸਨ। ਜਿਸ ਬੱਸ ਵਿਚ ਪਾਕਿ ਟੀਮ ਨੇ ਬਹਿਣਾ ਸੀ, ਮੈਂ ਪਹਿਲਾਂ ਹੀ ਉਹਦੀ ਬਾਰੀ ਕੋਲ ਜਾ ਖੜ੍ਹਾ ਹੋਇਆ। ਜਦੋਂ ਕੱਪ ਮੇਰੇ ਕੋਲ ਦੀ ਲੰਘਣ ਲੱਗਾ ਤਾਂ ਮੈਥੋਂ ਵੀ ਉਹਦਾ ਸਿਰ ਪਲੋਸਣੋਂ ਨਾ ਰਿਹਾ ਗਿਆ। ਮੈਂ ਆਪਣਾ ਸੱਜਾ ਹੱਥ ਉੱਪਰ ਚੁੱਕਿਆ ਤੇ ਸੋਨੇ-ਚਾਂਦੀ ਦੇ ਚਮਕਦੇ ਗਲੋਬ ਉਤੇ ਪੋਲਾ ਜਿਹਾ ਛੁਹਾਇਆ। ਉਹਦੀ ਕੂਲੀ ਸੁਨਹਿਰੀ ਛੋਹ ਮੈਨੂੰ ਅੱਜ ਵੀ ਕਿਸੇ ਰੰਗੀਨ ਸੁਫ਼ਨੇ ਵਾਂਗ ਯਾਦ ਹੈ ਅਤੇ ਯਾਦ ਹੈ ਉਸ ਹੱਥੜ ਦੀ ਮਿੱਠੀ ਪਿਆਰੀ ਕਸਕ ਜਿਹੜੀ ਹਾਕੀ ਦੀ ਮਹਿਬੂਬਾ ਨੇ ਆਪਣੇ ਵਤਨ ਦੀ ਟੀਮ ਜਿੱਤਦੀ ਦੇਖਦਿਆਂ ਮੈਨੂੰ ਆਪਮੁਹਾਰੇ ਬਖ਼ਸ਼ੀ ਸੀ।

***

## ਠੰਢ ਖ਼ਤਮ ਹੋਣ ਤੋਂ ਬਾਅਦ ਪੁਤਿਨ

ਇਤਿਹਾਸਿਕ ਚੁਣੌਤੀਆਂ ਨੂੰ ਮਹਿਸੂਸ ਕੀਤਾ ਹੈ, ਉਹ ਨਾਟੋ ਦੇ ਮੁੱਖ ਸਕੱਤਰ ਜੇਨਸ ਸਟੋਲਟੇਨਬਰਗ ਦੇ ਤਾਜ਼ਾ ਬਿਆਨ ਵਿੱਚ ਸਾਫ਼ ਝਲਕਦਾ ਹੈ। ਉਨ੍ਹਾਂ ਕਿਹਾ ਸੀ, 'ਅਸੀਂ ਲੋਕ (ਪੱਛਮੀ ਦੇਸ਼) ਹਾਲੇ ਜੋ ਕੀਮਤ ਪੈਸੇ ਨਾਲ ਚੁਕਾ ਰਹੇ ਹਾਂ, ਯੂਕਰੇਨ ਦੇ ਲੋਕ ਆਪਣੇ ਖ਼ੂਨ ਨਾਲ ਚੁਕਾ ਰਹੇ ਹਨ। ਤਾਨਾਸ਼ਾਹ ਸੱਤਾ ਜਦੋਂ ਭਾਰੂ ਹੋਵੇਗੀ, ਉਦੋਂ ਵਿਸ਼ਵ ਨੂੰ ਹੋਰ ਵੀ ਵੱਡੀ ਕੀਮਤ ਅਦਾ ਕਰਨੀ ਹੋਵੇਗੀ। ਉਦੋਂ ਸਾਡੇ ਸਭ ਲਈ ਇਹ ਦੁਨੀਆ ਪਹਿਲਾਂ ਤੋਂ ਕਿਤੇ ਜ਼ਿਆਦਾ ਖ਼ਤਰਨਾਕ ਹੋ ਚੁੱਕੀ ਹੋਵੇਗੀ। ਮੇਰੀ ਨਜ਼ਰ ਵਿੱਚ ਇਸ ਜੰਗ ਦਾ ਕੋਈ ਅੰਤ ਨਹੀਂ ਹੈ।'

ਲੰਡਨ ਵਿੱਚ ਕਿੰਗਸ ਕਾਲਜ ਦੇ ਡਿਪਾਰਟਮੈਂਟ ਆਫ਼ ਵਾਰ ਸਟੱਡੀਜ਼ ਦੇ ਬਾਰਬਰਾ ਜੈਂਚੇਟਾ ਯੂਕਰੇਨ-ਰੂਸ ਜੰਗ ਬਾਰੇ ਆਪਣੀ ਰਾਇ ਰੱਖਦੇ ਹੋਏ ਆਖਦੇ ਹਨ ਕਿ ਜੰਗ ਦੀ ਸ਼ੁਰੂਆਤ ਤੋਂ ਪਹਿਲਾਂ ਵਲਾਦੀਮੀਰ ਪੁਤਿਨ ਨੂੰ ਇਹ ਲੱਗਿਆ ਸੀ ਕਿ ਯੂਕਰੇਨ ਉਨ੍ਹਾਂ ਦੀ ਮਜਬੂਤ ਫੌਜ ਦੇ ਅੱਗੇ ਹਥਿਆਰ ਸੁੱਟ ਦੇਵੇਗਾ। ਉਨ੍ਹਾਂ ਨੂੰ ਇਹ ਵੀ ਲੱਗਿਆ ਸੀ ਕਿ ਉਨ੍ਹਾਂ ਦੇ ਹਮਲੇ ਵਿੱਚ ਕੋਈ ਹੋਰ ਦੇਸ਼ ਯੂਕਰੇਨ ਦੇ ਨਾਲ ਨਹੀਂ ਖੜ੍ਹਾ ਹੋਵੇਗਾ। ਪੁਤਿਨ ਦੇ ਇਹ ਸਾਰੇ ਅੰਦਾਜ਼ੇ ਗਲਤ ਸਾਬਤ ਹੋਏ ਅਤੇ ਇਸ ਕਾਰਨ ਅੱਜ ਇਹ ਪੂਰਾ ਸੰਘਰਸ਼ ਇੱਕ ਅਜਿਹੀ ਜੰਗ ਵਿੱਚ ਤਬਦੀਲ ਹੋ ਚੁੱਕਿਆ ਹੈ ਜਿਸ ਦਾ ਫ਼ਿਲਹਾਲ ਅੰਤ ਨਜ਼ਰ ਨਹੀਂ ਆਉਂਦਾ। ਬਰਬਾਦੀ ਅਤੇ ਤਬਾਹੀ ਵਿਚਾਲੇ ਯੂਕਰੇਨ ਨੇ ਕਮਾਲ ਦੀ ਬਹਾਦਰੀ ਦਾ ਲੋਹਾ ਮਨਵਾਇਆ ਹੈ। ਇਹ ਲੋਕ ਡਟੇ ਰਹਿਣਗੇ ਅਤੇ ਜੰਗ ਲੰਬੀ ਖਿੱਚਦੀ ਜਾਵੇਗੀ। ਅਜਿਹੇ ਮਾਹੌਲ ਵਿੱਚ ਗੱਲਬਾਤ ਦੀ ਸੰਭਾਵਨਾ ਬੇਹੱਦ ਕਮਜ਼ੋਰ ਦਿਖਦੀ ਹੈ ਕਿਉਂਕਿ ਸਥਾਈ ਸ਼ਾਂਤੀ ਲਈ ਘੱਟੋ-ਘੱਟ ਇੱਕ ਪੱਖ ਨੂੰ ਆਪਣੀਆਂ ਮੁੱਖ ਮੰਗਾਂ ਵਿੱਚ ਬਦਲਾਅ ਕਰਨਾ ਹੋਵੇਗਾ, ਪਰ ਇਸ ਗੱਲ ਦੇ ਕੋਈ ਸੰਕੇਤ ਨਹੀਂ ਹਨ।

ਜੰਗ ਨੂੰ ਲੈ ਕੇ ਰੂਸ ਦੀ ਰਾਜਨੀਤਿਕ ਅਗਵਾਈ ਦਾ ਪਾਗਲਪਨ ਰੂਸੀ ਲੋਕ ਹੀ ਖ਼ਤਮ ਕਰਨਗੇ, ਕਿਉਂਕਿ ਰੂਸ ਵਿਚ ਲੋਕ ਜੰਗ ਦਾ ਕਰੜਾ ਵਿਰੋਧ ਕਰ ਰਹੇ ਹਨ। ਰੂਸ ਦੇ ਅੰਦਰ ਇਹ ਕਰੜਾ ਲੋਕ ਵਿਰੋਧ ਕਦੇ ਵੀ ਹੋ ਸਕਦਾ ਹੈ। ਜੇ ਅਤੀਤ ਵਿੱਚ ਦੇਖਿਆ ਜਾਵੇ ਤਾਂ ਵੀਅਤਨਾਮ ਵਿੱਚ ਅਮਰੀਕਾ ਨੂੰ, ਅਫ਼ਗਾਨਿਸਤਾਨ ਵਿੱਚ ਸੋਵੀਅਤ ਰੂਸ ਨੂੰ ਲੋਕਾਂ ਦੇ ਵਿਰੋਧ ਤੇ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪਿਆ। ਇਸੇ ਕਰਕੇ ਜਿਹੀਆਂ ਇਨ੍ਹਾਂ ਜੰਗਾਂ ਦਾ ਖ਼ਾਤਮਾ ਹੋਇਆ।

ਯੂਕਰੇਨ ਦੇ ਮਾਮਲੇ ਵਿੱਚ ਵੀ ਅਜਿਹਾ ਮੁਮਕਿਨ ਹੋ ਸਕਦਾ ਹੈ, ਬਸ਼ਰਤੇ ਜੰਗ ਵਿੱਚ ਜਾਨ-ਮਾਲ ਦੇ ਨੁਕਸਾਨ ਨੂੰ ਲੈ ਕੇ ਰੂਸ ਉੱਤੇ ਵਧਦੇ ਘਰੇਲੂ ਦਬਾਅ ਦੇ ਨਾਲ ਪੱਛਮੀ ਦੇਸ਼ ਯੂਕਰੇਨ ਦੇ ਸਮਰਥਨ ਵਿੱਚ ਡਟ ਕੇ ਖੜ੍ਹੇ ਰਹਿਣ।

ਯੂਰਪ ਵਿੱਚ ਅਮਰੀਕੀ ਫੌਜ ਦੇ ਸਾਬਕਾ ਕਮਾਂਡਿੰਗ ਜਨਰਲ ਬੇਨ ਹੋਜ਼ੇਜ ਆਖਦੇ ਹਨ ਕਿ ਯੂਕਰੇਨ ਦੀ ਫੌਜ ਰੂਸ ਤੋਂ ਹਰ ਮੋਰਚੇ ਉੱਤੇ ਬਿਹਤਰ ਕਰੇਗੀ, ਕਿਉਂਕਿ ਉਸ ਕੋਲ ਬ੍ਰਿਟੇਨ, ਕੈਨੇਡਾ ਅਤੇ ਜਰਮਨੀ ਵੱਲੋਂ ਠੰਢ ਵਿੱਚ ਵਰਤੇ ਜਾਣ ਵਾਲੇ ਬਿਹਤਰ ਸਾਜ਼ੋ-ਸਮਾਨ ਹਨ।

ਹੁਣ ਸਵਾਲ ਇਹ ਆਉਂਦਾ ਹੈ ਕਿ ਇਸ ਮੋਰਚੇ ਉੱਤੇ ਹਮਲੇ ਲਈ ਯੂਕਰੇਨ ਕੋਲ ਕਿੰਨੇ ਫੌਜੀ ਬਾਕੀ ਬਚੇ ਹਨ ? ਅਤੇ ਇਹ ਵੀ ਕਿ ਅਗਲੇ ਇੱਕ ਤੋਂ ਤਿੰਨ ਮਹੀਨਿਆਂ ਵਿਚਾਲੇ ਯੂਕਰੇਨੀ ਜਨਰਲ ਜ਼ਾਲੂਜ਼ਨੀ ਕਿੰਨੇ ਰੈਗੂਲਰ ਅਤੇ ਰਿਜ਼ਰਵ ਫੌਜੀਆਂ ਦੀਆਂ ਟੁਕੜੀਆਂ ਹਮਲੇ ਲਈ ਤਿਆਰ ਕਰਦੇ ਹਨ। ਇਨ੍ਹਾਂ ਵਿੱਚ ਫੌਜੀਆਂ ਦੇ ਨਾਲ ਫੌਜੀ ਵਾਹਨ ਅਤੇ ਹਥਿਆਰਾਂ ਦਾ ਇੰਤਜ਼ਾਮ ਵੀ ਅਹਿਮ ਹੋਵੇਗਾ।

ਇਨ੍ਹਾਂ ਸਵਾਲਾਂ ਦਾ ਜਵਾਬ ਬਰਫ਼ਬਾਰੀ ਤੋਂ ਬਾਅਦ ਮਿਲੇਗਾ। ਇਸ ਜਵਾਬ ਦੇ ਆਧਾਰ ਉੱਤੇ ਹੀ ਅਸੀਂ ਅੰਦਾਜ਼ਾ ਲਗਾ ਸਕਾਂਗੇ ਕਿ ਰੂਸ ਤੇ ਯੂਕਰੇਨ ਵਿਚਾਲੇ ਜੋ ਜੰਗ ਚੱਲ ਰਹੀ ਹੈ ਉਹ ਕਿਸ ਤਰ੍ਹਾਂ ਖ਼ਤਮ ਹੋਵੇਗੀ। ਸੀ ਐਨ ਐਨ ਡਾਟ ਕਾਮ ਦੀ ਰਿਪੋਟ ਅਨੁਸਾਰ ਰੂਸ-ਯੂਕਰੇਨ ਯੁੱਧ ਹੁਣ ਇੱਕ ਨਵੇਂ ਮੋੜ 'ਤੇ ਪਹੁੰਚ ਗਿਆ ਹੈ। ਇਸ ਯੁੱਧ ਵਿੱਚ ਯੂਕਰੇਨ ਅਮਰੀਕਾ, ਯੂਰਪ ਅਤੇ ਸਹਿਯੋਗੀ ਦੇਸ਼ਾਂ ਲਈ ਇੱਕ ਟੈਸਟਿੰਗ ਲੈਬ ਬਣ ਗਿਆ ਹੈ ਜਿੱਥੇ ਉਹ ਆਪਣੇ ਹਥਿਆਰਾਂ ਦੀ ਵਰਤੋਂ ਦੀ ਜਾਂਚ ਕਰ ਰਹੇ ਹਨ ਕਿ ਉਹ ਕਿੰਨੇ ਪ੍ਰਭਾਵਸ਼ਾਲੀ ਹਨ। ਅਸਲ ਵਿੱਚ ਹਥਿਆਰਾਂ ਦੀ ਏਨੀ ਵੱਡੀ ਗਿਣਤੀ ਪਹਿਲਾਂ ਕਦੇ ਜੰਗ ਵਿੱਚ ਨਹੀਂ ਵਰਤੀ ਗਈ ਸੀ। ਇਸ ਤਰ੍ਹਾਂ ਯੂਕਰੇਨ ਇਕ ਹਥਿਆਰਾਂ ਦੀ ਲੈਬ ਬਣ ਗਿਆ ਹੈ। ਅਮਰੀਕਾ ਨੇ ਯੂਕਰੇਨ ਨੂੰ 2.5 ਬਿਲੀਅਨ ਡਾਲਰ ਦੀ ਹੋਰ ਮਦਦ ਦੇਣ ਦਾ ਐਲਾਨ ਕੀਤਾ ਹੈ। ਉਸ ਨੂੰ ਬਖਤਰਬੰਦ ਗੱਡੀਆਂ ਸਮੇਤ ਕਈ ਹੋਰ ਹਥਿਆਰ ਦਿੱਤੇ ਜਾਣਗੇ। ਇਸ ਨਾਲ ਯੂਕਰੇਨ ਨੂੰ ਦਿੱਤੀ ਜਾਣ ਵਾਲੀ ਅਮਰੀਕੀ ਫੌਜੀ ਸਹਾਇਤਾ ਵਧ ਕੇ 27.5 ਬਿਲੀਅਨ ਡਾਲਰ ਹੋ ਗਈ ਹੈ। ਯੂਕਰੇਨ ਨੂੰ ਟੈਂਕ ਭੇਜਣ ਨੂੰ ਲੈ ਕੇ ਜਰਮਨੀ ਅਤੇ ਅਮਰੀਕਾ ਵਿਚਾਲੇ ਕੁਝ ਮਤਭੇਦ ਹਨ। ਜਰਮਨੀ ਸ਼ਰਤਾਂ 'ਤੇ ਯੂਕਰੇਨ ਨੂੰ ਲੇਪਰਡ ਟੈਂਕ ਦੇਵੇਗਾ। ਨਿਊਯਾਰਕ ਟਾਈਮਜ਼ ਦੀ ਰਿਪੋਰਟ ਅਨੁਸਾਰ ਰੂਸ ਨੇ ਮਾਰੂ ਮਿਜ਼ਾਈਲਾਂ ਨਾਲ ਯੂਕਰੇਨ ਦੀ ਵਿਰਾਸਤ ਨੂੰ ਤਬਾਹ ਕਰ ਦਿੱਤਾ ਹੈ। ਨਾਗਰਿਕਾਂ 'ਤੇ ਬੇਰਹਿਮੀ ਨਾਲ ਤਸ਼ੱਦਦ ਕੀਤਾ। ਇਸ ਦੇ ਨਾਲ ਹੀ ਉਸ ਨੇ ਦੇਸ਼ ਦੀਆਂ ਸੱਭਿਆਚਾਰਕ ਸੰਸਥਾਵਾਂ ਨੂੰ ਵੀ ਲੁੱਟਿਆ ਹੈ। ਅੰਤਰਰਾਸ਼ਟਰੀ ਕਲਾ ਮਾਹਿਰਾਂ ਦਾ ਕਹਿਣਾ ਹੈ ਕਿ ਦੂਜੇ ਵਿਸ਼ਵ ਯੁੱਧ ਵਿੱਚ ਹਿਟਲਰ ਦੀ ਨਾਜ਼ੀ ਫੌਜ ਵੱਲੋਂ ਯੂਰਪ ਨੂੰ ਲੁੱਟਣ ਤੋਂ ਬਾਅਦ ਇਹ ਯੂਰਪ ਵਿੱਚ ਕਲਾਕ੍ਰਿਤੀਆਂ ਦੀ ਸਭ ਤੋਂ ਵੱਡਾ ਡਾਕਾ ਹੈ। ਖੇਰਸਨ ਵਿੱਚ, ਰੂਸੀਆਂ ਨੇ 15 ਹਜ਼ਾਰ ਚਿੱਤਰਕਾਰੀ, ਮੂਰਤੀਆਂ ਅਤੇ ਦੁਰਲੱਭ ਸ਼ਿਲਪਕਾਰੀ ਲੁੱਟ ਲਈ। ਪਾਰਕਾਂ ਵਿੱਚੋਂ ਮੂਰਤੀਆਂ ਉਤਾਰ ਦਿੱਤੀਆਂ ਗਈਆਂ ਹਨ।

2300 ਸਾਲ ਪੁਰਾਣੇ ਸਿੰਥੀਅਨ ਰਾਜ ਦੇ ਸੋਨੇ ਦੀਆਂ ਕੀਮਤੀ ਚੀਜ਼ਾਂ ਦਾ ਪਤਾ ਨਹੀਂ ਹੈ। ਯੂਕਰੇਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਰੂਸੀ ਬਲਾਂ ਨੇ ਖੇਰਸਨ, ਮਾਰੀਉਪੋਲ, ਮੇਲੀਟੋਪੋਲ ਸਮੇਤ 30 ਤੋਂ ਵੱਧ ਪ੍ਰਮੁੱਖ ਅਜਾਇਬ ਘਰਾਂ ਤੋਂ ਕਲਾਕ੍ਰਿਤੀਆਂ ਨੂੰ ਚੋਰੀ ਜਾਂ ਨਸ਼ਟ ਕਰ ਦਿੱਤਾ ਹੈ। ਤੇਲ ਚਿੱਤਰ, ਪਿੱਤਲ ਦੇ ਭਾਂਡੇ, ਸਿੱਕੇ, ਗਹਿਣਿਆਂ ਸਮੇਤ ਹੋਰ ਬਹੁਤ ਸਾਰੀਆਂ ਪੁਰਾਣੀਆਂ ਕਲਾਕ੍ਰਿਤੀਆਂ ਗਾਇਬ ਹਨ।

***

## ਪੈਰੋਲ 'ਤੇ ਰਿਹਾਅ ਹੋਣ ਬਾਅਦ

ਕਿਹਾ ਕਿ ਮੈਂ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਤੁਹਾਨੂੰ ਜਲਦੀ ਰਿਹਾਈ ਮਿਲੇ।

ਦਿੱਲੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਸਵਾਤੀ ਮਾਲੀਵਾਲ ਨੇ ਹਰਿਆਣਾ ਸਰਕਾਰ 'ਤੇ ਨਿਸ਼ਾਨਾ ਸਾਧਿਆ ਹੈ। ਸਵਾਤੀ ਮਾਲੀਵਾਲ ਨੇ ਟਵੀਟ ਕੀਤਾ, 'ਬਲਾਤਕਾਰੀ ਅਤੇ ਖ਼ੂਨੀ ਪਾਖੰਡੀ ਰਾਮ ਰਹੀਮ ਦਾ ਤਮਾਸ਼ਾ ਫਿਰ ਤੋਂ ਸ਼ੁਰੂ, ਹਰਿਆਣਾ ਦੇ ਸੀਐਮ ਦੇ ਓਐਸਡੀ ਅਤੇ ਰਾਜ ਸਭਾ ਮੈਂਬਰ ਨਕਲੀ ਬਾਬੇ ਦੇ ਦਰਬਾਰ ਵਿੱਚ ਹਾਜ਼ਰ ਹੋਏ। ਖੱਟਰ ਸਾਹਿਬ, ਸਿਰਫ਼ ਇਹ ਕਹਿ ਕੇ ਕੰਮ ਨਹੀਂ ਚੱਲੇਗਾ ਕਿ ਇਸ ਨਾਲ ਤੁਹਾਡਾ ਕੋਈ ਲੈਣਾ-ਦੇਣਾ ਨਹੀਂ ਹੈ। ਖੁੱਲ੍ਹ ਕੇ ਆਪਣਾ ਸਟੈਂਡ ਦੱਸੋ ਕਿ ਤੁਸੀਂ ਬਲਾਤਕਾਰੀ ਦੇ ਨਾਲ ਹੋ ਜਾਂ ਔਰਤਾਂ ਨਾਲ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com